ਮਾਸਿਕ

# ਗੁਰਮਤਿ ਪ੍ਰਕਾਸ਼


ISSN 2394-8507
ਭੇਟਾ : ₹ ੫/-

ਜਿਲਦ: ੬੮ ਮਾਘ-ਫੱਗਣ ਸੰਮਤ ਨਾਨਕਸ਼ਾਹੀ ੫੫੬ ਫਰਵਰੀ ੨੦੨੫ ਅੰਕ : ੧੧
Vol. : 68 February 2025 Issue : 11

ਵੱਡੇ ਘੱਲੂਘਾਰੇ ਦਾ ਦ੍ਰਿਸ਼



ਸਾਕਾ ਸ੍ਰੀ ਨਨਕਾਣਾ ਸਾਹਿਬ ਦਾ ਦ੍ਰਿਸ਼



ੴ ਸਤਿਗੁਰ ਪ੍ਰਸਾਦਿ॥
ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਮਾਘ-ਫੱਗਣ, ਸੰਮਤ ਨਾਨਕਸ਼ਾਹੀ ੫੫੬ ਫਰਵਰੀ 2025

ਜਿਲਦ ੬੮ (Vol. 68) ਅੰਕ ੧੧ (Issue 11)

*ਸੰਪਾਦਕ*
**ਸਤਵਿੰਦਰ ਸਿੰਘ**
*ਸਹਾਇਕ ਸੰਪਾਦਕ*
**ਬਿਕਰਮਜੀਤ ਸਿੰਘ**

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ 5 | ਸਾਲਾਨਾ | ₹ 1250 |
| ਸਾਲਾਨਾ | ₹ 50 | ਪੰਜ ਸਾਲ | ₹ 5000 |
| ਪੰਜ ਸਾਲ | ₹ 250 | ਲਾਈਫ਼ | ₹ 10000 |
| ਲਾਈਫ਼ | ₹ 500 | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

*Secretary*
*Dharam Parchar Committee*
*(S.G.P.C.)*
*Sri Amritsar-143006*

ਫੋਨ: 0183-2553956-59 ਐਕਸ 304 ਫੈਕਸ: 0183-2553919
website : www.sgpc.net
e-mail :gurmatparkashmonthly@gmail.com,
gyan_gurmat@yahoo.com

ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੭ |
| ਗੁਰੂ ਕਰਤਾ ਹਰਿ ਰਾਇ | -ਬੀਬੀ ਅੰਮ੍ਰਿਤ ਕੌਰ | ੯ |
| ਭਗਤ ਰਵਿਦਾਸ ਜੀ ਦੀ ਬਾਣੀ ਦਾ ਵਿਸ਼ਾ-ਵਸਤੂ | -ਸ. ਸੁਖਦੇਵ ਸਿੰਘ ਸ਼ਾਂਤ | ੧੩ |
| ਇਨਸਾਨੀਅਤ ਦੇ ਪਹਿਰੇਦਾਰ : ਬਾਬਾ ਮੋਤੀ ਰਾਮ ਮਹਿਰਾ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੨੦ |
| ਫਰਵਰੀ ਅਤੇ ਮਾਰਚ ੨੦੨੫ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ | | ੨੪ |
| ਗੁਰਮੁਖ ਅਤੇ ਮਨਮੁਖ ਸੁਭਾਅ ਦੇ ਲੱਛਣ | -ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ | ੨੫ |
| ...ਵੀਰ ਬਾਲ ਦਿਵਸ | -ਡਾ. ਗੁਰਤੇਜ ਸਿੰਘ ਠੀਕਰੀਵਾਲਾ | ੨੭ |
| ਸ੍ਰੀ ਨਨਕਾਣਾ ਸਾਹਿਬ ਦੇ ਪ੍ਰਬੰਧ... | -ਡਾ. ਹਰਪ੍ਰੀਤ ਕੌਰ | ੩੦ |
| ਰਾਜਾ: ਸਰੂਪ ਅਤੇ ਗੁਣ | -ਡਾ. ਪਰਮਵੀਰ ਸਿੰਘ | ੩੫ |
| ਅਕਾਲੀ ਮੋਰਚਿਆਂ ਵਿੱਚੋਂ ਜੈਤੋ ਦੇ ਮੋਰਚੇ ਦਾ ਸਥਾਨ | -ਪ੍ਰੋ. ਹਰਭਿੰਦਰ ਸਿੰਘ | ੪੧ |
| ਸਮਾਧੀ | -ਗਿਆਨੀ ਸੰਤ ਸਿੰਘ ਜੀ ਮਸਕੀਨ | ੫੦ |
| ਗੁਰਬਾਣੀ ਦੀ ਟੀਕਾਕਾਰੀ: ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ | -ਡਾ. ਧਰਮ ਸਿੰਘ | ੫੪ |
| ਸਦਾਚਾਰ | -ਪ੍ਰਿੰ. ਕੁਲਦੀਪ ਸਿੰਘ ਹਉਰਾ | ੫੭ |
| ਸਿੱਖੀ ਵਿਰਸੇ ਨੂੰ ਭੁੱਲੀ ਬੈਠੀ ਭੈਣ ਨੂੰ ਇਕ ਖ਼ਤ | -ਸ. ਜਸਪਾਲ ਸਿੰਘ ਮਿਸ਼ਨਰੀ | ੬੧ |
| ਇਤਿਹਾਸ ਸਿੱਖ ਰਹਿਤ ਮਰਯਾਦਾ... | -ਸ. ਗੁਰਚਰਨਜੀਤ ਸਿੰਘ ਲਾਂਬਾ | ੬੩ |
| ਦੁਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ | -ਡਾ. ਸ਼ਿਆਮ ਸੁੰਦਰ ਦੀਪਤੀ | ੬੯ |
| ਬਾਬਾ ਸ਼ਾਮ ਸਿੰਘ ਸਿੱਧਵਾਂ ਕਲਾਂ | -ਸ. ਜੋਗਿੰਦਰ ਸਿੰਘ 'ਧਾਲੀਵਾਲ' | ੭੨ |
| ਐਚ. ਐਮ. ਪੀ. ਵੀ. ਦੇ ਲੱਛਣ ਤੇ ਬਚਾਅ | -ਡਾ. ਦਲਵਿੰਦਰ ਸਿੰਘ | ੭੫ |
| ਪੁਸਤਕ ਨਸ਼ੇ: ਸਮੱਸਿਆ ਤੇ ਸਮਾਧਾਨ (ਸੰਖੇਪ ਅੰਤਰਝਾਤ) | -ਗਿ. ਸੁਰਿੰਦਰ ਸਿੰਘ ਨਿਮਾਣਾ | ੭੯ |
| ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ : ਮਹੱਤਵਪੂਰਨ ਮਤੇ... | -ਡਾ. ਧਰਮ ਸਿੰਘ | ੮੬ |
| ਰਾਗੁ ਆਸਾ | -ਮਾ. ਬਲਬੀਰ ਸਿੰਘ 'ਹੰਸਪਾਲ' | ੯੦ |
| ਖਬਰਨਾਮਾ | | ੯੨ |

# ਗੁਰਬਾਣੀ ਵਿਚਾਰ

*ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥*
*ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥*
*ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥*
*ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥*
*ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥*
*ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥*
*ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥*
*ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥*
*ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥*
*ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ॥੧੩॥*
*ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ॥*
*ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ॥*
*ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ॥*
*ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ॥*
*ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ॥*
*ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ॥*
*ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥*
*ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥੧੪॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੬)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਰਾਗ ਮਾਂਝ ਦੇ ਬਾਰਹ ਮਾਹਾ ਵਿਚ ਇਸ ਪਦੇ ਰਾਹੀਂ ਫੱਗਣ ਮਹੀਨੇ ਦੀ ਰੁੱਤ ਅਤੇ ਮਾਹੌਲ ਦੇ ਪ੍ਰਥਾਏ ਜੀਵ-ਇਸਤਰੀ ਨੂੰ ਪਰਮਾਤਮਾ ਦੇ ਨਾਮ-ਰੰਗ ’ਚ ਰੰਗੇ ਜਾਣ ਦਾ ਅਧਿਆਤਮਿਕ ਮਾਰਗ ਦਰਸਾਉਂਦੇ ਹਨ।

ਗੁਰੂ ਜੀ ਫੁਰਮਾਨ ਕਰਦੇ ਹਨ ਕਿ ਫੱਗਣ ਮਹੀਨੇ ਵਿਚ ਜਿਹੜੀ ਜੀਵ-ਇਸਤਰੀ ਦੇ ਸਾਹਮਣੇ ਪਰਮਾਤਮਾ ਰੂਪੀ ਪ੍ਰੀਤਮ ਪਿਆਰਾ ਪ੍ਰਤੱਖ ਹੋ ਜਾਂਦਾ ਹੈ, ਉਸ ਨੂੰ ਅਨੰਦ ਹੀ ਅਨੰਦ ਅਨੁਭਵ ਹੁੰਦਾ ਹੈ। ਸੰਤ ਭਾਵ ਪਰਮਾਤਮਾ ਨਾਲ ਇੱਕਮਿੱਕ ਹੋ ਚੁੱਕੇ ਗੁਰਮੁਖ-ਜਨ ਅਰਥਾਤ ਸਤਿਗੁਰੂ ਪਰਮਾਤਮਾ ਦਾ ਮਿਲਾਪ ਕਰਾਉਣ ’ਚ ਮਿਹਰ ਦ੍ਰਿਸ਼ਟੀ ਕਰ ਕੇ ਸਹਾਇਕ ਸਿੱਧ ਹੁੰਦੇ ਹਨ। ਪ੍ਰੀਤਮ ਪਿਆਰਾ ਮਿਲ ਜਾਣ ਕਰਕੇ ਜੀਵ-ਇਸਤਰੀ ਦਾ ਦਿਲ ਸੁੰਦਰ ਸੇਜਾ ਬਣ ਜਾਂਦਾ

ਹੈ। ਉਸ ਦੇ ਹਿਰਦੇ 'ਚ ਸਾਰੇ ਸੁੱਖ ਹਾਸਲ ਹੁੰਦੇ ਹਨ। ਹੁਣ ਦੁੱਖਾਂ ਦੀ ਕੋਈ ਥਾਂ ਹੀ ਨਹੀਂ ਰਹਿ ਜਾਂਦੀ। ਖੁਸ਼ਕਿਸਮਤ ਜੀਵ-ਇਸਤਰੀ ਦੀ ਖਾਹਿਸ਼ ਪੂਰੀ ਹੋ ਜਾਂਦੀ ਹੈ; ਉਸ ਨੂੰ ਪਰਮਾਤਮਾ ਰੂਪੀ ਰਾਜਾ ਪਤੀ ਜੁ ਮਿਲ ਗਿਆ। ਉਹ ਸਤਿਸੰਗੀ ਸਹੇਲੀਆਂ ਨਾਲ ਖੁਸ਼ੀ ਦੇ ਗੀਤ ਗਾਉਂਦੀ ਹੈ। ਉਹ ਪਰਮਾਤਮਾ ਦੀ ਸੱਚੀ ਉਸਤਤੀ ਦਾ ਅਲਾਪ ਕਰਦੀ ਹੈ। ਉਸ ਨੂੰ ਪਰਮਾਤਮਾ ਵਰਗਾ ਹੋਰ ਕੋਈ ਦਿੱਸਦਾ ਹੀ ਨਹੀਂ। ਕੋਈ ਦੂਸਰਾ ਪਰਮਾਤਮਾ ਤੁਲ ਨਜ਼ਰ ਨਹੀਂ ਆਉਂਦਾ। ਵੱਡੇ ਭਾਗਾਂਵਾਲੀ ਜੀਵ-ਇਸਤਰੀ ਦਾ ਇਹ ਲੋਕ ਅਤੇ ਪਰਲੋਕ ਉਸ ਪਿਆਰੇ ਪ੍ਰਭੂ ਨੇ ਸੁਆਰ ਦਿੱਤਾ ਹੈ। ਉਸ ਨੂੰ ਸਦੀਵੀ ਥਾਂ-ਟਿਕਾਣਾ ਪ੍ਰਦਾਨ ਕਰ ਦਿੱਤਾ ਹੈ। ਉਸ ਨੇ ਐਸੀ ਜੀਵ-ਇਸਤਰੀ ਦਾ ਸੰਸਾਰ ਤੋਂ ਪਾਰ-ਉਤਾਰਾ ਕਰ ਦਿੱਤਾ ਭਾਵ ਉਸ ਦੇ ਸਭ ਸੰਸਾਰਕ ਸੰਸੇ ਅਤੇ ਦੁੱਖੜੇ ਖ਼ਤਮ ਹੋ ਗਏ। ਉਹ ਵਾਰ-ਵਾਰ ਜਨਮ ਨਹੀਂ ਲੈਂਦੀ।

ਗੁਰੂ ਜੀ ਕਥਨ ਕਰਦੇ ਹਨ ਕਿ ਭਾਵੇਂ ਮਨੁੱਖ ਦੀ ਇਕ ਹੀ ਜੀਭ ਹੈ ਅਤੇ ਉਸ ਪਰਮਾਤਮਾ ਦੇ ਗੁਣ ਅਨੇਕਾਂ ਹਨ ਪਰੰਤੂ ਇਸ ਨਾਲ ਪਰਮਾਤਮਾ ਦੇ ਗੁਣਾਂ ਦਾ ਹੀ ਗਾਇਨ ਕਰਨਾ ਹੈ। ਹੇ ਨਾਨਕ! ਮਨੁੱਖ ਨੂੰ ਅਧਿਆਤਮਿਕ ਓਟ ਤੱਕਦਿਆਂ ਪਰਮਾਤਮਾ ਦੀ ਚਰਨ-ਸ਼ਰਨ 'ਚ ਆ ਕੇ ਪਾਰ ਉਤਾਰਾ ਮਿਲਦਾ ਹੈ। ਫੱਗਣ ਦੀ ਠੰਡ ਮੁੱਕ ਜਾਣ ਵਾਲੇ ਮਹੀਨੇ ਵਿਚ ਵੱਡੇ ਭਾਗਾਂ ਵਾਲੀ ਜੀਵ-ਇਸਤਰੀ (ਬਾਹਰੀ ਸੰਸਾਰਕ ਰੰਗਾਂ ਨਾਲ ਹੋਲੀ ਖੇਡਣ ਦੀ ਥਾਂ) ਸਦਾ ਪ੍ਰਭੂ ਦੀ ਸਿਫਤ-ਸਾਲਾਹ ਦਾ ਰਸਤਾ ਗੁਰੂ-ਗਿਆਨ ਦੀ ਸੇਧ ਵਿਚ ਅਪਣਾਉਂਦੀ ਹੈ, ਜਿਸ ਪ੍ਰਭੂ ਨੂੰ ਰੰਚਕ-ਮਾਤਰ ਵੀ ਕੋਈ ਲਾਲਚ ਨਹੀਂ। ਅਰਥਾਤ ਸੰਸਾਰ ਸਾਗਰ ਤੋਂ ਪਾਰ-ਉਤਾਰਾ ਸੱਚਾ ਗੁਰੂ ਹੀ ਕਰਵਾ ਸਕਦਾ ਹੈ ਤੇ ਪਰਮਾਤਮਾ ਨਾਲ ਮਿਲਾ ਸਕਦਾ ਹੈ।

ਬਾਰਹ ਮਾਹਾ ਦੇ ਅੰਤਮ ਪਦੇ ਵਿਚ ਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਵੀ ਕਿਸੇ ਇਨਸਾਨ ਨੇ ਪਰਮਾਤਮਾ ਦੇ ਸੱਚੇ ਨਾਮ ਨੂੰ ਯਾਦ ਕੀਤਾ ਉਸੇ ਦੇ ਹੀ ਕੰਮ ਪੂਰੇ ਹੋਏ। ਜਿਸ ਕਿਸੇ ਨੇ ਪੂਰਨ ਗੁਰੂ ਨੂੰ ਚਿਤਵਿਆ ਹੈ, ਉਹ ਪ੍ਰਭੂ-ਦਰਬਾਰ 'ਚ ਸਹੀ-ਸੱਚਾ ਸਿੱਧ ਹੁੰਦਾ ਹੈ। ਪਰਮਾਤਮਾ ਦੇ ਚਰਨ-ਕਮਲਾਂ ਰੂਪੀ ਸਾਰੇ ਸੁਖਾਂ ਦਾ ਖ਼ਜ਼ਾਨਾ ਉਸ ਦੇ ਪਾਸ ਹੁੰਦਾ ਹੈ ਜਿਸ ਕਰਕੇ ਉਹ ਡਰ ਦਾ ਸਮੁੰਦਰ ਤਰ ਜਾਂਦਾ ਹੈ, ਜੋ ਤਰਨਾ ਬੜਾ ਕਠਿਨ ਹੈ। ਅਜਿਹੇ ਮਨੁੱਖਾਂ ਨੇ ਪਿਆਰ-ਭਗਤੀ ਪਾ ਲਈ ਹੁੰਦੀ ਹੈ। ਉਹ ਸੰਸਾਰਕ ਵਿਕਾਰਾਂ ਦੀ ਜ਼ਹਿਰ ਖਾਣਾ ਨਹੀਂ ਸਵੀਕਾਰਦੇ।

ਗੁਰੂ ਜੀ ਕਥਨ ਕਰਦੇ ਹਨ ਕਿ ਵਡਭਾਗੀ ਮਨੁੱਖਾਂ ਤੋਂ ਝੂਠ ਦੂਰ ਦੌੜ ਜਾਂਦਾ ਹੈ। ਉਹ ਮੁਕੰਮਲ ਤੌਰ 'ਤੇ ਸੱਚ 'ਚ ਭਰਪੂਰ ਹੁੰਦੇ ਹਨ। ਉਹ ਕੇਵਲ ਇਕ ਪਰਮਾਤਮਾ ਨੂੰ ਹੀ ਮਨ-ਚਿੱਤ 'ਚ ਰੱਖ ਕੇ ਸਿਮਰਦੇ ਹਨ। ਜਿਸ ਮਨੁੱਖ ਉੱਪਰ ਉਸ ਸੱਚੇ ਸਤਿਗੁਰੂ ਦੀ ਕਿਰਪਾ-ਦ੍ਰਿਸ਼ਟੀ ਹੋ ਜਾਂਦੀ ਹੈ, ਉਸ ਲਈ ਉਸ ਦੇ ਜੀਵਨ-ਕਾਲ ਦੇ ਸਾਰੇ ਮਹੀਨੇ, ਸਾਰੇ ਦਿਨ, ਮਹੂਰਤ ਸ਼ੁਭ ਜਾਂ ਚੰਗੇ ਹਨ। ਹੇ ਨਾਨਕ! ਮੈਂ ਵੀ ਉਸ ਪਰਮਾਤਮਾ ਦਾ ਦਰਸ਼ਨ ਰੂਪੀ ਦਾਨ ਮੰਗਦਾ ਹਾਂ। ਹੇ ਪਰਮਾਤਮਾ! ਆਪ ਜੀ ਮੇਰੇ ਉੱਪਰ ਵੀ ਕਿਰਪਾ ਕਰੋ, ਮੈਨੂੰ ਆਪਣੇ ਦਰਸ਼ਨ ਬਖ਼ਸ਼ ਕੇ ਨਿਵਾਜੋ! ■

ਸੰਪਾਦਕੀ...

# ਫਰਵਰੀ ਮਹੀਨੇ ਦੀ ਸਿੱਖ ਸ਼ਹੀਦੀ ਦਾਸਤਾਨ

*ਸਿੱਖ ਕੌਮ ਨੇ ਸੰਸਾਰ ਦੇ ਇਤਿਹਾਸ ਅੰਦਰ ਅਜਿਹੀਆਂ ਨਵੀਨਤਮ ਤੇ ਵਿਲੱਖਣ ਮਿਸਾਲਾਂ ਕਾਇਮ ਕੀਤੀਆਂ ਹਨ ਜਿਨ੍ਹਾਂ ਸਦਕਾ ਲੋਕਾਈ ਨੂੰ ਹੱਕ, ਸੱਚ ਦੀ ਰਾਖੀ ਕਰਦਿਆਂ ਹੋਇਆਂ ਆਪਣੀ ਧਾਰਮਿਕ ਸੁਤੰਤਰਤਾ ਦਾ ਅਹਿਸਾਸ ਹੋਇਆ। ਸ੍ਰੀ ਗੁਰੂ ਨਾਨਕ ਪਾਤਸ਼ਾਹ ਦੀ ਵਿਚਾਰਧਾਰਾ ਨੇ ਇਹ ਦਰਸਾਇਆ ਕਿ ਜਿਨ੍ਹਾਂ ਕਰਮ-ਕਾਂਡਾਂ ਵਿਚ ਭਾਰਤੀ ਜਨਤਾ ਫਸ ਚੁੱਕੀ ਹੈ, ਉਹ ਅਸਲ ਧਰਮ ਨਹੀਂ ਬਲਕਿ ਅਸਲ ਧਰਮ ਤਾਂ ਉਹ ਹੈ ਜੋ ਬਿਨਾਂ ਕਿਸੇ ਪਖੰਡ ਦੇ ਨਿਰੋਲ ਅਕਾਲ ਪੁਰਖ ਦੀ ਭਗਤੀ ਕਰਦੇ ਹੋਏ ਆਪਣਾ ਅਤੇ ਦੂਸਰਿਆਂ ਦਾ ਭਲਾ ਕਰਦਾ ਹੈ। ਪਰੰਤੂ ਜੇਕਰ ਧਰਮ ਦੀ ਪਗਡੰਡੀ 'ਤੇ ਤੁਰਦਿਆਂ ਹੋਇਆਂ ਵੀ ਮਨੁੱਖ ਨੂੰ ਆਪਣੀ ਹੋਂਦ-ਹਸਤੀ ਦਾ ਅਹਿਸਾਸ ਨਾ ਹੁੰਦਾ ਹੋਵੇ ਤੇ ਉਹ ਦੂਜਿਆਂ ਦੀ ਅਧੀਨਗੀ ਕਬੂਲਦਾ ਹੋਵੇ, ਤਾਂ ਉਸ ਤੋਂ ਸ਼ਰਮਨਾਕ ਤੇ ਮਾੜੀ ਸਥਿਤੀ ਹੋਰ ਕੋਈ ਨਹੀਂ ਹੋ ਸਕਦੀ। ਗੁਰਬਾਣੀ ਦਾ ਫੁਰਮਾਨ ਹੈ:* ***ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥*** *ਅਜਿਹੀ ਜ਼ਿੰਦਗੀ ਜਿਊਣ ਵਾਲੇ ਲੋਕ ਜਿੱਥੇ ਮਾਨਸਿਕ ਗ਼ੁਲਾਮ ਹੁੰਦੇ ਹਨ, ਉੱਥੇ ਇਹ ਜ਼ਿੰਦਗੀ ਨਰਕ ਦੇ ਬਰਾਬਰ ਹੁੰਦੀ ਹੈ। ਅਜਿਹਾ ਹੀ ਹਾਲ ਭਾਰਤੀ ਜਨਤਾ ਦਾ ਹੋਇਆ ਪਿਆ ਸੀ।*

*ਵਿਦੇਸ਼ੀ ਹਮਲਾਵਰ ਹਾਕਮਾਂ ਵੱਲੋਂ ਹਿੰਦੁਸਤਾਨੀ ਕੌਮ ਨੂੰ ਪੈਰਾਂ ਹੇਠ ਰੋਲਣਾ ਆਪਣਾ ਜਨਮ-ਸਿੱਧ ਅਧਿਕਾਰ ਸਮਝਿਆ ਜਾਂਦਾ ਸੀ। ਹਾਲਤ ਇੱਥੋਂ ਤਕ ਪੁੱਜ ਚੁੱਕੀ ਸੀ ਕਿ ਹਿੰਦੁਸਤਾਨੀ ਨਾ ਕੇਸ-ਦਾਹੜੀ ਰੱਖ ਸਕਦੇ ਸਨ ਅਤੇ ਨਾ ਹੀ ਸਿਰ ਉੱਪਰ ਦਸਤਾਰ ਸਜਾ ਸਕਦੇ ਸਨ। ਉਨ੍ਹਾਂ ਨੂੰ ਘੋੜੇ ਦੀ ਸਵਾਰੀ ਵੀ ਮਨ੍ਹਾ ਸੀ। ਇਉਂ ਹੀ ਵਿਦੇਸ਼ੀ ਮੂਲ ਦੇ ਹਾਕਮਾਂ-ਹਮਲਾਵਰਾਂ ਨੇ ਸਾਰੇ ਮੁੱਢਲੇ ਹੱਕ-ਹਕੂਕ ਹਿੰਦੁਸਤਾਨੀ ਕੌਮ ਤੋਂ ਖੋਹ ਲਏ ਹੋਏ ਸਨ। ਅਜਿਹੇ ਹਾਲਾਤਾਂ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸਾਜੇ ਖਾਲਸਾ ਪੰਥ ਨੇ ਹਿੰਦੁਸਤਾਨੀਆਂ ਦੀ ਇਸ ਦੁਰਦਸ਼ਾ ਦੇ ਜ਼ਿੰਮੇਵਾਰ ਹਮਲਾਵਰਾਂ ਨੂੰ ਨੱਕੀ ਚਨੇ ਚਬਵਾਏ ਭਾਵੇਂ ਇਸ ਬਦਲੇ ਸਿੱਖ ਕੌਮ ਨੇ ਆਪਣੇ ਜਾਨੀ-ਮਾਲੀ ਨੁਕਸਾਨ ਨਾਲ ਵੱਡੀਆਂ ਕੀਮਤਾਂ ਚੁਕਾਈਆਂ, ਪਰੰਤੂ* ***ਸਿਰੁ ਦੀਜੈ ਕਾਣਿ ਨ ਕੀਜੈ॥*** *ਦੇ ਮਹਾਂਵਾਕ 'ਤੇ ਪਹਿਰਾ ਦਿੱਤਾ।*

*ਸਿੱਖ ਕੌਮ ਨੇ ਹਿੰਦੁਸਤਾਨ ਦੀ ਸਾਰੀ ਲੋਕਾਈ ਤੋਂ ਖੁੱਸੇ ਹੱਕਾਂ ਦੀ ਮੁੜ-*

*ਸਥਾਪਨਾ ਵਾਸਤੇ ਯਤਨ ਅਰੰਭੇ। ਇਨ੍ਹਾਂ ਯਤਨਾਂ ਦੇ ਪ੍ਰਸੰਗ ਵਿਚ ਹੀ ਸਿੱਖ ਪੰਥ ਨੂੰ ਉੱਤਰ ਗੁਰੂ-ਕਾਲ ਵਿਚ ਘੱਲੂਘਾਰਿਆਂ ਵਿੱਚੋਂ ਲੰਘਣਾ ਪਿਆ। ਅਠਾਰ੍ਹਵੀਂ ਸਦੀ 'ਚ ਮੁਗ਼ਲ ਹਾਕਮਾਂ ਵੱਲੋਂ ਕਾਹਨੂੰਵਾਨ ਦੇ ਛੰਭ ਵਿਚ 'ਛੋਟਾ ਘੱਲੂਘਾਰਾ' ਵਰਤਾਇਆ ਗਿਆ। ਇਸੇ ਸਦੀ ਵਿਚ ਮਲੇਰਕੋਟਲੇ ਦੇ ਨੇੜੇ ਕੁੱਪ ਰਹੀੜਾ ਦੇ ਮੁਕਾਮ 'ਤੇ ਅਫਗਾਨ ਧਾੜਵੀ ਅਹਿਮਦ ਸ਼ਾਹ ਅਬਦਾਲੀ ਵੱਲੋਂ ੫ ਫਰਵਰੀ, ੧੭੬੨ ਈ. ਨੂੰ 'ਵੱਡਾ ਘੱਲੂਘਾਰਾ' ਵਰਤਾਇਆ ਗਿਆ, ਪਰੰਤੂ ਇਤਿਹਾਸ ਗਵਾਹ ਹੈ ਕਿ ਇਸ ਘੱਲੂਘਾਰੇ ਦੇ ਕੁਝ ਹੀ ਵਰ੍ਹਿਆਂ ਮਗਰੋਂ ਸਿੱਖਾਂ ਨੇ ਅਬਦਾਲੀ ਦਾ ਨਾ ਕੇਵਲ ਹਿੰਦੁਸਤਾਨ ਵਿਚ ਦਾਖ਼ਲਾ ਪੱਕੇ ਤੌਰ 'ਤੇ ਰੋਕ ਦਿੱਤਾ ਸਗੋਂ ਸਰਦਾਰ ਚੜ੍ਹਤ ਸਿੰਘ ਦੇ ਪੋਤਰੇ ਮਹਾਂਬਲੀ ਮਹਾਰਾਜਾ ਰਣਜੀਤ ਸਿੰਘ ਨੇ ਅਫਗਾਨਾਂ ਨੂੰ ਹਮਲਿਆਂ ਦਾ ਸਵਾਦ ਵੀ ਵਿਖਾਇਆ। ਇਵੇਂ ਸਹੀ ਅਰਥਾਂ ਵਿਚ ਦੇਸ਼-ਕੌਮ ਦੀ ਸਦੀਆਂ ਤੋਂ ਖੁੱਸੀ ਆਨ-ਬਾਨ-ਸ਼ਾਨ ਨੂੰ ਬਹਾਲ ਕੀਤਾ। ਇਹ ਵੀ ਚੇਤੇ ਰਹੇ ਕਿ ਮਹਾਰਾਜਾ ਰਣਜੀਤ ਸਿੰਘ ਨੇ ਜਿਹੜਾ ਖਾਲਸਈ ਰਾਜ ਸਥਾਪਿਤ ਕੀਤਾ, ਉਸ ਵਿਚ ਹਿੰਦੂ, ਸਿੱਖ, ਮੁਸਲਮਾਨ ਸਾਰੇ ਸੁਖੀ ਤੇ ਖੁਸ਼ਹਾਲ ਵੱਸਦੇ ਰਹੇ, ਕਿਸੇ ਨਾਲ ਵੀ ਮਜ਼ਹਬ ਦੇ ਆਧਾਰ 'ਤੇ ਕੋਈ ਵਿਤਕਰਾ ਨਾ ਕੀਤਾ ਗਿਆ। ਮਹਾਰਾਜੇ ਦੇ ਜੀਂਦੇ-ਜੀਅ ਅੰਗਰੇਜ਼ੀ ਹਕੂਮਤ ਵੀ ਖਾਲਸਈ ਰਾਜ ਵੱਲ ਕੈਰੀ ਅੱਖ ਨਾਲ ਵੇਖ ਨਾ ਸਕੀ ਭਾਵੇਂ ਇਹ ਪੰਜਾਬ ਨੂੰ ਹੜੱਪਣ ਦੇ ਮੰਦ-ਇਰਾਦੇ ਅੰਦਰ ਹੀ ਅੰਦਰ ਪਾਲ ਰਹੀ ਸੀ। ਸਿੱਖਾਂ ਵਿਚ ਪੰਜਾਬ ਦੇ ਅੰਗਰੇਜ਼ੀ ਸਾਮਰਾਜ ਦੇ ਅਧੀਨ ਹੁੰਦੇ ਹੀ ਅੰਗਰੇਜ਼ਾਂ ਨੇ ਸਿੱਖਾਂ ਦੇ ਪਾਵਨ-ਪਵਿੱਤਰ ਗੁਰਦੁਆਰਾ ਸਾਹਿਬਾਨ ਵਿਚ ਮਹੰਤੀ ਪ੍ਰਬੰਧ ਨੂੰ ਗੁਰਦੁਆਰਾ ਸਾਹਿਬਾਨ ਵਿਚ ਵਾੜ ਕੇ ਇਨ੍ਹਾਂ ਦੀ ਪਵਿੱਤਰਤਾ ਨੂੰ ਭੰਗ ਕਰਨ ਦੀਆਂ ਕੋਝੀਆਂ ਚਾਲਾਂ ਚੱਲੀਆਂ, ਜਿਸ ਤਹਿਤ ਅਨੇਕਾਂ ਸਾਕੇ ਜਿਨ੍ਹਾਂ ਵਿਚ ਫਰਵਰੀ, ੧੯੨੧ ਈ. ਵਿਚ ਸਾਕਾ ਨਨਕਾਣਾ ਸਾਹਿਬ ਅਤੇ ਫਰਵਰੀ, ੧੯੨੪ ਈ. ਵਿਚ ਜੈਤੋ ਦਾ ਮੋਰਚਾ ਵੀ ਸ਼ਹੀਦੀ ਦਾਸਤਾਨ ਬਿਆਨ ਕਰਦੇ ਹਨ। ਇਸ ਸੰਘਰਸ਼ ਦੇ ਦੌਰ ਵਿਚ ਅਨੇਕਾਂ ਗੁਰੂ ਕੇ ਸਿੰਘਾਂ ਨੇ ਆਪਣੀਆਂ ਜਾਨਾਂ ਵਾਰ ਕੇ ਜਿੱਥੇ ਪੂਰੇ ਭਾਰਤ ਦੀ ਇੱਜ਼ਤ ਨੂੰ ਰੁਲਣੋਂ ਬਚਾਇਆ, ਉੱਥੇ ਆਪਣੇ ਦੇਸ਼-ਕੌਮ ਤੇ ਪੰਥ ਨੂੰ ਵੀ ਸੁਰੱਖਿਅਤ ਰੱਖਿਆ।*

*ਅਜਿਹੀਆਂ ਦਾਸਤਾਨਾਂ ਨਾਲ ਭਰੇ ਸਾਡੇ ਸਿੱਖ ਇਤਿਹਾਸ 'ਤੇ ਸਾਨੂੰ ਜਿੰਨਾ ਵੀ ਮਾਣ ਹੋਵੇ ਉਨਾ ਹੀ ਥੋੜਾ ਹੈ। ਸਾਨੂੰ ਆਪਣੇ ਪੁਰਖਿਆਂ ਦੀਆਂ ਕੀਤੀਆਂ ਇਨ੍ਹਾਂ ਅਨੇਕਾਂ ਕੁਰਬਾਨੀਆਂ ਨੂੰ ਭੁਲਾਉਣਾ ਨਹੀਂ ਚਾਹੀਦਾ, ਬਲਕਿ ਆਪਣੇ ਇਸ ਕੁਰਬਾਨੀਆਂ ਭਰੇ ਲਾਸਾਨੀ ਇਤਿਹਾਸ ਤੋਂ ਸੇਧ ਲੈਂਦੇ ਹੋਏ ਸਿੱਖ ਪੰਥ ਦੀ ਚੜ੍ਹਦੀ ਕਲਾ ਵਾਸਤੇ ਇੱਕ ਜੁਟ ਹੋ ਕੇ ਯਤਨ ਕਰਨੇ ਚਾਹੀਦੇ ਹਨ।*

# ਗੁਰੂ ਕਰਤਾ ਹਰਿ ਰਾਇ

*-ਬੀਬੀ ਅੰਮ੍ਰਿਤ ਕੌਰ**

ਰੱਬੀ ਰਹਿਮਤਾਂ ਦੇ ਭੰਡਾਰ, ਮਿੱਠ-ਬੋਲੜੇ, ਪਰਉਪਕਾਰੀ, ਸੱਚ ਦੇ ਧਾਰਨੀ, ਪਾਤਸ਼ਾਹ ਵੀ ਤੇ ਦਰਵੇਸ਼ ਵੀ, ਨਿਆਸਰਿਆਂ ਦੇ ਆਸਰਾ ਤੇ ਸਹਾਰਾ ਦੇਣ ਵਾਲੀ ਸ਼ਖ਼ਸੀਅਤ ਦੇ ਮਾਲਕ ਧੰਨ ਗੁਰੂ ਹਰਿਰਾਇ ਸਾਹਿਬ ਜੀ ਦਾ ਪ੍ਰਕਾਸ਼ ਕੀਰਤਪੁਰ ਸਾਹਿਬ ਵਿਖੇ ਸੰਨ ੧੬੩੦ ਈ. ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਦੇ ਗ੍ਰਿਹਿ ਮਾਤਾ ਨਿਹਾਲ ਕੌਰ ਦੀ ਕੁੱਖੋਂ ਹੋਇਆ।

ਆਪ ਜੀ ਬਚਪਨ ਤੋਂ ਹੀ ਪ੍ਰੇਮ ਦੀ ਮੂਰਤ ਤੇ ਕੋਮਲ ਹਿਰਦੇ ਵਾਲੇ ਸਨ। ਦਾਦਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਆਪਣੇ ਪੋਤੇ ਨੂੰ ਹਰ ਸਮੇਂ ਆਪਣੇ ਨਾਲ ਰੱਖਦੇ। ਆਪ ਹੀ ਪੜ੍ਹਾਉਂਦੇ, ਸ਼ਸਤ੍ਰ ਵਿੱਦਿਆ ਸਿਖਾਉਂਦੇ ਤੇ ਘੋੜ-ਸਵਾਰੀ ਵੀ ਕਰਾਉਂਦੇ। ਸਤਿਸੰਗ ਕਰਨ ਸਮੇਂ ਵੀ ਕੀਰਤਨ, ਵਾਰਾਂ ਗਾਉਣ ਤੇ ਕਥਾ ਕਰਨ ਸਮੇਂ ਵੀ ਆਪ ਨਾਲ ਹੀ ਬੈਠਦੇ ਤੇ ਬੜੇ ਪਿਆਰ ਤੇ ਲਗਨ ਨਾਲ ਸੁਣਦੇ। ਸ੍ਰੀ (ਗੁਰੂ) ਹਰਿਰਾਇ ਜੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹਰ ਬਚਨ 'ਤੇ ਅਮਲ ਕਰਦੇ, ਜਿਵੇਂ- ਚੋਗੇ ਨਾਲ ਫੁੱਲ ਟੁੱਟਣ ਸਮੇਂ 'ਦਾਮਨ ਸੰਕੋਚ ਚੱਲੋ' ਹੁਕਮ ਤੇ ਸਾਰੀ ਉਮਰ ਹੀ ਅਮਲ ਕੀਤਾ। ਸੇਵਾ ਤੇ ਸਿਮਰਨ ਵਿਚ ਵੀ ਹਰ ਵੇਲੇ ਜੁਟੇ ਰਹਿੰਦੇ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਅੰਤਲੇ ਸਮੇਂ ਨਿਮਰਤਾ ਦੇ ਪੁੰਜ ਸ੍ਰੀ (ਗੁਰੂ) ਹਰਿਰਾਇ ਸਾਹਿਬ ਜੀ ਨੂੰ ਗੁਰਿਆਈ ਦਾ ਵਾਰਸ ਬਣਾਇਆ ਤੇ ਆਪਣੇ ਸਿੱਖਾਂ ਨੂੰ ਬੱਚਿਆਂ ਤੇ ਸੇਵਕਾਂ ਨੂੰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਆਗਿਆ-ਪਾਲਣ ਦਾ ਹੁਕਮ ਦਿੱਤਾ:

ਦਾਦੇ ਗੁਰੂ ਵਾਲੀ ਸ਼ਕਤੀ, ਭਗਤੀ, ਗਿਆਨ ਤੇ ਪਵਿੱਤਰਤਾ ਵਾਲੇ ਮੁਖ ਤੋਂ ਜਦੋਂ ਸੰਗਤ ਬਚਨ-ਉਪਦੇਸ਼ ਸੁਣਦੀ ਤਾਂ ਗਦ-ਗਦ ਹੋ ਉਠਦੀ।

ਗੁਰੂ ਜੀ ਨੇ ਲੋਕਾਈ ਦੀ ਭਲਾਈ ਲਈ ਅਨੇਕਾਂ ਕਾਰਜ ਕੀਤੇ ਅਤੇ ਉਪਦੇਸ਼ ਦਿੱਤੇ ਜਿਵੇਂ ਕਿ:

- ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰੋ ਤੇ ਨਾਮ ਜਪੋ।
- ਗੁਰਬਾਣੀ ਦਾ ਪੂਰਾ ਸਤਿਕਾਰ ਕਰੋ। "ਗੁਰਬਾਣੀ ਇਸੁ ਜਗ ਮਹਿ ਚਾਨਣੁ" ਹੈ।
- ਬਾਣੀ ਅੰਮ੍ਰਿਤ ਭਰਪੂਰ ਹੈ, ਇਸ ਨੂੰ ਪੜ੍ਹਿਆਂ ਸੁਰਤਿ ਉੱਚੀ ਹੁੰਦੀ ਹੈ ਤੇ

** #੬੫੮/੧੦ ਗਲੀ ਨੰ. ੨੧, ਪੰਜਾਬ ਮਾਤਾ ਨਗਰ, ਲੁਧਿਆਣਾ-੧੪੧੦੧੩। ਮੋ. ੯੮੮੮੧-੮੯੬੨੨*

ਹਉਮੈਂ ਦੂਰ ਹੁੰਦੀ ਹੈ

• ਜੋ ਮਨੁੱਖ ਰੋਜ਼ਾਨਾ ਪ੍ਰੇਮ ਤੇ ਸ਼ਰਧਾ ਨਾਲ ਗੁਰਬਾਣੀ ਦਾ ਪਾਠ ਕਰਦੇ ਹਨ ਉਨ੍ਹਾਂ ਵਿਚ ਬਾਣੀ ਸਮਾਅ ਜਾਂਦੀ ਹੈ ਤੇ ਬਿਪਤਾ ਸਮੇਂ ਸਹਾਰਾ ਬਣ ਜਾਂਦੀ ਹੈ।

• 'ਜੇਤਾ ਅਦਬ ਕਰੀਏ, ਉਹ ਥੋੜਾ ਹੈ। ਇਹ ਨਿੱਜ ਸਰੂਪ ਹੈ। ਇਸ ਨੂੰ ਜਾਣਨ ਵਾਲਾ ਮੇਰੇ ਪਦ ਕੋ ਪ੍ਰਾਪਤ ਹੋਵੇਗਾ। *(ਮਹਿਮਾ ਪ੍ਰਕਾਸ਼)*

• ਮੱਤ ਉੱਚੀ ਰਖੋ। ਪਰਮਾਤਮਾ ਹੀ ਸਤਿ ਅਤੇ ਅਨੰਦ ਸਰੂਪ ਹੈ।

• ਸੰਸਾਰ ਪਾਰ ਕਰਨ ਦਾ ਜਹਾਜ਼ ਸਾਧ-ਸੰਗਤ ਹੈ।

• ਨਾਮ ਜਪਣਾ ਵੱਡਾ ਕਰਮ ਹੈ।

• ਸੁੱਚੀ ਕਿਰਤ ਰੱਖੋ। ਨਿੱਕੀ ਨਿੱਕੀ ਗੱਲ 'ਤੇ ਝਗੜੇ ਨਹੀਂ ਪਾਉਣੇ।

• ਮੰਦਾ ਕਿਸੇ ਨੂੰ ਨਾ ਆਖੋ।

• ਮਾਂ-ਬਾਪ ਦੀ ਸੇਵਾ ਵੀ ਭਗਤੀ ਹੈ।

• ਮਨੁੱਖਾ ਦੇਹ ਦੁਰਲੱਭ ਹੈ, ਵਿਸ਼ੇ-ਵਿਕਾਰ ਵਿਚ ਪੈ ਕੇ ਜੀਵਨ ਦੀ ਬਾਜ਼ੀ ਨਾ ਹਾਰੋ।

• ਕਿਰਤ ਵਿੱਚੋਂ ਦਸਵੰਧ ਦੇਣ 'ਤੇ ਘਰ ਵਿਚ ਸੁਖ ਆਉਂਦਾ ਹੈ

• ਹਾਕਮ ਬਣ ਕਿਸੇ 'ਤੇ ਰੋਅਬ ਨਾ ਪਾਓ।

• ਰਾਜ ਦੀ ਜੜ੍ਹ ਪਰਜਾ ਹੈ। ਪਰਜਾ ਨੂੰ ਦੁਖੀ ਰੱਖਣਾ ਜੜ੍ਹ 'ਤੇ ਕੁਹਾੜਾ ਮਾਰਨ ਵਾਂਗ ਹੈ।

• ਪਾਪਾਂ ਦਾ ਮੂਲ ਲੋਭ ਹੈ, ਲੋਭ ਦਾ ਮੂਲ ਕੂੜ।

• ਕਦੇ ਪੂਜਾ ਦਾ ਧਾਨ ਨਹੀਂ ਖਾਣਾ। ਕਿਰਤ ਕਰ ਕੇ ਖਾਣਾ ਤੇ ਖਵਾਉਣਾ ਹੈ।

• ਲੋੜਵੰਦ ਦੀ ਲੋੜ ਨੂੰ ਆਪਣੀ ਲੋੜ ਵਾਂਗ ਜਾਣਨਾ ਸਿੱਖੀ ਹੈ।

• ਗੁਰੂ ਦੀ ਖੁਸ਼ੀ ਉਸੇ 'ਤੇ ਹੈ ਜੋ ਸਮੇਂ ਘੁਥਿਓਂ ਆਏ ਅਤਿਥੀ ਨੂੰ ਪਿਆਰ ਨਾਲ ਪਰਸ਼ਾਦਾ ਛਕਾਉਂਦਾ ਹੈ।

• ਅੰਗ ਭੰਗ ਨੂੰ ਖਵਾਲਣਾ ਨੇਕ ਕਰਮ ਹੈ।

• ਕੇਸ ਨਹੀਂ ਕਟਣੇ।

• ਤਮਾਕੂ ਦਾ ਸੇਵਨ ਨਹੀਂ ਕਰਨਾ।

• ਟੋਪੀ ਕਦੇ ਨਾ ਪਹਿਨਣੀ।

• ਯਾਤਰਾ ਕਰਨ ਵੇਲੇ ਨਾਮ ਜਪੋ, ਕੀਰਤਨ ਕਰੋ। ਹਾਸਾ-ਠੱਠਾ ਨਹੀਂ ਕਰਨਾ, ਗਰਜ਼ ਰੱਖ ਕੇ ਨਹੀਂ- ਨਿਮਰਤਾ ਰੱਖ ਟੁਰਨਾ ਹੈ, ਲੰਗਰ ਪੰਗਤ ਵਿਚ ਛਕਣਾ ਹੈ। ਨਾਮ ਜਪਦਿਆਂ ਸੇਵਾ ਵਿਚ ਹੱਥ ਸਫਲ ਕਰਨੇ ਹਨ।

• ਸਿੱਖ ਦੇ ਗੁਜ਼ਰਨ 'ਤੇ ਕਦੇ ਨਹੀਂ ਕਹਿਣਾ ਕਿ ਉਸ ਦੀ ਮੌਤ ਹੋਈ ਹੈ ਇਹ ਕਹਿਣਾ ਹੈ ਕਿ ਅਕਾਲ ਪਾਸ ਗਿਆ ਹੈ- ਅਕਾਲ ਚਲਾਣਾ ਕੀਤਾ ਹੈ।

**ਕਾਰਜ:-** ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਫੁਰਮਾਨ ਅਨੁਸਾਰ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ੨੨੦੦ ਘੋੜ-ਸਵਾਰ ਹਰ ਵੇਲੇ ਤਿਆਰ ਰੱਖੇ। ਸੈਨਿਕਾਂ ਤੇ ਘੋੜਿਆਂ-ਯੁੱਧਾਂ ਦਾ ਅਭਿਆਸ ਆਪ ਹੀ ਕਰਾਉਂਦੇ। ਉਨ੍ਹਾਂ ਦੀ ਚੰਗੀ ਖੁਰਾਕ ਤੇ ਸਿਹਤ ਦਾ ਪੂਰਾ ਖਿਆਲ ਰੱਖਦੇ।

• ਤੀਜੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਚੱਲ ਰਹੀ ਲੰਗਰ ਦੀ ਰਵਾਇਤ ਨੂੰ ਜਾਰੀ ਰੱਖਿਆ।

• ਲੰਗਰ ਵਰਤਾਉਣ ਵੇਲੇ ਨਗਾਰਾ ਵਜਾਉਣ ਦੀ ਪ੍ਰੰਪਰਾ ਜਾਰੀ ਕੀਤੀ।

• ਮਾਲਵੇ ਵਿਚ ਕਾਲ ਪੈਣ 'ਤੇ ਸੰਗਤ ਨੂੰ ਘਰ-ਘਰ ਲੰਗਰ ਲਗਾਉਣ ਦਾ ਹੁਕਮ ਜਾਰੀ ਕੀਤਾ।

• ਅਨੇਕਾਂ ਹੀ ਖੂਹ-ਸਰੋਵਰ ਤੇ ਤਲਾਬ ਆਪ ਜੀ ਨੇ ਲਗਵਾਏ ਤਾਂ ਕਿ ਪਾਣੀ ਦੀ ਔੜ ਖਤਮ ਹੋਵੇ।

• ਕੀਰਤਪੁਰ ਸਾਹਿਬ ਵਿਚ ਇਕ ਬਹੁਤ ਵੱਡਾ ਦਵਾਖਾਨਾ-ਸ਼ਫਾਖਾਨਾ ਖੋਲਿਆ ਜਿਸ ਵਿਚ ਪ੍ਰਸਿੱਧ ਵੈਦ ਤੇ ਹਕੀਮ ਰੱਖੇ ਤੇ ਕੀਮਤੀ-ਦੁਰਲੱਭ ਦਵਾਈਆਂ ਵੀ ਰੱਖੀਆਂ। ਦਾਰਾ ਸ਼ਿਕੋਹ ਪੁੱਤਰ ਸ਼ਾਹਜਹਾਨ ਦੀ ਸਖ਼ਤ ਬੀਮਾਰੀ ਦੇ ਇਲਾਜ ਲਈ ਇੱਥੋਂ ਹੀ ਦਵਾਈਆਂ ਭੇਜੀਆਂ ਗਈਆਂ ਜਿਸ ਨਾਲ ਉਹ ਅਰੋਗ ਹੋਇਆ।

• ਹੋਰ ਨਗਰਾਂ-ਪਿੰਡਾਂ ਵਿਚ ਵੀ ਦਵਾਖ਼ਾਨੇ ਕਾਇਮ ਕੀਤੇ। ਆਪ ਵੀ ਰੋਗੀਆਂ ਨੂੰ ਦਵਾਈਆਂ ਦਿੰਦੇ।

• ਸ਼ਿਕਾਰ ਦੇ ਸ਼ੌਕੀਨ ਗੁਰੂ ਜੀ ਨੇ ਇੱਕ ਰੱਖ (ਚਿੜੀਆ-ਘਰ) ਬਣਾਈ ਜਿਸ ਵਿਚ ਪਸ਼ੂ-ਪੰਛੀ ਅਜ਼ਾਦੀ ਨਾਲ ਰਹਿੰਦੇ ਤੇ ਇੱਕੋ ਘਾਟ 'ਤੇ ਪਾਣੀ ਪੀਂਦੇ। ਉਨ੍ਹਾਂ ਦਾ ਹੁਕਮ ਸੀ ਕਿ ਜ਼ਿੰਦਾ ਸ਼ਿਕਾਰ ਫੜਨ ਦੀ ਕੋਸ਼ਿਸ਼ ਕੀਤੀ ਜਾਏ।

• ਕੁਦਰਤ ਦੀ ਸੁੰਦਰਤਾ ਦੇ ਪਿਆਰੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਵੱਖ-ਵੱਖ ਥਾਵਾਂ 'ਤੇ ਬਵਿੰਜਾ ਤੋਂ ਵਧੇਰੇ ਬਾਗ਼ ਲਗਵਾਏ। ਦੂਰੋਂ ਦੂਰੋਂ ਕੀਮਤੀ ਬੀਜ ਮੰਗਵਾ ਕੇ ਲਗਵਾਂਦੇ ਤੇ ਮਾਲੀਆਂ ਨੂੰ ਉਨ੍ਹਾਂ ਦੀ ਚੰਗੀ ਕਾਰ-ਗੁਜ਼ਾਰੀ ਲਈ ਇਨਾਮ ਵੀ ਦਿੰਦੇ।

• ਪ੍ਰਸਿੱਧ ਤੇ ਸੱਚੇ ਸਿੱਖਾਂ 'ਤੇ ਬਖਸ਼ਿਸ਼ ਕਰ ਕੇ ਥਾਂ-ਥਾਂ 'ਤੇ ਉਨ੍ਹਾਂ ਨੂੰ ਪ੍ਰਚਾਰਕ ਥਾਪਿਆ, ਜਿਸ ਨਾਲ ਸਾਰੇ ਹਿੰਦੁਸਤਾਨ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਸ਼ੇ ਦਾ ਪ੍ਰਚਾਰ ਹੋ ਸਕਿਆ। ਭਾਈ ਤ੍ਰਿਲੋਕਾ ਜੀ ਦੇ ਭਤੀਜੇ ਫੂਲ ਉੱਪਰ ਬਖਸ਼ਿਸ਼ਾਂ ਕੀਤੀਆਂ।

• ਗੁਰੂ ਜੀ ਨੇ ਆਪਣੇ ਜੀਵਨ-ਕਾਲ ਵਿਚ ਕਈ ਯਾਤਰਾਵਾਂ ਕੀਤੀਆਂ। ਸਾਰੇ ਗੁਰਧਾਮਾਂ ਦੇ ਦਰਸ਼ਨ ਕੀਤੇ। ਯਾਤਰਾ ਕਰਨ ਦੇ ਅਸੂਲ ਦ੍ਰਿੜ੍ਹ ਕਰਾਏ। ਆਪ ਵੀ ਉਨ੍ਹਾਂ 'ਤੇ ਅਮਲ ਕੀਤਾ।

• ਮਾਲਵਾ-ਦੁਆਬਾ ਤੇ ਮਾਝਾ ਭਾਵ ਜਿੱਥੇ ਵੀ ਗੁਰੂ ਜੀ ਨੇ ਚਰਨ ਪਾਏ ਧਰਮਸਾਲਾਂ ਕਾਇਮ ਕੀਤੀਆਂ। ਇਲਾਕਿਆਂ ਦੀ ਲੋੜ ਅਨੁਸਾਰ ਖੂਹ ਲਗਵਾਏ, ਦਵਾਖਾਨੇ ਖੋਲੇ। ਕਥਾ-ਕੀਰਤਨ ਨਾਲ ਲੋਕਾਂ ਨੂੰ ਵਹਿਮਾਂ-ਭਰਮਾਂ ਵਿੱਚੋਂ ਕੱਢਿਆ।

• ਮਾਖੋਵਾਲ ਦੇ ਨੇੜ੍ਹੇ ਇਕ ਹੋਰ ਕਿਲ੍ਹਾ ਬਣਵਾਇਆ, ਬੁੰਗਾ ਸਾਹਿਬ ਦੀ ਉਸਾਰੀ ਮੁਕੰਮਲ ਕੀਤੀ। ਘੋੜਿਆਂ ਲਈ ਵੱਡਾ ਅਸਤਬਲ-ਤਲਾਬ ਬਣਵਾਇਆ।

• ਕਸ਼ਮੀਰ ਵਿਚ ਵੀ ਗੁਰੂ ਜੀ ਨੇ ਖੂਹ ਲਗਵਾਏ।

• ਜਲੰਧਰ ਵੱਲ ਕਰਤਾਰਪੁਰ ਪੁੱਜ ਕੇ ਆਦਿ ਬੀੜ ਦੇ ਦਰਸ਼ਨ ਕੀਤੇ। ਸਿੱਖ ਸੰਗਤ ਨੂੰ ਹੋਰ ਬੀੜਾਂ ਤਿਆਰ ਕਰਨ ਦੀ ਆਗਿਆ ਦਿੱਤੀ।

• ਜਦੋਂ ਔਰੰਗਜ਼ੇਬ ਨੇ ਚਿੱਠੀ ਲਿਖ ਦਰਸ਼ਨਾਂ ਦੀ ਇੱਛਾ ਪ੍ਰਗਟਾਈ ਤਾਂ ਆਪ ਜੀ ਨੇ ਨਿਡਰ ਹੋ ਉਸ ਨੂੰ ਮੋੜਵਾਂ ਉੱਤਰ ਦਿੱਤਾ ਕਿ ਅਸਾਂ ਕੁਝ ਨਾ ਲੈਣਾ ਹੈ ਤੇ ਨਾ ਦੇਣਾ। ਜੋ ਆਪਣੇ ਭਰਾਵਾਂ, ਪਿਤਾ, ਸੰਤ ਮਹਾਤਮਾਂ, ਫਕੀਰਾਂ ਆਦਿ ਦਾ ਸਤਿਕਾਰ ਨਹੀਂ ਕਰਦਾ ਬਲਕਿ ਤਸੀਹੇ ਦਿੰਦਾ ਹੈ, ਅਸੀਂ ਦਰਸ਼ਨ ਨਹੀਂ ਦੇਣੇ।

• ਪੁੱਤਰ ਜਦ ਰਾਮਰਾਇ ਨੇ ਖੁਸ਼ਾਮਦ ਵਿਚ ਆ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਤੁਕ ਦਾ ਇਕ ਸ਼ਬਦ ਬਦਲਿਆ ਤਾਂ ਆਪ ਸਹਾਰ ਨਾ ਸਕੇ-ਸਗੋਂ ਪੁੱਤਰ ਨੂੰ ਹੀ ਤਿਆਗ ਦਿੱਤਾ।

• ਪਖੰਡੀਆਂ-ਦੰਭੀਆਂ ਦੇ ਪਾਜ ਖੋਲ੍ਹੇ। ਪੰਥ ਦੋਖੀਆਂ ਦੀਆਂ ਕੁਚਾਲਾਂ ਤੋਂ ਪੰਥ ਨੂੰ ਸੁਚੇਤ ਕੀਤਾ ਤੇ ਸਿੱਖੀ ਦ੍ਰਿੜ੍ਹ ਕਰਾਈ।

ਅੰਤਲੇ ਸਮੇਂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣੇ ਛੋਟੇ ਸਪੁੱਤਰ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਸੌਂਪੀ ਤੇ ਸੰਗਤ ਨੂੰ ਹੁਕਮ ਕੀਤਾ ਜੋ ਸ਼ਰਧਾ ਨਾਲ ਇਨ੍ਹਾਂ ਦੇ ਲੜ ਲੱਗੇਗਾ ਉਸ ਨੂੰ ਸਭ ਫ਼ਲ ਪ੍ਰਾਪਤ ਹੋਣਗੇ। ■

## ਪਾਠਕ ਧਿਆਨ ਦੇਣ

ਸਮੂਹ ਸੰਗਤ ਨੂੰ ਸਤਿਕਾਰ ਸਹਿਤ ਬੇਨਤੀ ਹੈ ਕਿ ਗੁਰਮਤਿ ਪ੍ਰਕਾਸ਼ ਮੈਗਜ਼ੀਨ ਵਿਚ ਧਾਰਮਿਕ ਸਮੱਗਰੀ ਅਤੇ ਗਤੀਵਿਧੀਆਂ ਛਾਪੀਆਂ ਜਾਂਦੀਆਂ ਹਨ। ਇਸ ਲਈ ਹਰੇਕ ਪਾਠਕ ਲਈ ਇਸ ਮੈਗਜ਼ੀਨ ਨੂੰ ਪੂਰਨ ਸਤਿਕਾਰਤ ਰੂਪ ਵਿਚ ਸੰਭਾਲਣਾ ਜ਼ਰੂਰੀ ਹੈ। ਇਸ ਨੂੰ ਪੜ੍ਹ ਕੇ ਏਧਰ-ਓਧਰ ਸੁੱਟਣ ਦੀ ਬਜਾਇ ਕਿਸੇ ਹੋਰ ਧਾਰਮਿਕ ਰੁਚੀ ਵਾਲੇ ਪਾਠਕ ਨੂੰ ਦੇ ਦਿਓ ਜਾਂ ਆਪਣੇ ਨੇੜੇ ਦੀ ਕਿਸੇ ਲਾਇਬ੍ਰੇਰੀ ਵਿਚ ਜਮ੍ਹਾਂ ਕਰਵਾ ਦਿਓ ਜੀ। ਜਾਣੇ-ਅਣਜਾਣੇ ਇਸ ਧਾਰਮਿਕ ਰਸਾਲੇ ਨੂੰ ਰੱਦੀ ਵਿਚ ਦੇ ਕੇ ਬੇਅਦਬੀ ਨਾ ਕਰੋ ਜੀ।

-ਸੰਪਾਦਕ

# ਭਗਤ ਰਵਿਦਾਸ ਜੀ ਦੀ ਬਾਣੀ ਦਾ ਵਿਸ਼ਾ-ਵਸਤੂ

*-ਸ. ਸੁਖਦੇਵ ਸਿੰਘ ਸ਼ਾਂਤ**

## (੧) ਭਗਤੀ ਦਾ ਸਿਧਾਂਤ

ਭਗਤ ਰਵਿਦਾਸ ਜੀ ਦੀ ਬਾਣੀ ਚਾਲ੍ਹੀ ਸ਼ਬਦਾਂ ਦੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਹੈ ਅਤੇ ਇਹ ਵੱਖ-ਵੱਖ ਸੋਲ੍ਹਾਂ ਰਾਗਾਂ ਵਿਚ ਦਰਜ ਹੈ। ਇਸ ਪਵਿੱਤਰ ਬਾਣੀ ਦਾ ਪਾਠ ਕਰਦਿਆਂ ਸੁਤੇ-ਸਿਧ ਪੜ੍ਹਨ ਵਾਲੇ ਨੂੰ ਇਹ ਪਤਾ ਚੱਲ ਜਾਂਦਾ ਹੈ ਕਿ ਇਸ ਵਿਚ ਪ੍ਰੇਮ, ਵੈਰਾਗ ਅਤੇ ਨਿਮਰਤਾ ਦਾ ਅਗੰਮੀ ਪ੍ਰਵਾਹ ਹੈ। ਅਕਾਲ ਪੁਰਖ ਵਾਸਤੇ ਮੁੱਖ ਰੂਪ ਵਿਚ ਭਗਤ ਰਵਿਦਾਸ ਜੀ ਨੇ ਮਾਧੋ, ਰਾਮ, ਆਦਿ ਸ਼ਬਦਾਂ ਦੀ ਵਰਤੋਂ ਕੀਤੀ ਹੈ।

ਆਪ ਜੀ ਦੀ ਬਾਣੀ ਵਿਚ ਸਭ ਤੋਂ ਵੱਧ ਉੱਘੜਵੀਂ ਗੱਲ ਇਹ ਹੈ ਕਿ ਆਪ ਆਪਣੀ ਅਤੇ ਪਰਮਾਤਮਾ ਦੀ ਤੁਲਨਾ ਬਹੁਤ ਸਾਰੇ ਅਲੰਕਾਰਾਂ ਜਾਂ ਦ੍ਰਿਸ਼ਟਾਂਤਾਂ ਨਾਲ ਕਰਦੇ ਹਨ। ਤੁਲਨਾ ਕਰਦਿਆਂ ਆਪ ਜੀ ਦੀ ਨਿਮਰਤਾ ਅਤੇ ਪ੍ਰੇਮ ਦੀ ਤੜਪ ਬਹੁਤ ਹੀ ਡੂੰਘੀ ਅਤੇ ਖਿੱਚ ਭਰੀ ਹੈ। ਆਪ ਫੁਰਮਾਉਂਦੇ ਹਨ:

*ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥*
*ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ॥੧॥...*
*ਤੁਮ ਮਖਤੂਲ ਸੁਪੇਦ ਸਪੀਅਲ ਹਮ ਬਪੁਰੇ ਜਸ ਕੀਰਾ॥*
*ਸਤਸੰਗਤਿ ਮਿਲਿ ਰਹੀਐ ਮਾਧਉ ਜੈਸੇ ਮਧੁਪ ਮਖੀਰਾ॥੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੬)*

(ਆਪ ਕਹਿੰਦੇ ਹਨ: ਹੇ ਪਰਮਾਤਮਾ! ਤੁਸੀਂ ਚੰਦਨ ਹੋ, ਤੁਸੀਂ ਸਾਫ਼ ਅਤੇ ਸੁੰਦਰ ਹੋ, ਰੇਸ਼ਮ ਹੋ। ਪਰ ਮੈਂ ਅਰਿੰਡ ਅਤੇ ਰੇਸ਼ਮ ਦੇ ਕੀੜੇ ਦੇ ਸਮਾਨ ਹਾਂ। ਮੈਂ ਤਾਂ ਮੱਖੀਆਂ ਵਾਂਗ ਸ਼ਹਿਦ ਰੂਪੀ ਸਤਸੰਗਤਿ ਨਾਲ ਚਿੰਬੜਿਆ ਹੋਇਆ ਹਾਂ।)

ਇਸੇ ਤਰ੍ਹਾਂ ਰਾਗ ਸੋਰਠਿ ਵਿਚ ਆਪ ਫੁਰਮਾਉਂਦੇ ਹਨ:

*ਜਉ ਤੁਮ ਗਿਰਿਵਰ ਤਉ ਹਮ ਮੋਰਾ॥*
*ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ॥੧॥...*
*ਜਉ ਤੁਮ ਦੀਵਰਾ ਤਉ ਹਮ ਬਾਤੀ॥*
*ਜਉ ਤੁਮ ਤੀਰਥ ਤਉ ਹਮ ਜਾਤੀ॥੨॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੮)*

(ਹੇ ਪਰਮਾਤਮਾ, ਤੁਸੀਂ ਪਹਾੜ ਹੋ ਅਤੇ ਮੈਂ ਮੋਰ, ਤੁਸੀਂ ਚੰਦਰਮਾ ਹੋ ਅਤੇ ਮੈਂ ਚਕੋਰ।

*#8562, Charlotte Court, Avon- 46123, Indiana (U.S.A.) Ph. 001-317-406-0002

ਤੁਸੀਂ ਦੀਵੇ ਹੋ ਅਤੇ ਇਸ ਦੀ ਮੈਂ ਬੱਤੀ ਹਾਂ। ਤੁਸੀਂ ਤੀਰਥ ਹੋ ਅਤੇ ਮੈਂ ਇਕ ਯਾਤਰੂ।)

ਸ਼ਾਬਦਿਕ ਅਰਥਾਂ ਵਿਚ ਇਹ ਗੱਲਾਂ ਬਹੁਤ ਸਰਲ ਜਾਪਦੀਆਂ ਹਨ ਪਰ ਅਧਿਆਤਮਿਕ ਅਰਥਾਂ ਵਿਚ ਇਹ ਗੱਲਾਂ ਡੂੰਘੇ ਸਮੁੰਦਰ ਦੀ ਨਿਆਈਂ ਹਨ। ਚੰਦ ਅਤੇ ਚਕੋਰ ਦੇ ਸੰਬੰਧ ਨੂੰ ਦੇਖੋ। ਇਸ ਸੰਬੰਧ ਵਿਚ ਕਿੰਨੀ ਖਿੱਚ ਅਤੇ ਕਿੰਨੀ ਤੜਪ ਹੈ। ਦੀਵੇ ਅਤੇ ਬੱਤੀ ਦੇ ਸੰਬੰਧ ਨੂੰ ਦੇਖੋ। ਇਹ ਸੰਬੰਧ ਕਿੰਨਾ ਅਟੁੱਟ ਹੈ। ਤੀਰਥ ਅਤੇ ਯਾਤਰੂ ਦਾ ਸੰਬੰਧ ਕਿੰਨਾ ਡੂੰਘਾ ਅਤੇ ਨਿੱਘਾ ਹੈ। ਆਪਣੇ ਆਪ ਨੂੰ ਚੰਦਨ ਦੇ ਮੁਕਾਬਲੇ ਅਰਿੰਡ ਕਹਿਣਾ ਅਤੇ ਰੇਸ਼ਮ ਦੇ ਮੁਕਾਬਲੇ ਕੀੜਾ ਕਹਿਣਾ ਕੋਈ ਸਾਧਾਰਨ ਗੱਲ ਨਹੀਂ ਹੈ। ਇਹ ਗੱਲਾਂ ਤਾਂ ਕੋਈ ਭਗਤੀ ਤੇ ਵੈਰਾਗ ਵਿਚ ਭਿੱਜਿਆ ਹੋਇਆ ਮਹਾਂਪੁਰਸ਼ ਹੀ ਕਹਿ ਸਕਦਾ ਹੈ। ਇਸ ਤੋਂ ਬਿਨਾਂ ਇਨ੍ਹਾਂ ਸ਼ਬਦਾਂ ਵਿਚ ਭਰਿਆ ਹੋਇਆ ਗਿਆਨ ਅਤੇ ਇਨ੍ਹਾਂ ਸ਼ਬਦਾਂ ਦੀ ਸਾਹਿਤਕ ਡੂੰਘਾਈ ਨੂੰ ਵੇਖ ਕੇ ਸਿਰ ਆਪਣੇ ਆਪ ਭਗਤ ਜੀ ਦੀ ਭਗਤੀ ਅਤੇ ਨਾਲ-ਨਾਲ ਵਿਦਵਤਾ ਅੱਗੇ ਵੀ ਝੁਕ ਜਾਂਦਾ ਹੈ।

ਪਰਮਾਤਮਾ ਦੀ ਭਗਤੀ ਪ੍ਰਤੀ ਭਗਤ ਰਵਿਦਾਸ ਜੀ ਦੀ ਸ਼ਰਧਾ ਪੂਜਣ-ਯੋਗ ਹੈ। ਆਪ ਨੂੰ ਇਸ ਗੱਲ ਦਾ ਪੂਰਾ-ਪੂਰਾ ਅਹਿਸਾਸ ਹੈ ਕਿ ਮਨੁੱਖ ਦੀ ਵਡਿਆਈ ਉਸ ਦੀ ਜਾਤ ਜਾਂ ਪਦਵੀ ਕਰਕੇ ਨਹੀਂ ਹੈ। ਰਾਗ ਬਿਲਾਵਲ ਦੇ ਇਕ ਸ਼ਬਦ ਵਿਚ ਆਪ ਦੱਸਦੇ ਹਨ ਕਿ ਮਨੁਖ ਭਾਵੇਂ ਬ੍ਰਾਹਮਣ, ਵੈਸ਼, ਸ਼ੂਦਰ, ਖੱਤਰੀ, ਡੂੰਮ, ਚੰਡਾਲ, ਮਲੇਛ ਆਦਿ ਕਿਸੇ ਵੀ ਸਮਾਜਿਕ ਤੌਰ 'ਤੇ ਮੰਨੀ ਜਾਂਦੀ ਅਖੌਤੀ ਜਾਤੀ ਵਿੱਚੋਂ ਹੋਵੇ, ਉਹ ਪਰਮਾਤਮਾ ਦੀ ਭਗਤੀ ਕਰਕੇ ਆਪ ਵੀ ਤਰ ਸਕਦਾ ਹੈ ਅਤੇ ਆਪਣੀ ਕੁਲ ਨੂੰ ਵੀ ਤਾਰ ਸਕਦਾ ਹੈ। ਆਪਣੀ ਇਸ ਗੱਲ ਦੀ ਪੁਸ਼ਟੀ ਲਈ ਆਪ ਆਪਣੀ ਬਾਣੀ ਵਿਚ ਬਾਲਮੀਕ, ਅਜਾਮਲ, ਪਿੰਗੁਲਾ (ਇਕ ਵੇਸਵਾ), ਲੁਭਤੁ, (ਲੋਦੀਆ ਨਾਮੀ ਸ਼ਿਕਾਰੀ), ਕੁੰਚਰ [(ਹਾਥੀ) ਰਿਸ਼ੀ ਦੁਆਰਾ ਸਰਾਪਿਆ ਗੰਧਰਵ] ਦੀਆਂ ਮਿਸਾਲਾਂ ਦਿੰਦੇ ਹਨ। ਇਸ ਤੋਂ ਆਪ ਇਹ ਸਿੱਟਾ ਕੱਢਦੇ ਹਨ ਕਿ ਨੀਵੇਂ ਤੋਂ ਨੀਵਾਂ ਅਤੇ ਘਟੀਆ ਤੋਂ ਘਟੀਆ ਸਮਝਿਆ ਜਾਂਦਾ ਮਨੁੱਖ ਵੀ ਭਗਤੀ ਦੇ ਆਸਰੇ ਬਹੁਤ ਉੱਚਾ ਹੋ ਜਾਂਦਾ ਹੈ। ਇਸ ਤੋਂ ਇਲਾਵਾ ਆਪ ਪ੍ਰਸਿੱਧ ਭਗਤ ਸਾਹਿਬਾਨ (ਭਗਤ ਨਾਮਦੇਵ ਜੀ, ਭਗਤ ਕਬੀਰ ਜੀ, ਭਗਤ ਤਿਲੋਚਨ ਜੀ, ਭਗਤ ਸਧਨਾ ਜੀ ਅਤੇ ਭਗਤ ਸੈਨ ਜੀ) ਦੀਆਂ ਵੀ ਉਦਾਹਰਨਾਂ ਦਿੰਦੇ ਹਨ। ਉਹ ਆਪਣੀ ਖ਼ੁਦ ਦੀ ਮਿਸਾਲ ਵੀ ਕਈ ਥਾਂ ਦਿੰਦੇ ਹਨ।

ਪਰਮਾਤਮਾ ਦੀ ਭਗਤੀ ਦੀ ਮਹਿਮਾ ਲਈ ਭਗਤ ਰਵਿਦਾਸ ਜੀ ਆਲੇ-ਦੁਆਲੇ ਵਿੱਚੋਂ ਕੁਝ ਮਿਸਾਲਾਂ ਵੀ ਦਿੰਦੇ ਹਨ। ਆਪ ਦੱਸਦੇ ਹਨ ਕਿ ਸੁਰਾ (ਸ਼ਰਾਬ) ਇਕ ਅਪਵਿੱਤਰ ਵਸਤੂ ਹੈ ਪਰ ਗੰਗਾ ਵਿਚ ਮਿਲ ਕੇ ਇਹ ਵੀ ਪਵਿੱਤਰ ਹੋ ਜਾਂਦੀ ਹੈ। ਤਾੜ ਦੇ ਰੁੱਖ ਨੂੰ ਅਪਵਿੱਤਰ ਮੰਨਿਆ ਜਾਂਦਾ ਹੈ ਪਰ ਜਦੋਂ ਉਸ ਦਾ ਕਾਗ਼ਜ਼ ਬਣਾ ਕੇ ਉਸ 'ਤੇ ਬਾਣੀ ਲਿਖੀ ਜਾਂਦੀ ਹੈ ਤਾਂ ਉਹ ਵੀ ਪਵਿੱਤਰ ਹੋ ਜਾਂਦਾ ਹੈ।

ਪਰਮਾਤਮਾ ਦੀ ਭਗਤੀ ਕਿਸ ਢੰਗ ਨਾਲ ਕੀਤੀ ਜਾਵੇ? ਇਸ ਪ੍ਰਸ਼ਨ ਦਾ

ਉੱਤਰ ਵੀ ਭਗਤ ਰਵਿਦਾਸ ਜੀ ਦੀ ਬਾਣੀ ਵਿਚ ਬੜੇ ਸਪੱਸ਼ਟ ਰੂਪ ਵਿਚ ਮਿਲਦਾ ਹੈ। ਕਰਮ-ਕਾਂਡ ਦੀ ਮਹੱਤਤਾ ਭਗਤੀ ਦੇ ਰਸਤੇ ਵਿਚ ਕਿਸੇ ਮੁੱਢਲੀ ਪੱਧਰ 'ਤੇ ਤਾਂ ਕੁਝ ਹੋ ਸਕਦੀ ਹੈ ਪਰ ਜਦੋਂ ਗਿਆਨ ਹੋ ਜਾਵੇ ਤਾਂ ਕਰਮ-ਅਭਿਆਸ ਦੀ ਲੋੜ ਨਹੀਂ ਰਹਿੰਦੀ। ਜਿਵੇਂ ਫੁੱਲ, ਫਲ ਲੱਗਣ ਦੀ ਖ਼ਾਤਰ ਫਲਦੇ ਹਨ ਪਰ ਜਦੋਂ ਫਲ ਲੱਗ ਜਾਂਦਾ ਹੈ ਤਾਂ ਫੁੱਲ ਨਹੀਂ ਰਹਿੰਦੇ। ਸਿਆਣੀ ਇਸਤਰੀ ਘਿਓ ਦੀ ਪ੍ਰਾਪਤੀ ਲਈ ਦੁੱਧ ਤੋਂ ਦਹੀਂ ਬਣਾ ਕੇ ਰਿੜਕਦੀ ਹੈ ਪਰ ਘਿਓ ਮਿਲਣ 'ਤੇ ਰਿੜਕਣਾ ਬੰਦ ਹੋ ਜਾਂਦਾ ਹੈ। ਇਨ੍ਹਾਂ ਦਲੀਲਾਂ ਰਾਹੀਂ ਭਗਤ ਰਵਿਦਾਸ ਜੀ ਸਾਨੂੰ ਇਹ ਸਮਝਾਉਂਦੇ ਹਨ ਕਿ ਕਰਮ-ਅਭਿਆਸ ਇਕ-ਸਾਧਨ ਹੈ, ਮੰਜ਼ਲ ਨਹੀਂ। ਆਪ ਇਹ ਵੀ ਦਲੀਲ ਦਿੰਦੇ ਹਨ ਕਿ ਦੁੱਧ ਵੱਛੇ ਨੇ ਜੂਠਾ ਕਰ ਦਿੱਤਾ ਹੈ। ਫੁੱਲ ਭੌਰੇ ਨੇ ਅਤੇ ਪਾਣੀ ਨੂੰ ਮੱਛੀ ਨੇ ਵਿਗਾੜ ਦਿੱਤਾ ਹੈ। ਚੰਦਨ ਨੂੰ ਜ਼ਹਿਰੀਲੇ ਸੱਪਾਂ ਨੇ ਵਲਿਆ ਹੋਇਆ ਹੈ ਅਤੇ ਅੰਮ੍ਰਿਤ ਜ਼ਹਿਰ ਦੇ ਨਾਲ ਹੀ ਸਮੁੰਦਰ ਵਿਚ ਰਹਿੰਦਾ ਹੈ। ਇਸ ਲਈ ਉਹ ਪਰਮਾਤਮਾ ਦੀ ਪੂਜਾ ਕਿਵੇਂ ਕਰਨ? ਫਿਰ ਉਹ ਆਪ ਹੀ ਇਸ ਸਮੱਸਿਆ ਦਾ ਹੱਲ ਦੱਸਦੇ ਹਨ:

*ਤਨੁ ਮਨੁ ਅਰਪਉ ਪੂਜ ਚਰਾਵਉ॥ ਗੁਰ ਪਰਸਾਦਿ ਨਿਰੰਜਨੁ ਪਾਵਉ॥੪॥*
*ਪੂਜਾ ਅਰਚਾ ਆਹਿ ਨ ਤੋਰੀ॥ ਕਹਿ ਰਵਿਦਾਸ ਕਵਨ ਗਤਿ ਮੋਰੀ॥੫॥੧॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੨੫)*

ਇਸ ਤਰ੍ਹਾਂ ਆਪ ਸਿੱਟਾ ਕੱਢਦੇ ਹਨ:

*ਗਿਆਨੈ ਕਾਰਨ ਕਰਮ ਅਭਿਆਸੁ॥ ਗਿਆਨੁ ਭਇਆ ਤਹ ਕਰਮਹ ਨਾਸੁ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੭)*

ਕਰਮ-ਅਭਿਆਸ ਦੀ ਲੋੜ ਗਿਆਨ ਪ੍ਰਾਪਤ ਕਰਨ ਲਈ ਹੈ, ਭਾਵ ਕਰਮ-ਅਭਿਆਸ ਇਕ ਸਾਧਨ ਹੈ ਅਤੇ ਗਿਆਨ ਇਕ ਮੰਜ਼ਲ। ਜਦੋਂ ਗਿਆਨ ਪ੍ਰਾਪਤ ਹੋ ਜਾਵੇ ਤਾਂ ਫਿਰ ਕਰਮ-ਅਭਿਆਸ ਦੀ ਲੋੜ ਨਹੀਂ ਰਹਿੰਦੀ।

ਭਗਤੀ ਵਿਚ ਆਰਤੀ ਦਾ ਬੜਾ ਮਹੱਤਵ ਹੈ। ਪੂਜਾ ਦਾ ਇਹ ਇਕ ਅਹਿਮ ਤਰੀਕਾ ਹੈ। ਆਪ ਦੱਸਦੇ ਹਨ ਕਿ ਆਰਤੀ, ਆਸਨ, ਉਰਸਾ, ਕੇਸਰ, ਅੰਭੁਲਾ (ਪਾਣੀ), ਚੰਦਨ, ਦੀਵਾ, ਬੱਤੀ, ਤੇਲ, ਧਾਗਾ, ਮਾਲਾ ਆਦਿ ਸਭ ਕੁਝ ਉਸ ਵਾਹਿਗੁਰੂ ਦਾ ਨਾਮ ਹੀ ਹੋਣਾ ਚਾਹੀਦਾ ਹੈ। ਜੇ ਇਨ੍ਹਾਂ ਸਾਰੀਆਂ ਪੂਜਾ ਦੀਆਂ ਚੀਜ਼ਾਂ ਦੀ ਥਾਂ ਪਰਮਾਤਮਾ ਦਾ ਨਾਮ ਹੀ ਲੈ ਲਵੋ ਤਾਂ ਅਸਲ ਆਰਤੀ ਹੋ ਜਾਂਦੀ ਹੈ।

ਭਗਤੀ ਅਤੇ ਹਉਮੈਂ ਇਕੱਠੀਆਂ ਨਹੀਂ ਰਹਿ ਸਕਦੀਆਂ। ਇਸੇ ਲਈ ਆਪ ਜੀ ਦੀ ਬਾਣੀ ਨਿਮਰਤਾ ਨਾਲ ਭਰਪੂਰ ਹੈ। ਆਪ ਆਪਣੇ ਆਪ ਨੂੰ ਬਹੁਤ ਹੀ ਦੀਨ ਅਤੇ ਅਕਾਲ ਪੁਰਖ ਨੂੰ ਬਹੁਤ ਹੀ ਦਿਆਲੂ ਦੱਸਦੇ ਹਨ। ਆਪ ਜੀ ਦਾ ਫ਼ੁਰਮਾਨ ਹੈ:

*ਹਮ ਸਰਿ ਦੀਨੁ ਦਇਆਲੁ ਨ ਤੁਮ ਸਰਿ ਅਬ ਪਤੀਆਰੁ ਕਿਆ ਕੀਜੈ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੯੪)*

ਭਗਤੀ ਕਰਦਿਆਂ ਆਪਣੇ ਆਪ ਨੂੰ ਅਤਿ ਨੀਵਾਂ ਸਮਝਣਾ ਬੇਹੱਦ ਜ਼ਰੂਰੀ ਹੈ। ਜਾਤ, ਜਨਮ, ਅਹੁਦੇ, ਆਦਿ ਦਾ ਮਾਣ ਮਨ ਵਿਚ ਰੱਖ ਕੇ ਭਗਤੀ ਨਹੀਂ ਹੋ ਸਕਦੀ। ਰਾਮਕਲੀ ਰਾਗ ਵਿਚ ਭਗਤ ਰਵਿਦਾਸ ਜੀ ਨੇ ਕਿੰਨਾ ਸੁੰਦਰ ਲਿਖਿਆ ਹੈ:

*ਹਮ ਬਡ ਕਬਿ ਕੁਲੀਨ ਹਮ ਪੰਡਿਤ ਹਮ ਜੋਗੀ ਸੰਨਿਆਸੀ॥*
*ਗਿਆਨੀ ਗੁਨੀ ਸੂਰ ਹਮ ਦਾਤੇ ਇਹ ਬੁਧਿ ਕਬਹਿ ਨ ਨਾਸੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੭੪)*

ਭਗਤੀ ਕਰਦਿਆਂ ਇਹ ਭਾਵਨਾ ਰਹਿਣੀ ਕਿ ਅਸੀਂ ਉੱਚੇ ਹਾਂ, ਤਿਆਗੀ ਹਾਂ, ਗੁਣੀ-ਗਿਆਨੀ ਹਾਂ, ਬਹਾਦਰ ਹਾਂ, ਦਾਨੀ ਹਾਂ, ਠੀਕ ਨਹੀਂ ਹੈ। ਭਗਤੀ ਕਰਨ ਨਾਲ ਤਾਂ ਇਹ ਭਾਵਨਾ ਬਿਲਕੁਲ ਹੀ ਨੱਸ ਜਾਣੀ ਚਾਹੀਦੀ ਹੈ।

ਇਹ ਕਿਹਾ ਜਾ ਸਕਦਾ ਹੈ ਕਿ ਭਗਤ ਰਵਿਦਾਸ ਜੀ ਦੀ ਬਾਣੀ ਵਿਚ ਭਗਤੀ ਦੇ ਸਿਧਾਂਤ ਨੂੰ ਹਰ ਪੱਖ ਤੋਂ ਵਿਚਾਰਿਆ ਗਿਆ ਹੈ। ਭਗਤੀ ਕੀ ਹੈ, ਇਸ ਦੇ ਢੰਗ ਅਤੇ ਇਹ ਕਿਹੋ ਜਿਹੀ ਹੋਣੀ ਚਾਹੀਦੀ ਹੈ, ਦੱਸਦੇ ਹੋਏ ਭਗਤ ਰਵਿਦਾਸ ਜੀ ਆਪਣੇ ਹਰ ਸ਼ਬਦ ਵਿਚ ਭਗਤੀ ਦੀ ਮਹਿਮਾ ਗਾਉਂਦੇ ਹੋਏ ਨਜ਼ਰ ਆਉਂਦੇ ਹਨ।

**(੨) ਬਿਰਹਾ ਦਾ ਸੰਕਲਪ**

ਬਿਰਹਾ ਨੂੰ ਵਿਯੋਗ, ਵਿਛੋੜਾ, ਤੜਪ ਅਤੇ ਵੈਰਾਗ ਆਦਿ ਸ਼ਬਦਾਂ ਨਾਲ ਵੀ ਦਰਸਾਇਆ ਜਾਂਦਾ ਹੈ। ਇਹ ਸ਼ਬਦ ਦੁਨਿਆਵੀ ਅਤੇ ਅਧਿਆਤਮਿਕ ਕਾਵਿ-ਧਾਰਾ ਦੇ ਪ੍ਰਮੁੱਖ ਅੰਗ ਹਨ। ਭਗਤ ਸ਼ੇਖ ਫਰੀਦ ਜੀ ਨੇ ਬਿਰਹਾ ਨੂੰ 'ਸੁਲਤਾਨ' ਦਾ ਦਰਜਾ ਦਿੱਤਾ ਹੈ। ਆਪ ਜੀ ਇੱਥੋਂ ਤਕ ਕਹਿੰਦੇ ਹਨ ਕਿ ਜਿਸ ਤਨ ਵਿਚ ਬਿਰਹਾ ਨਹੀਂ, ਉਹ ਤਨ ਲਾਸ਼ ਦੇ ਬਰਾਬਰ ਹੈ।

ਭਗਤ ਰਵਿਦਾਸ ਜੀ ਦੀ ਬਾਣੀ ਵਿਚ ਬਿਰਹਾ ਦਾ ਵਿਸ਼ਾ ਬਹੁਤ ਹੀ ਉੱਘੜਵੇਂ ਅਤੇ ਪ੍ਰਬਲ ਰੂਪ ਵਿਚ ਮਿਲਦਾ ਹੈ। ਅਧਿਆਤਮਿਕ ਪ੍ਰਸੰਗ ਵਿਚ ਪਰਮਾਤਮਾ ਅਤੇ ਆਤਮਾ ਦਾ ਵਿਛੋੜਾ ਕੁਝ ਮਹੀਨਿਆਂ ਜਾਂ ਸਾਲਾਂ ਨਾਲ ਸੰਬੰਧਿਤ ਨਹੀਂ ਹੈ। ਭਗਤ ਰਵਿਦਾਸ ਜੀ ਇਸ ਵਿਛੋੜੇ ਨੂੰ ਬਹੁਤ ਜਨਮਾਂ ਦੇ ਵਿਛੋੜੇ ਦੇ ਰੂਪ ਵਿਚ ਬਿਆਨ ਕਰਦੇ ਹਨ। ਅਜਿਹੇ ਲੰਮੇ ਵਿਛੋੜੇ ਦੇ ਦਰਦ ਦਾ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ। ਆਪ ਜੀ ਦਾ ਫੁਰਮਾਨ ਹੈ:

*ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮੁ ਤੁਮ੍ਹਾਰੇ ਲੇਖੇ॥*
*ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੯੪)*

ਪਰਮਾਤਮਾ ਦੇ ਦਰਸ਼ਨ ਕਰਨ ਲਈ ਭਗਤ ਰਵਿਦਾਸ ਜੀ ਸਾਰਾ ਮਨੁੱਖਾ ਜਨਮ ਅਰਪਿਤ ਕਰਨ ਲਈ ਤਿਆਰ ਹਨ। ਉਹ ਤਾਂ ਇਸ ਜਨਮ ਨੂੰ ਜੀਅ ਹੀ ਇਸ ਆਸ ਨਾਲ ਰਹੇ ਹਨ ਕਿ ਪਰਮਾਤਮਾ ਦੇ ਦਰਸ਼ਨ ਹੋਣਗੇ। ਆਪਣੇ ਪਿਆਰੇ

ਪ੍ਰਭੂ ਨੂੰ 'ਮਾਧਉ' ਸ਼ਬਦ ਨਾਲ ਸਿੱਧਾ ਸੰਬੋਧਨ ਕਰ ਕੇ ਆਪ ਜੀ ਕਿੰਨੇ ਦਰਦ ਭਰੇ ਸ਼ਬਦ ਕਹਿ ਰਹੇ ਹਨ। ਵਿਛੋੜੇ ਦਾ ਇਹ ਦਰਦ ਉਹੀ ਸਮਝ ਸਕਦਾ ਹੈ ਜਿਸ ਦੇ ਪਾਸ ਬਿਰਹਾ ਦਾ ਧਨ ਹੈ। ਜਿਸ ਦੇ ਦਿਲ ਵਿਚ ਵਿਛੋੜੇ ਦੀ ਤੜਪ ਕਦੇ ਆਈ ਹੀ ਨਹੀਂ, ਉਹ ਬਿਰਹਾ ਦੇ ਦਰਦ ਨੂੰ ਨਹੀਂ ਸਮਝ ਸਕਦਾ। ਆਪ ਫੁਰਮਾਉਂਦੇ ਹਨ:

*ਸੋ ਕਤ ਜਾਨੈ ਪੀਰ ਪਰਾਈ॥ ਜਾ ਕੈ ਅੰਤਰਿ ਦਰਦੁ ਨ ਪਾਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੯੩)*

ਦੁਹਾਗਣ ਅਤੇ ਸੁਹਾਗਣ ਦੀਆਂ ਉਦਾਹਰਨਾਂ ਦੇ ਕੇ ਭਗਤ ਰਵਿਦਾਸ ਜੀ ਸਮਝਾਉਂਦੇ ਹਨ ਕਿ ਦੁਹਾਗਣ ਦਾ ਦੁੱਖ ਦੁਹਾਗਣ ਹੀ ਮਹਿਸੂਸ ਕਰ ਸਕਦੀ ਹੈ। ਇਸੇ ਤਰ੍ਹਾਂ ਸੁਹਾਗਣ ਦਾ ਸੁਖ ਬੜਾ ਅਨੰਦਮਈ ਹੁੰਦਾ ਹੈ। ਮਿਲਾਪ ਦੇ ਸੁਖ ਦਾ ਅਹਿਸਾਸ ਅਸਲ ਵਿਚ ਉਹੀ ਕਰ ਸਕਦਾ ਹੈ ਜਿਸ ਦੇ ਅੰਦਰ ਵਿਛੋੜੇ ਦੇ ਦੁਖ ਦਾ ਅਹਿਸਾਸ ਹੈ। ਵਿਛੋੜੇ ਦੇ ਦਰਦ ਨੂੰ ਪ੍ਰਗਟਾਉਣ ਲਈ ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਵਿਚ ਮੱਛੀ ਅਤੇ ਪਾਣੀ ਦੇ ਵਿਛੋੜੇ ਦੀ ਬਹੁਤ ਹੀ ਸੁੰਦਰ ਅਤੇ ਡੂੰਘੀ ਮਿਸਾਲ ਦਿੱਤੀ ਹੈ।

ਮੱਛੀ ਨੂੰ ਪਕੜ ਕੇ ਕੱਟਿਆ ਜਾਂਦਾ ਹੈ। ਟੁਕੜੇ-ਟੁਕੜੇ ਕਰ ਕੇ ਰਿੰਨ੍ਹਿਆ ਜਾਂਦਾ ਹੈ। ਫਿਰ ਖਾਣ ਵਾਲੇ ਉਸ ਨੂੰ ਤੋੜ-ਤੋੜ ਕੇ ਖਾਂਦੇ ਹਨ। ਇਹ ਇਕ ਅਚਰਜ ਕੌਤਕ ਹੈ ਕਿ ਖਾਣ ਵਾਲਿਆਂ ਦੇ ਪੇਟ ਅੰਦਰ ਜਾ ਕੇ ਵੀ ਮੱਛੀ ਬਾਰ ਬਾਰ ਪਾਣੀ ਮੰਗਦੀ ਹੈ। ਮੱਛੀ ਖਾਣ ਵਾਲਿਆਂ ਨੂੰ ਮੱਛੀ ਖਾ ਕੇ ਆਮ ਨਾਲੋਂ ਕਿਤੇ ਵੱਧ ਪਿਆਸ ਲੱਗਦੀ ਹੈ ਅਤੇ ਬਾਰ-ਬਾਰ ਪਾਣੀ ਪੀਂਦੇ ਹਨ ਆਪ ਜੀ ਦਾ ਫੁਰਮਾਨ ਹੈ:

*ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ॥*
*ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ॥੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੮)*

ਮੱਛੀ ਅਤੇ ਪਾਣੀ ਦੇ ਵਿਛੋੜੇ ਦੀ ਮਿਸਾਲ ਦੇਣ ਤੋਂ ਇਲਾਵਾ ਭਗਤ ਰਵਿਦਾਸ ਜੀ ਨੇ ਚੰਦ-ਚਕੋਰ, ਦੀਵਾ-ਬੱਤੀ, ਤੀਰਥ-ਯਾਤਰੀ ਦੀਆਂ ਮਿਸਾਲਾਂ ਵੀ ਪੇਸ਼ ਕੀਤੀਆਂ ਹਨ। ਜਿੱਥੇ ਇਕ ਪਾਸੇ ਇਹ ਮਿਲਾਪ ਦੇ ਅਨੰਦ ਨੂੰ ਦਰਸਾਉਣ ਵਾਲੀਆਂ ਹਨ, ਉੱਥੇ ਦੂਜੇ ਪਾਸੇ ਇਹੀ ਉਦਾਹਰਨਾਂ ਬਿਰਹਾ ਦੇ ਦਰਦ ਨੂੰ ਵੀ ਪ੍ਰਗਟਾਉਂਦੀਆਂ।

ਰਾਗ ਗਉੜੀ ਵਿਚ ਭਗਤ ਰਵਿਦਾਸ ਜੀ ਬਿਰਹਾ ਦੀ ਤੜਪ ਵਿਚ ਵਿਆਕੁਲ ਹੋ ਕੇ ਪਰਮਾਤਮਾ ਅੱਗੇ ਜੋਦੜੀ ਕਰਦੇ ਹਨ:

*ਰਾਮ ਗੁਸਈਆ ਜੀਅ ਕੇ ਜੀਵਨਾ॥*
*ਮੋਹਿ ਨ ਬਿਸਾਰਹੁ ਮੈ ਜਨੁ ਤੇਰਾ॥੧॥ਰਹਾਉ॥*
*ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ॥*
*ਚਰਣ ਨ ਛਾਡਉ ਸਰੀਰ ਕਲ ਜਾਈ॥੨॥*

*ਕਹੁ ਰਵਿਦਾਸ ਪਰਉ ਤੇਰੀ ਸਾਭਾ॥*
*ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ॥੩॥੧॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੫)*

ਆਪ ਜੀ ਪਰਮਾਤਮਾ ਅੱਗੇ ਬੇਨਤੀਆਂ ਕਰਦੇ ਹਨ ਕਿ ਭਾਵੇਂ ਉਨ੍ਹਾਂ ਦਾ ਸਰੀਰ ਕੱਟ ਜਾਵੇ ਪਰ ਪਰਮਾਤਮਾ ਦਾ ਸੰਗ ਉਨ੍ਹਾਂ ਤੋਂ ਦੂਰ ਨਾ ਹੋਵੇ। ਮਿਲਾਪ ਲਈ ਉਨ੍ਹਾਂ ਦੇ ਦਿਲ ਵਿਚ ਏਨੀ ਤੜਪ ਹੈ ਕਿ ਹੁਣ ਉਨ੍ਹਾਂ ਤੋਂ ਦੇਰੀ ਜਾਂ ਵਿਲੰਬ ਬਰਦਾਸ਼ਤ ਨਹੀਂ ਹੁੰਦਾ।

ਮਿਲਾਪ ਵਿਚ ਦੇਰੀ ਦੇ ਕਾਰਨ ਵੀ ਭਗਤ ਰਵਿਦਾਸ ਜੀ ਭਲੀ-ਭਾਂਤ ਦਰਸਾਉਂਦੇ ਹਨ। ਆਪ ਜੀ ਦੀ ਬਾਣੀ ਵਿਚ ਦੁਬਿਧਾ, ਸੰਸਾ ਅਤੇ ਅਭਿਮਾਨ ਨੂੰ ਇਸ ਦੇਰੀ ਦੇ ਕਾਰਨ ਦੱਸਿਆ ਗਿਆ ਹੈ। ਆਪ ਹੀ ਪ੍ਰਸ਼ਨ ਕਰ ਕੇ ਉਸ ਦਾ ਉੱਤਰ ਦਿੰਦੇ ਹੋਏ ਫੁਰਮਾਉਂਦੇ ਹਨ:

*ਮਿਲਤ ਪਿਆਰੋ ਪ੍ਰਾਨ ਨਾਥੁ ਕਵਨ ਭਗਤਿ ਤੇ॥*
*ਸਾਧਸੰਗਤਿ ਪਾਈ ਪਰਮ ਗਤੇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੯੩)*

ਸਾਧ-ਸੰਗਤ ਇਕ ਅਜਿਹਾ ਸਥਾਨ ਹੈ ਜਿਥੇ ਜਾ ਕੇ ਸੰਸਾ, ਦੁਬਿਧਾ ਅਤੇ ਅਭਿਮਾਨ ਦਾ ਨਾਸ਼ ਹੁੰਦਾ ਹੈ। ਇਸ ਤਰ੍ਹਾਂ ਸਾਧ-ਸੰਗਤ ਦੇ ਰਾਹੀਂ ਪਰਮਾਤਮਾ ਦੇ ਮਿਲਾਪ ਦਾ ਰਸਤਾ ਤਿਆਰ ਹੁੰਦਾ ਹੈ। ਸਾਧ-ਸੰਗਤ ਦੇ ਨਾਲ-ਨਾਲ ਭਗਤ ਰਵਿਦਾਸ ਜੀ ਨੇ ਪ੍ਰੇਮਾ-ਭਗਤੀ ਦਾ ਵਿਚਾਰ ਵੀ ਪੇਸ਼ ਕੀਤਾ ਹੈ। ਪ੍ਰੇਮਾ-ਭਗਤੀ ਵਿਚ ਭਗਤੀ ਵੀ ਹੁੰਦੀ ਹੈ ਅਤੇ ਪ੍ਰੇਮ ਵੀ। ਪ੍ਰੇਮ ਹੀ ਮਨੁੱਖ ਨੂੰ ਦਰਸ਼ਨਾਂ ਲਈ ਤੜਪਾਉਂਦਾ ਹੈ। ਜਦੋਂ ਤਕ ਪ੍ਰੇਮਾ-ਭਗਤੀ ਪੈਦਾ ਨਹੀਂ ਹੁੰਦੀ, ਉਦੋਂ ਤਕ ਮਨੁੱਖ ਬਿਰਹਾ ਦੇ ਦਰਦ ਵਿਚ ਤੜਫਦਾ ਹੈ। ਭਗਤ ਰਵਿਦਾਸ ਜੀ ਉਦਾਸੀ ਦੀ ਇਸ ਸਥਿਤੀ ਨੂੰ ਬਿਆਨ ਕਰਦੇ ਹੋਏ ਫੁਰਮਾਉਂਦੇ ਹਨ:

*ਅਨਿਕ ਜਤਨ ਨਿਗ੍ਰਹ ਕੀਏ ਟਾਰੀ ਨ ਟਰੈ ਭ੍ਰਮ ਫਾਸ॥*
*ਪ੍ਰੇਮ ਭਗਤਿ ਨਹੀ ਊਪਜੈ ਤਾ ਤੇ ਰਵਿਦਾਸ ਉਦਾਸ॥੮॥੧॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੬)*

ਬਿਰਹਾ ਦੇ ਸੰਬੰਧ ਵਿਚ ਹੀ 'ਆਸ' ਦੇ ਦਾਰਸ਼ਨਿਕ ਵਿਚਾਰ ਨੂੰ ਬੜੀ ਡੂੰਘਾਈ ਵਿਚ ਬਿਆਨ ਕਰਦੇ ਹੋਏ ਭਗਤ ਰਵਿਦਾਸ ਜੀ ਦੱਸਦੇ ਹਨ ਕਿ ਬਿਨਾਂ ਕਿਸੇ ਨੂੰ ਦੇਖਿਆਂ ਮਿਲਾਪ ਕਰਨ ਲਈ ਆਸ ਪੈਦਾ ਨਹੀਂ ਹੋ ਸਕਦੀ ਅਤੇ ਜੋ ਸੰਸਾਰ ਦਿਸ ਰਿਹਾ ਹੈ, ਉਹ ਖ਼ਤਮ ਹੋਣ ਵਾਲਾ ਹੈ। ਪਰਮਾਤਮਾ ਦੀ ਹੋਂਦ ਦੇ ਜ਼ਾਹਰਾ ਅਹਿਸਾਸ ਤੋਂ ਬਿਨਾਂ 'ਆਸ' ਪੈਦਾ ਨਹੀਂ ਹੋ ਸਕਦੀ। ਕਿੰਨੀ ਵੱਡੀ ਸ਼ਰਤ ਬਿਰਹਾ ਵਾਸਤੇ ਭਗਤ ਰਵਿਦਾਸ ਜੀ ਨੇ ਲਾਈ ਹੈ। ਇਹ ਇਕ ਸੱਚਾਈ ਹੈ ਕਿ ਜਿਸ ਨੂੰ ਅਸੀਂ ਜਾਣਦੇ ਹੀ ਨਹੀਂ, ਜਿਸ ਦੀ ਹੋਂਦ ਨੂੰ ਅਸੀਂ ਮੰਨਦੇ ਹੀ ਨਹੀਂ ਅਤੇ ਜਿਸ ਦੇ ਮਿਲਾਪ ਸੰਬੰਧੀ ਸਾਡੇ ਦਿਲ ਵਿਚ ਦ੍ਰਿੜ੍ਹ ਵਿਸ਼ਵਾਸ ਹੀ ਨਹੀਂ, ਉਸ ਵਾਸਤੇ ਵਿਛੋੜੇ ਦਾ ਦਰਦ ਸਾਡੇ

ਦਿਲ ਵਿਚ ਪੈਦਾ ਨਹੀਂ ਹੋ ਸਕਦਾ। ਸੋ ਬਿਰਹਾ ਲਈ ਜ਼ਰੂਰੀ ਹੈ ਕਿ ਮਿੱਤਰ ਪਿਆਰੇ ਦੀ ਹੋਂਦ ਦਾ ਅਟੁੱਟ ਵਿਸ਼ਵਾਸ ਮਨ ਵਿਚ ਹੋਵੇ। ਭਗਤ ਰਵਿਦਾਸ ਜੀ ਫੁਰਮਾਉਂਦੇ ਹਨ:

*ਬਿਨੁ ਦੇਖੇ ਉਪਜੈ ਨਹੀ ਆਸਾ॥ ਜੋ ਦੀਸੈ ਸੋ ਹੋਇ ਬਿਨਾਸਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੬੭)*

ਬਿਰਹਾ ਨੂੰ ਆਪ ਜੀ 'ਪਰਮ ਬੈਰਾਗ' ਦਾ ਨਾਂਅ ਵੀ ਦਿੰਦੇ ਹਨ। ਮਿਲਾਪ ਨੂੰ ਆਪ 'ਬੇਗਮਪੁਰਾ' ਦੀ ਅਵਸਥਾ ਦੱਸਦੇ ਹਨ। ਮਿਲਾਪ ਵਿਚ ਕੋਈ ਸ਼ੰਕਾ ਜਾਂ ਦੁੱਖ ਨਹੀਂ ਰਹਿੰਦਾ। ਸੁਖ ਹੀ ਸੁਖ ਹੋ ਜਾਂਦਾ ਹੈ।

ਭਗਤ ਰਵਿਦਾਸ ਜੀ ਸਦੀਵੀ ਮਿਲਾਪ ਲਈ ਕਾਮਨਾ ਕਰਦੇ ਹਨ। ਸਦੀਵੀ ਮਿਲਾਪ ਵਿਚ ਕਦੇ ਵਿਛੋੜਾ ਨਹੀਂ ਹੁੰਦਾ। ਕਈ ਜਨਮਾਂ ਦਾ ਵਿਛੋੜਾ ਭੋਗਣ ਤੋਂ ਬਾਅਦ ਭਗਤ ਰਵਿਦਾਸ ਜੀ ਦੁਬਾਰਾ ਵਿਛੋੜੇ ਵਿਚ ਜਾਣ ਲਈ ਤਿਆਰ ਨਹੀਂ ਹਨ। ਫਿਰ ਆਪ ਇਹ ਵੀ ਸਮਝਦੇ ਹਨ ਕਿ ਪਰਮਾਤਮਾ ਨਾਲ ਵਿਛੋੜਾ ਪਾ ਕੇ ਆਤਮਾ ਨੂੰ ਉਹ ਕਾਹਦੇ ਨਾਲ ਜੋੜਨਗੇ। ਪਰਮਾਤਮਾ ਰੂਪੀ ਪਿਆਰੇ ਨਾਲ ਸਿੱਧੀਆਂ ਗੱਲਾਂ ਕਰਦੇ ਹੋਏ ਫੁਰਮਾਉਂਦੇ ਹਨ:

*ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ॥*
*ਤੁਮ ਸਿਉ ਤੋਰਿ ਕਵਨ ਸਿਉ ਜੋਰਹਿ॥੧॥ਰਹਾਉ॥(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੮)*

ਸੋ ਇਹ ਕਿਹਾ ਜਾ ਸਕਦਾ ਹੈ ਕਿ ਭਗਤ ਰਵਿਦਾਸ ਜੀ ਵਿਚ ਅਤਿ ਦਰਜੇ ਦਾ ਬਿਰਹਾ ਬਿਰਾਜਮਾਨ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਮਿਲਾਪ ਦੀ ਅਵਸਥਾ ਵੀ ਪ੍ਰਾਪਤ ਕਰ ਲਈ ਹੈ। ਮਿਲਾਪ ਦੀ ਅਵਸਥਾ ਦੇ ਵਿਚ ਵੀ 'ਬਿਰਹਾ' ਦਾ ਅਹਿਸਾਸ ਮੌਜੂਦ ਹੈ। ਜਿਵੇਂ ਕੋਈ ਵਧੀਆ ਚੀਜ਼ ਪ੍ਰਾਪਤ ਹੋਣ 'ਤੇ ਖੁੱਸ ਜਾਣ ਦਾ ਡਰ ਮਨ ਵਿਚ ਰਹਿੰਦਾ ਹੈ, ਇਸੇ ਤਰ੍ਹਾਂ ਇਸ ਮਿਲਾਪ ਦੇ ਵਿਚ ਬਿਰਹਾ ਦਾ ਅਹਿਸਾਸ ਕਾਇਮ ਹੈ। ਬਿਰਹਾ ਅਤੇ ਮਿਲਾਪ ਦਾ ਇਹ ਸੰਯੋਗ ਭਗਤ ਰਵਿਦਾਸ ਜੀ ਦੇ ਬਿਰਹਾ ਦੇ ਸੰਕਲਪ ਦਾ ਕੇਂਦਰੀ ਲੱਛਣ ਹੈ। ▪


## ਅੰਮ੍ਰਿਤ ਸੰਚਾਰ

ਸਮੂਹ ਸਿੱਖ ਸੰਗਤ ਦੇ ਗਿਆਤ ਹਿਤ ਵਿਦਿਤ ਕੀਤਾ ਜਾਂਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਰ ਬੁੱਧਵਾਰ ਤੇ ਐਤਵਾਰ ਨੂੰ ਦੁਪਹਿਰੇ ੧੨:੦੦ ਵਜੇ ਅੰਮ੍ਰਿਤ ਸੰਚਾਰ ਹੁੰਦਾ ਹੈ। ਅੰਮ੍ਰਿਤ-ਅਭਿਲਾਖੀ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹਾਜ਼ਰ ਹੋ ਕੇ ਅੰਮ੍ਰਿਤਪਾਨ ਕਰ ਕੇ ਗੁਰੂ ਵਾਲੇ ਬਣਨ!

ਜਨਵਰੀ ੨੦੨੫ ਦਾ ਬਾਕੀ:

# ਇਨਸਾਨੀਅਤ ਦੇ ਪਹਿਰੇਦਾਰ : ਬਾਬਾ ਮੋਤੀ ਰਾਮ ਮਹਿਰਾ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਸਸਕਾਰ ਤੋਂ ਕੁਝ ਸਮੇਂ ਬਾਅਦ ਨਵਾਬ ਵਜ਼ੀਰ ਖਾਂ ਨੂੰ ਗੰਗੂ ਦੇ ਨਜ਼ਦੀਕ ਸਮਝੇ ਜਾਂਦੇ ਪੰਮੇ ਪਾਸੋਂ ਇਹ ਸੂਹ ਮਿਲੀ ਕਿ ਤਿੰਨ ਰਾਤਾਂ ਮੁਗ਼ਲ ਰਾਜ ਦੀਆਂ ਰੋਟੀਆਂ ਨੂੰ ਮੂੰਹ ਨਾ ਲਾਉਣ ਵਾਲੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਨੂੰ ਬਾਬਾ ਮੋਤੀ ਰਾਮ ਜੀ ਨੇ ਹਕੂਮਤ ਦੀਆਂ ਅੱਖਾਂ ਵਿਚ ਘੱਟਾ ਪਾ ਕੇ ਦੁੱਧ ਪਿਲਾਇਆ ਹੈ, ਤਾਂ ਉਹ ਕ੍ਰੋਧਿਤ ਹੋ ਉੱਠਿਆ। ਉਸ ਨੇ ਬਾਬਾ ਮੋਤੀ ਰਾਮ ਜੀ ਨੂੰ ਪਰਵਾਰ ਸਮੇਤ ਗ੍ਰਿਫ਼ਤਾਰ ਕਰ ਲਿਆ। ਬਾਬਾ ਮੋਤੀ ਰਾਮ ਜੀ ਨੇ ਗੁਨਾਹ ਛੁਪਾਉਣ ਦੀ ਬਜਾਇ ਗੁਰੂ ਦੇ ਸੱਚੇ ਸਿੱਖ ਵਾਂਗ ਸਭ ਕੁਝ ਕਬੂਲ ਕਰ ਲਿਆ। ਬਾਬਾ ਮੋਤੀ ਰਾਮ ਲਈ ਬਿਰਧ ਮਾਤਾ ਅਤੇ ਦੁੱਧ ਪੀਣ ਦੀ ਉਮਰ ਵਾਲੇ ਸਾਹਿਬਜ਼ਾਦਿਆਂ ਨੂੰ ਦੁੱਧ ਪਿਆਉਣਾ ਧਰਮ/ਪੁੰਨ ਦਾ ਕੰਮ ਸੀ ਪਰ ਸਮੇਂ ਦੀ ਹਕੂਮਤ ਦੀ ਨਿਗਾਹ ਵਿਚ ਇਸ ਤੋਂ ਵੱਡਾ ਹੋਰ ਕੋਈ ਗੁਨਾਹ ਨਹੀਂ ਸੀ। ਹਕੂਮਤ ਦੇ ਨਸ਼ੇ ਵਿਚ ਤਾਂ ਬੇਗੁਨਾਹ ਨੂੰ ਵੀ ਫ਼ਾਂਸੀ ਲਾਈ ਜਾ ਸਕਦੀ ਹੈ। ਅਜੋਕੇ ਸਮੇਂ ਵੀ ਇਹ ਵਰਤਾਰਾ ਵੇਖਣ ਨੂੰ ਆਮ ਮਿਲਦਾ ਹੈ। ਪਰ ਜੇਕਰ ਕੋਈ ਗੁਨਾਹ ਕਬੂਲ ਕਰ ਲਵੇ ਤਾਂ ਉਸ ਲਈ ਕੀ ਸਜ਼ਾ ਹੋ ਸਕਦੀ ਹੈ, ਇਸ ਦਾ ਅੰਦਾਜ਼ਾ ਤਾਂ ਬੁੱਧੀਵਾਨ ਆਪ ਹੀ ਲਾ ਸਕਦੇ ਹਨ। ਬਾਬਾ ਮੋਤੀ ਰਾਮ ਜੀ ਨੂੰ ਭਾਵੇਂ ਸਜ਼ਾ ਦਾ ਹੱਕਦਾਰ ਮੰਨ ਲਿਆ ਗਿਆ ਸੀ ਪਰ ਬਾਬਾ ਮੋਤੀ ਰਾਮ ਮਹਿਰਾ ਨੂੰ ਮੌਤ ਦਾ ਭੈਅ ਨਹੀਂ ਸੀ ਉਸ ਨੂੰ ਆਪਣਾ ਧਰਮ ਅਤੇ ਮਾਨਵੀ ਅਸੂਲ ਪਿਆਰਾ ਸੀ ਉਹ ਗੁਰ ਸੂਰਮਾ ਸੀ। ਅਜਿਹੇ ਸੂਰਮਿਆਂ ਦੀ ਸ਼ਹੀਦੀ ਨੂੰ ਗੁਰਬਾਣੀ ਵਿਚ ਇਉਂ ਅੰਕਿਤ ਕੀਤਾ ਗਿਆ ਹੈ- *ਮਰਣੁ ਨ ਮੰਦਾ ਲੋਕਾ ਆਖੀਐ ਜੇ ਕੋਈ ਮਰਿ ਜਾਣੈ॥੨॥ ਮਰਣੁ ਮੁਣਸਾ ਸੂਰਿਆ ਹਕੁ ਹੈ ਜੋ ਹੋਇ ਮਰਨਿ ਪਰਵਾਣੋ॥* ਪਰਵਾਰ ਸਮੇਤ ਅਸਹਿ ਅਤੇ ਅਕਹਿ ਤਸੀਹੇ ਝੱਲਦਿਆਂ ਬਾਬਾ ਮੋਤੀ ਰਾਮ ਮਹਿਰਾ ਜੀ ਨੇ ੨੭ ਸਾਲ ਦੀ ਉਮਰ ਵਿਚ ਆਪਣੇ ਸਤਿਗੁਰਾਂ ਨਾਲ ਆਪਣਾ ਸਨੇਹ, ਪਿਆਰ ਦਾ ਰਿਸ਼ਤਾ ਨਿਰਭੈਤਾ, ਦ੍ਰਿੜ੍ਹਤਾ ਅਤੇ ਦਲੇਰੀ ਨਾਲ ਨਿਭਾਇਆ ਸੀ। ਸਤਿਗੁਰਾਂ ਦਾ ਫੁਰਮਾਨ ਹੈ- *ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥ ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ॥* ਪਰ ਮਾਨਵਤਾ ਦੇ ਇਤਿਹਾਸ ਵਿਚ ਉਸ ਦਾ ਨਾਮ ਹਮੇਸ਼ਾਂ ਲਈ ਅਮਰ ਹੋ ਗਿਆ। ਉਸ ਨੂੰ ਬਹੁਤ ਭਾਰੀ ਸਜ਼ਾ ਦਿੱਤੀ ਗਈ। ਉਸ ਦਾ ਸਮੁੱਚਾ ਪਰਵਾਰ ਸਰਹਿੰਦ ਵਿਖੇ ਕੋਹਲੂ ਵਿਚ ਪੀੜ ਕੇ ਸ਼ਹੀਦ ਕਰ ਦਿੱਤਾ ਗਿਆ। ਬਾਬਾ ਮੋਤੀ ਰਾਮ ਜੀ ਦੀ ਘਾਲਣਾ ਪ੍ਰਤੀ ਸ਼ਰਧਾ ਅਤੇ ਸਤਿਕਾਰ ਇਨ੍ਹਾਂ ਲਫ਼ਜ਼ਾਂ ਨਾਲ ਪ੍ਰਗਟ ਕੀਤੀ ਜਾਂਦੀ ਹੈ:

*ਧੰਨ ਮੋਤੀ ਜਿਨ ਪੁੰਨ ਕਮਾਇਆ। ਗੁਰ ਲਾਲਾਂ ਤਾਈਂ ਦੁੱਧ ਪਿਲਾਇਆ।*

ਹੱਕ ਅਤੇ ਸੱਚ ਉਤੇ ਨਿਧੜਕ ਅਤੇ ਸਾਬਤ ਕਦਮੀ ਨਾਲ ਪਹਿਰਾ ਦੇਣ ਵਾਲੇ

*ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੯੧੫੮-੦੫੧੦੦*

ਨੂੰ ਗੁਰਮਤਿ ਸੀਸ ਤਲੀ ਉਤੇ ਧਰ ਕੇ ਆਪਣੀ ਮਹਾਨ ਕੁਰਬਾਣੀ ਦੇਣ ਲਈ ਇਉਂ ਪ੍ਰੇਰਿਤ ਕਰਦੀ ਹੈ:

*ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੨)*

ਤਥਾ

*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥*
*ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੫)*

ਤਥਾ

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੨)*

ਤਥਾ

*ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੫੮)*

ਇਸੇ ਮਹਾਨ ਸਿਧਾਂਤ ਉੱਤੇ ਚੱਲਦਿਆਂ ਬਾਬਾ ਮੋਤੀ ਰਾਮ ਮਹਿਰਾ ਨੇ ਸੱਚ ਦਾ ਪੱਲਾ ਨਹੀਂ ਛੱਡਿਆ। ਉਹ ਮਾਤਾ ਗੁਜਰੀ ਜੀ, ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਜੀ ਦੀ ਕੀਤੀ ਦੁੱਧ ਨਾਲ ਸੇਵਾ ਦੀ ਅਸਲੀਅਤ ਤੋਂ ਮੁੱਕਰੇ ਨਹੀਂ ਸਗੋਂ ਮੌਤ ਨੂੰ ਕਬੂਲ ਕਰ ਲਿਆ, ਜਿਸ ਦਾ ਨਤੀਜਾ ਉਨ੍ਹਾਂ ਨੂੰ ਪਰਵਾਰ ਸਮੇਤ ਕੋਹਲੂ ਥਾਂਈਂ ਪੀੜਿਆ ਗਿਆ ਅਤੇ ਅਕਾਲ ਪੁਰਖ ਦੀ ਦਰਗਾਹ ਵਿਚ ਉੱਜਲ ਮੁੱਖ ਲੈ ਕੇ ਆਪਣਾ ਜੀਵਨ ਸਫ਼ਲ ਕਰ ਕੇ ਸਦਾ-ਸਦਾ ਲਈ ਅਮਰ ਹੋ ਗਏ।

ਜਾਲਮ ਸੂਬਾ-ਸਰਹਿੰਦ ਦੇ ਗ਼ੈਰ-ਮਨੁੱਖੀ ਹੁਕਮ ਨਾਲ ਜਿੱਥੇ ਬਾਬਾ ਮੋਤੀ ਰਾਮ ਜੀ ਨੂੰ ਸ਼ਹੀਦ ਕੀਤਾ ਗਿਆ, ਉੱਥੇ ਉਨ੍ਹਾਂ ਦੀ ਬਿਰਧ ਮਾਤਾ ਅਤੇ ਸੱਤ ਸਾਲ ਦੇ ਛੋਟੇ ਪੁੱਤਰ ਅਤੇ ਪਤਨੀ ਨੂੰ ਵੀ ਕੋਹਲੂ ਥਾਂਈਂ ਪੀੜ੍ਹ ਕੇ ਸ਼ਹੀਦ ਕਰ ਦਿਤਾ ਗਿਆ। ਕੋਹਲੂ ਥਾਂਈਂ ਤਾਂ ਤਿਲ, ਵੜੇਂਵੇਂ ਅਤੇ ਸਰ੍ਹੋਂ ਵਰਗੀਆਂ ਬਹੁਤ ਹੀ ਛੋਟੇ ਅਕਾਰ ਦੀਆਂ ਜਿਨਸਾਂ ਪੀੜ੍ਹੀਆਂ ਜਾਂਦੀਆਂ ਹਨ ਪ੍ਰੰਤੂ ਕਿਸੇ ਜਿਊਂਦੇ ਮਨੁੱਖ ਨੂੰ ਕੋਹਲੂ ਥਾਂਈਂ ਪੀੜ੍ਹਿਆ ਜਾਣਾ ਮਨੁੱਖਤਾ ਵਿਚ ਵਰਤਦੇ ਰਹੇ ਜ਼ੁਲਮਾਂ ਦੇ ਇਤਿਹਾਸ ਵਿਚ ਅਤਿ ਘਿਣਾਉਣੀ, ਦੁਖਦਾਇਕ ਅਤੇ ਸ਼ਰਮਨਾਕ ਘਟਨਾ ਹੈ ਜਿਸ ਬਾਰੇ ਸੁਣਦਿਆਂ ਹੀ ਜਦੋਂ ਸਾਰਾ ਨਕਸ਼ਾ ਮਨੁੱਖੀ ਮਨ ਦੀ ਸਕਰੀਨ ਉੱਤੇ ਆਉਂਦਾ ਹੈ ਤਾਂ ਰੂਹ ਕੰਬ ਤੇ ਕੁਰਲਾਅ ਉਠਦੀ ਹੈ। ਅਜਿਹੀ ਮਨੁੱਖੀ ਦਰਿੰਦਗੀ ਸਮੁੱਚੀ ਮਾਨਵਤਾ ਨੂੰ ਸ਼ਰਮਸਾਰ ਕਰ ਦਿੰਦੀ ਹੈ। ਐਸਾ ਜ਼ੁਲਮ ਕਰਨ ਵਾਲਿਆਂ ਨੂੰ ਮਨੁੱਖ ਮੰਨਣਾ ਤਾਂ ਦੂਰ ਦੀ ਗੱਲ ਸਗੋਂ ਉਹ ਤਾਂ ਖ਼ਤਰਨਾਕ ਤੋਂ ਖਤਰਨਾਕ ਖੂੰਖਾਰ ਮਾਸਾਹਾਰੀ ਜਾਨਵਰਾਂ ਨਾਲੋਂ ਮਾੜੇ ਅਤੇ ਘ੍ਰਿਣਤ ਸਮਝੇ ਜਾਂਦੇ ਹਨ। ਅਜਿਹੇ

ਮਨਮੁਖਾਂ/ਜ਼ਾਲਮਾਂ ਦੀ ਚਰਚਾ ਹਮੇਸ਼ਾ ਘ੍ਰਿਣਾ ਅਤੇ ਨਫਰਤ ਨਾਲ ਹੀ ਕੀਤੀ ਜਾਂਦੀ ਹੈ। ਸਤਿਗੁਰ ਵੀ ਅਜਿਹੇ ਮਨੁੱਖਾਂ ਬਾਰੇ ਫੁਰਮਾਉਂਦੇ ਹਨ:

*-ਕਰਤੂਤਿ ਪਸੂ ਕੀ ਮਾਨਸ ਜਾਤਿ॥*
*ਲੋਕ ਪਚਾਰਾ ਕਰੈ ਦਿਨੁ ਰਾਤਿ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੭)*
*-ਮਨਮੁਖਿ ਆਵੈ ਮਨਮੁਖਿ ਜਾਵੈ॥*
*ਮਨਮੁਖਿ ਫਿਰਿ ਫਿਰਿ ਚੋਟਾ ਖਾਵੈ॥*
*ਜਿਤਨੇ ਨਰਕ ਸੇ ਮਨਮੁਖਿ ਭੋਗੈ ਗੁਰਮੁਖਿ ਲੇਪੁ ਨ ਮਾਸਾ ਹੇ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੭੩)*

ਇਸ ਮਹਾਨ ਸ਼ਹੀਦੀ ਨਾਲ ਬਾਬਾ ਮੋਤੀ ਰਾਮ ਜੀ ਅਤੇ ਪਰਵਾਰ ਨੇ ਸ਼ਹੀਦ ਸਿੰਘਾਂ/ਸਿੰਘਣੀਆਂ/ਭੁਝੰਗੀਆਂ ਦੀਆਂ ਸ਼ਹੀਦੀਆਂ ਅਤੇ ਲਾਮਿਸਾਲ ਕੁਰਬਾਨੀਆਂ ਦੇ ਇਤਿਹਾਸ ਵਿਚ ਇਕ ਹੋਰ ਨਵਾਂ ਅਧਿਆਇ ਜੋੜ ਦਿੱਤਾ ਅਤੇ ਉਹ ਸਦੀਵ ਕਾਲ ਲਈ ਇਤਿਹਾਸ ਅਤੇ ਲੋਕ-ਸਿਮ੍ਰਤੀਆਂ ਵਿਚ ਅਮਰ ਹੋ ਗਏ। ਉਨ੍ਹਾਂ ਦੀ ਸ਼ਹੀਦੀ ਸਮੁੱਚੀ ਕੌਮ ਦਾ ਅਨਮੋਲ ਵਿਰਸਾ ਹੈ, ਉਹ ਸਾਰੀ ਕੌਮ ਦੇ ਸਾਂਝੇ ਸ਼ਹੀਦ ਹਨ। ਸ਼ਹੀਦਾਂ ਦੀ ਸ਼ਹੀਦੀ ਨੂੰ ਜਾਤਾਂ, ਕਬੀਲਿਆਂ ਜਾਂ ਪਰਵਾਰਾਂ ਆਦਿ ਨਾਲ ਬੰਨ੍ਹਣਾ ਠੀਕ ਅਤੇ ਯੋਗ ਨਹੀਂ ਹੈ। ਇਸ ਤਰ੍ਹਾਂ ਕਰਨ ਨਾਲ ਸ਼ਹੀਦ ਦੀ ਮਹਾਨ ਕੁਰਬਾਨੀ ਨੂੰ ਛੁਟਿਆਉਣ ਵਾਲੀ ਗੱਲ ਹੁੰਦੀ ਹੈ। ਜੇਕਰ ਕੋਈ ਵਿਤਕਰਾ ਹੁੰਦਾ ਹੈ ਤਾਂ ਉਸ ਲਈ ਵੱਖਰੀ ਅਵਾਜ਼ ਉਠਾਉਣੀ ਚਾਹੀਦੀ ਹੈ।

ਬਾਬਾ ਮੋਤੀ ਰਾਮ ਮਹਿਰਾ ਦੀ ਯਾਦ ਵਿਚ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਥਾਨ ਤੋਂ ਥੋੜੀ ਦੂਰੀ 'ਤੇ ਹੀ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਮੈਮੋਰੀਅਲ ਚੈਰੀਟੇਬਲ ਟਰੱਸਟ (ਰਜਿ:) ਵੱਲੋਂ ਇਕ ਗੁਰਦੁਆਰਾ ਸਾਹਿਬ ਦੀ ਸਥਾਪਨਾ ਕੀਤੀ ਗਈ ਹੈ। ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਇਸੇ ਟਰੱਸਟ ਵੱਲੋਂ ਕੀਤਾ ਜਾ ਰਿਹਾ ਹੈ। ਲੇਖਕ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਆਪਣੇ ਪ੍ਰਧਾਨਗੀ ਕਾਰਜਕਾਲ ਸਮੇਂ ਮਹਾਨ ਸ਼ਹੀਦ ਅਤੇ ਗੁਰੂ-ਘਰ ਦੇ ਅਨਿੰਨ ਸ਼ਰਧਾਲੂ ਸਿੱਖ ਬਾਬਾ ਮੋਤੀ ਰਾਮ ਮਹਿਰਾ ਜੀ ਦੀ ਯਾਦ ਵਿਚ ਮਾਤਾ ਗੁਜਰੀ ਕਾਲਜ ਸ੍ਰੀ ਫਤਿਹਗੜ੍ਹ ਸਾਹਿਬ ਦੇ ਬਿਲਕੁਲ ਨਜ਼ਦੀਕ ਬਾਬਾ ਮੋਤੀ ਰਾਮ ਮਹਿਰਾ ਯਾਦਗਾਰੀ ਕੰਪਿਊਟਰ ਸਾਇੰਸ ਅਤੇ ਰਿਸਰਚ ਕਾਲਜ ਦੀ ਉਸਾਰੀ ਕਰਵਾਈ ਸੀ, ਜਿੱਥੇ ਅੱਜਕਲ੍ਹ ਅਨੇਕਾਂ ਹੀ ਵਿਦਿਆਰਥੀ ਇਸ ਆਧੁਨਿਕ ਵਿਸ਼ੇ ਵਿਚ ਸਿੱਖਿਆ ਪ੍ਰਾਪਤ ਕਰ ਰਹੇ ਹਨ ਅਤੇ ਆਪਣੀ ਸਵੈਮਾਣ ਵਾਲੀ ਰੋਜ਼ੀ-ਰੋਟੀ ਕਮਾਉਣ ਯੋਗ ਬਣ ਰਹੇ ਹਨ।

ਸਾਕਾ ਸਰਹਿੰਦ ਨਾਲ ਸੰਬੰਧਿਤ ਸੂਬੇਦਾਰ ਵਜ਼ੀਰ ਖਾਨ ਅਤੇ ਸੁੱਚਾ ਨੰਦ ਨੂੰ ਬਾਬਾ ਬੰਦਾ ਸਿੰਘ ਬਹਾਦਰ ਨੇ ਕੀਤੇ ਜ਼ੁਲਮਾਂ ਅਤੇ ਪਾਪਾਂ ਦੀ ਸਜ਼ਾ ਦਿੰਦਿਆਂ ਸਦਾ ਦੀ ਨੀਂਦ ਸੁਲਾ ਕੇ ਦੋਜ਼ਖ 'ਚ ਭੇਜ ਦਿੱਤਾ। ਗੰਗੂ ਵੱਲੋਂ ਮਾਤਾ ਜੀ ਦਾ ਧਨ ਚੁਰਾਉਣ ਲਈ ਕੀਤੀ ਠੱਗੀ ਬਹੁਤਾ ਸਮਾਂ ਗੁੱਝੀ ਨਾ ਰਹੀ ਅਤੇ ਭੇਦ ਖੁਲ ਗਿਆ- *ਕੂੜੁ ਠਗੀ ਗੁਝੀ ਨਾ ਰਹੈ ਮੁਲੰਮਾ ਪਾਜੁ ਲਹਿ*

*ਜਾਇ॥* ਅਤੇ ਭੇਦ ਖੁਲਣ ਉਪਰੰਤ ਗੰਗੂ ਨੇ ਜੋ ਧਨ ਮਾਤਾ ਗੁਜਰੀ ਜੀ ਦਾ ਚੁਰਾਇਆ ਸੀ ਉਸ ਦੀ ਵਸੂਲੀ ਅਤੇ ਇਹ ਸੋਚ ਕੇ ਕਿ ਜੋ ਗੰਗੂ ੧੯ ਸਾਲ ਦਸਮੇਸ਼ ਜੀ ਦੇ ਪਾਸ ਰਹਿ ਕੇ ਧਨ ਅਤੇ ਸੂਬੇ ਸਰਕਾਰ ਪਾਸੋਂ ਇਨਾਮ ਪ੍ਰਾਪਤ ਕਰਨ ਦੇ ਲਾਲਚ ਕਾਰਨ ਵਿਸ਼ਵਾਸਘਾਤ ਕਰ ਸਕਦਾ ਹੈ ਉਹ ਮੁਗ਼ਲ ਸਰਕਾਰ ਪ੍ਰਤੀ ਵੀ ਵਫ਼ਾਦਾਰ ਨਹੀਂ ਹੋ ਸਕਦਾ, ਨੂੰ ਮੁੱਖ ਰੱਖਦਿਆਂ ਉਸ ਨੂੰ ਮੁਗ਼ਲ ਸਰਕਾਰ ਦੇ ਹੁਕਮ ਨਾਲ ਤਸੀਹੇ ਦੇ ਕੇ ਮਾਰ ਦਿੱਤਾ ਗਿਆ। ਬੇਗਮ ਜੈਨਬੁਨਿਸਾਂ ਉਰਫ ਜੈਨਾ ਦੇ ਸੂਬਾ ਸਰਹਿੰਦ ਨੂੰ ਮਾਸੂਮ ਜਿੰਦਾਂ ਨੂੰ ਸ਼ਹੀਦ ਕਰਨੋ ਵਰਜਣ ਦੇ ਬਾਵਜੂਦ ਜਦੋਂ ਸਾਹਿਬਜ਼ਾਦਿਆਂ ਨੂੰ ਬੇਰਹਿਮੀ ਨਾਲ ਸ਼ਹੀਦ ਕਰ ਦਿੱਤਾ ਗਿਆ ਤਾਂ ਜੈਨਾ ਨੇ ਸੂਬੇ ਸਾਹਮਣੇ ਬਹੁਤ ਭਾਰੀ ਵਿਰਲਾਪ ਕੀਤਾ ਅਤੇ ਅੰਤ ਨੂੰ ਆਪਣੇ ਸਰੀਰ ਵਿਚ ਖੰਜਰ ਖੋਭ ਕੇ ਉਸ ਨੇ ਆਪਣੀ ਜ਼ਿੰਦਗੀ ਦਾ ਅੰਤ ਕਰ ਲਿਆ। ਇਸ ਗੱਲ ਦਾ ਅਫ਼ਸੋਸ ਕਿ ਸਾਡੇ ਬੁਧੀਜੀਵੀਆਂ, ਪ੍ਰਚਾਰਕਾਂ, ਢਾਡੀਆਂ ਅਤੇ ਕਵੀਸ਼ਰਾਂ ਨੇ ਨਵਾਬ ਮੁਹੰਮਦ ਸ਼ੇਰ ਖਾਨ ਦੀ ਗੱਲ ਕੀਤੀ ਹੈ ਪ੍ਰੰਤੂ ਬੇਗਮ ਜੈਨਬੁਨਿਸਾਂ ਬਾਰੇ ਕਦੀ ਚਰਚਾ ਹੀ ਨਹੀਂ ਕੀਤੀ। ਇਹ ਉਸ ਨਾਲ ਬੇਇਨਸਾਫੀ ਹੀ ਹੈ। ਦੀਵਾਨ ਟੋਡਰ ਮੱਲ ਉਤੇ ਦੋਸ਼ ਲਾਇਆ ਗਿਆ ਕਿ ਜਿਹੜਾ ਅਹਿਲਕਾਰ ਮੁਗ਼ਲ ਸਰਕਾਰ ਅਧੀਨ ਹੁੰਦਾ ਹੋਇਆ ਵੀ ਆਪਣੇ ਸਤਿਗੁਰਾਂ ਨਾਲ ਜੁੜਿਆ ਹੋਇਆ ਹੈ ਉਹ ਮੁਗ਼ਲ ਹਕੂਮਤ ਦਾ ਕਦੀ ਵੀ ਖੈਰਖਾਹ/ ਵਫਾਦਾਰ ਨਹੀਂ ਹੋ ਸਕਦਾ। ਉਸ ਨੂੰ ਵੀ ਸਮੇਤ ਪਰਵਾਰ ਕੋਹਲੂ ਥਾਂਈਂ ਪੀੜ ਕੇ ਸ਼ਹੀਦ ਕਰ ਦਿੱਤਾ ਗਿਆ। ਇਸ ਤਰ੍ਹਾਂ ਬਦੀ ਦੀਆਂ ਸ਼ਕਤੀਆਂ ਨੂੰ ਅੱਜ ਜਦੋਂ ਵੀ ਕੋਈ ਯਾਦ ਕਰਦਾ ਹੈ ਤਾਂ ਪੂਰੀ ਘ੍ਰਿਣਾ ਅਤੇ ਨਫਰਤ ਨਾਲ ਹੀ ਕਰਦਾ ਹੈ ਜਦੋਂ ਕਿ ਨੇਕੀ ਦੀਆਂ ਸ਼ਕਤੀਆਂ ਬਾਬਾ ਮੋਤੀ ਰਾਮ ਮਹਿਰਾ ਜੀ, ਦੀਵਾਨ ਟੋਡਰ ਮੱਲ ਜੀ ਨੂੰ ਸੀਸ ਨਿਵਾ ਕੇ ਪੂਰੀ ਸ਼ਰਧਾ ਅਤੇ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ ਅਤੇ ਜੈਨਬੁਨਿਸਾਂ ਨੇ ਭਾਵੇਂ ਹਾਲਾਤਾਂ ਕਾਰਨ ਇਸਲਾਮ ਧਾਰਨ ਕਰ ਲਿਆ ਸੀ ਪ੍ਰੰਤੂ ਉਸ ਦਾ ਗੁਰੂ-ਘਰ ਨਾਲ ਬਚਪਨ ਦਾ ਕਾਇਮ ਰਿਹਾ ਰਿਸ਼ਤਾ ਅਤੇ ਉਸ ਅੰਦਰ "ਮਾਂ" ਦੇ ਧੜਕਦੇ ਦਿਲ ਨੇ ਆਪਣੀ ਜਾਨ ਦੇ ਕੇ ਸੂਬਾ ਸਰਹਿੰਦ ਦੇ ਜ਼ੁਲਮ ਦਾ ਸਖਤ ਵਿਰੋਧ ਕੀਤਾ। ਇਨ੍ਹਾਂ ਤਿੰਨਾਂ ਦੀ ਨੇਕੀ ਅਤੇ ਕੁਰਬਾਨੀ ਹਮੇਸ਼ਾ-ਹਮੇਸ਼ਾ ਲਈ ਲੋਕ-ਸਿਮ੍ਰਤੀ ਵਿਚ ਕਾਇਮ ਹੀ ਨਹੀਂ ਰਹੇਗੀ, ਸਗੋਂ ਪੀੜ੍ਹੀ-ਦਰ-ਪੀੜ੍ਹੀ ਕੌਮ ਲਈ ਰੋਸ਼ਨ-ਮੀਨਾਰ ਰਹੇਗੀ। ਖਾਲਸਾ ਪੰਥ ਨੂੰ ਇਨ੍ਹਾਂ ਸ਼ਹੀਦਾਂ ਦੀ ਯਾਦ ਵੀ ਹਰ ਸਾਲ ਪੂਰੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਉਣੀ ਚਾਹੀਦੀ ਹੈ ਤਾਂ ਜੋ ਸਾਡੀ ਨੌਜੁਆਨ ਪੀੜ੍ਹੀ ਇਨ੍ਹਾਂ ਦੇ ਜੀਵਨ ਅਤੇ ਕੁਰਬਾਨੀ ਤੋਂ ਸੇਧ ਲੈ ਸਕੇ ਅਤੇ ਨਸ਼ੇ, ਨੰਗੇਜ਼ਵਾਦ, ਅਸ਼ਲੀਲਤਾ ਅਤੇ ਪਤਿਤਪੁਣੇ ਨੂੰ ਤਿਆਗ ਕੇ ਆਪਣੀਆਂ ਜ਼ਿੰਦਗੀਆਂ ਨੂੰ ਸਵੱਛ ਅਤੇ ਸਵੈਮਾਣ ਭਰਪੂਰ ਬਣਾਉਣ ਲਈ ਪ੍ਰੇਰਿਤ ਹੋ ਸਕੇ। ਜਿਸ ਨਾਲ ਉਨ੍ਹਾਂ ਅੰਦਰ ਹੱਕ ਤੇ ਸੱਚ ਦਾ ਪੱਲਾ ਫੜਨ ਅਤੇ ਕੁਰਬਾਨੀ ਦੀ ਭਾਵਨਾ ਪੈਦਾ ਹੋ ਸਕੇ। ਅਮਰ ਸ਼ਹੀਦ ਅਤੇ ਇਨਸਾਨੀਅਤ ਦੇ ਅਲੰਬਰਦਾਰ/ਪਹਿਰੇਦਾਰ ਬਾਬਾ ਮੋਤੀ ਰਾਮ ਮਹਿਰਾ ਜੀ ਸਚਮੁੱਚ ਹੀ ਸੁੱਚਾ ਮੋਤੀ ਸੀ, ਅਨਮੋਲ ਹੀਰਾ ਸੀ, ਪੰਥ ਰਤਨ ਸੀ, ਗੁਰ ਸੂਰਮਾ ਸੀ, ਦ੍ਰਿੜ੍ਹਤਾ ਅਤੇ ਸਿਦਕਦਿਲੀ ਦੀ ਮੂਰਤ ਸੀ। ਉਹ ਅੱਜ ਵੀ ਹਨ ਅਤੇ ਭਵਿੱਖ ਵਿਚ ਵੀ ਰਹਿਣਗੇ। ਉਨ੍ਹਾਂ ਦੀ ਕੁਰਬਾਨੀ ਹਮੇਸ਼ਾ-ਹਮੇਸ਼ਾ ਲਈ ਕੌਮ ਲਈ ਰੋਸ਼ਨ ਮੀਨਾਰ ਦਾ ਕੰਮ

ਕਰਦੀ ਰਹੇਗੀ। ਉਹ ਸਮੁੱਚੀ ਕੌਮ ਦਾ ਮਹਾਨ ਅਤੇ ਲਾਮਿਸਾਲ ਵਿਰਸਾ ਹਨ। ਉਨ੍ਹਾਂ ਨੂੰ ਕਿਸੇ ਇਕ ਜਾਤੀ ਜਾਂ ਸਥਾਨ ਨਾਲ ਨਹੀਂ ਬੰਨ੍ਹਿਆ ਜਾ ਸਕਦਾ। ਸਮੁੱਚੀ ਕੌਮ ਨੂੰ ਉਨ੍ਹਾਂ ਦੀ ਕੁਰਬਾਨੀ ਅਤੇ ਸ਼ਹੀਦੀ ਉਤੇ ਮਾਣ ਹੈ ਅਤੇ ਰਹੇਗਾ ਵੀ। ਆਓ ! ਅਸੀਂ ਸਾਰੇ ਉਨ੍ਹਾਂ ਦੀ ਮਹਾਨ ਸ਼ਹਾਦਤ ਨੂੰ ਸੀਸ ਨਿਵਾਈਏ। ਇਨ੍ਹਾਂ ਮਹਾਨ ਅਤੇ ਅਦੁੱਤੀ ਸ਼ਹੀਦਾਂ ਨੇ ਆਪਣੀਆਂ ਅਨਮੋਲ ਜਿੰਦਾਂ ਕੁਰਬਾਨ ਕਰ ਕੇ ਕੌਮ ਨੂੰ ਜ਼ਿੰਦਗੀ ਬਖਸ਼ੀ ਹੈ। ਆਪਣੇ ਮਹਾਨ ਸ਼ਹੀਦਾਂ ਨੂੰ ਵਿਸਾਰ ਦੇਣ ਵਾਲੀਆਂ ਕੌਮਾਂ ਸਦਾ ਲਈ ਸ਼ਫ਼ੇ ਹਸਤੀ ਤੋਂ ਮਿਟ ਜਾਇਆ ਕਰਦੀਆਂ ਹਨ। ਇਸ ਲਈ ਆਪਣੇ ਵਿਲੱਖਣ ਅਤੇ ਸ਼ਾਨਾਂਮੱਤੇ ਵਿਰਸੇ ਨੂੰ ਸੰਭਾਲਣ ਅਤੇ ਉਸ ਤੋਂ ਰੋਸ਼ਨੀ ਲੈ ਕੇ ਆਪਣਾ ਜੀਵਨ-ਮਾਰਗ ਤੈਅ ਕਰਨਾ ਹੀ ਸਾਡੇ ਲਈ ਸ਼ੋਭਨੀਕ ਹੈ। ■

# ਫਰਵਰੀ ਅਤੇ ਮਾਰਚ ੨੦੨੫ ਈ. ਦੇ ਗੁਰਪੁਰਬ ਅਤੇ ਇਤਿਹਾਸਿਕ ਦਿਹਾੜੇ

| | |
|---|---|
| ਵਿਆਹ ਪੁਰਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰੂ ਕਾ ਲਾਹੌਰ | ੨੦ ਮਾਘ ੦੨ ਫਰਵਰੀ |
| ਬਸੰਤ ਪੰਚਮੀ | ੨੦ ਮਾਘ ੦੨ ਫਰਵਰੀ |
| ਵੱਡਾ ਘੱਲੂਘਾਰਾ ਕੁੱਪ-ਰੋਹੀੜਾ (ਸੰਗਰੂਰ) | ੨੭ ਮਾਘ ੦੯ ਫਰਵਰੀ |
| ਜਨਮ ਦਿਹਾੜਾ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ | ੨੯ ਮਾਘ ੧੧ ਫਰਵਰੀ |
| ਜਨਮ ਦਿਹਾੜਾ ਭਗਤ ਰਵਿਦਾਸ ਜੀ | ੦੧ ਫੱਗਣ ੧੨ ਫਰਵਰੀ |
| ਸਾਕਾ ਨਨਕਾਣਾ ਸਾਹਿਬ (ਪਾਕਿਸਤਾਨ) | ੧੦ ਫੱਗਣ ੨੧ ਫਰਵਰੀ |
| ਜੈਤੋ ਦਾ ਮੋਰਚਾ (ਫਰੀਦਕੋਟ) | ੧੦ ਫੱਗਣ ੨੧ ਫਰਵਰੀ |
| ਅਰੰਭਤਾ ਸੰਮਤ ਨਾਨਕਸ਼ਾਹੀ | ੦੧ ਚੇਤ ੧੪ ਮਾਰਚ |
| ਸ਼ਹੀਦੀ ਦਿਹਾੜਾ ਜਥੇਦਾਰ ਅਕਾਲੀ ਫੂਲਾ ਸਿੰਘ ਜੀ | ੦੧ ਚੇਤ ੧੪ ਮਾਰਚ |
| ਹੋਲਾ ਮਹੱਲਾ | ੦੨ ਚੇਤ ੧੫ ਮਾਰਚ |
| ਸ. ਬਘੇਲ ਸਿੰਘ ਵੱਲੋਂ ਦਿੱਲੀ ਫਤਿਹ | ੦੨ ਚੇਤ ੧੫ ਮਾਰਚ |
| ਸ਼ਹੀਦੀ ਦਿਹਾੜਾ ਸ. ਭਗਤ ਸਿੰਘ | ੧੦ ਚੇਤ ੨੩ ਮਾਰਚ |
| ਸ਼ਹੀਦੀ ਦਿਹਾੜਾ ਭਾਈ ਸੁਬੇਗ ਸਿੰਘ ਭਾਈ ਸ਼ਾਹਬਾਜ ਸਿੰਘ | ੧੨ ਚੇਤ ੨੫ ਮਾਰਚ |
| ਗੁਰਿਆਈ ਦਿਵਸ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | ੧੪ ਚੇਤ ੨੭ ਮਾਰਚ |
| ਗੁਰਿਆਈ ਦਿਵਸ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ | ੧੭ ਚੇਤ ੩੦ ਮਾਰਚ |
| **ਪੂਰਨਮਾਸੀ** | ੦੧ ਫੱਗਣ ੧੨ ਫਰਵਰੀ |
| **ਸੰਗਰਾਂਦ** | ੦੧ ਫੱਗਣ ੧੨ ਫਰਵਰੀ |
| **ਮੱਸਿਆ** | ੧੬ ਫੱਗਣ ੨੭ ਫਰਵਰੀ |
| **ਪੂਰਨਮਾਸੀ** | ੦੧ ਚੇਤ ੧੪ ਮਾਰਚ |
| **ਸੰਗਰਾਂਦ** | ੦੧ ਚੇਤ ੧੪ ਮਾਰਚ |
| **ਮੱਸਿਆ** | ੧੬ ਚੇਤ ੨੯ ਮਾਰਚ |

■

# ਗੁਰਮੁਖ ਅਤੇ ਮਨਮੁਖ ਸੁਭਾਅ ਦੇ ਲੱਛਣ

*-ਭਾਈ ਰੇਸ਼ਮ ਸਿੰਘ ਸੁਖਮਨੀ ਸੇਵਾ ਵਾਲੇ**

**੧.** ਗੁਰਮੁਖ ਨਿਮਰਤਾ ਵਾਲੇ ਸੁਭਾਅ ਦਾ ਹੁੰਦਾ ਹੈ।
-ਮਨਮੁਖ ਹੰਕਾਰੀ ਸੁਭਾਅ ਦਾ ਹੁੰਦਾ ਹੈ।

**੨.** ਗੁਰਮੁਖ ਨਾਮ ਜਪਣ ਕਰਕੇ ਆਪਣੀ ਜ਼ੁਬਾਨ ਵਿੱਚੋਂ ਮਿੱਠੇ ਅਤੇ ਪਿਆਰੇ ਬੋਲ ਬੋਲਦਾ ਹੈ।
-ਮਨਮੁਖ ਕ੍ਰੋਧ ਵੱਸ ਹੋ ਕੇ ਆਪਣੀ ਜ਼ੁਬਾਨ ਵਿੱਚੋਂ ਫਿੱਕੇ ਅਤੇ ਕੌੜੇ ਬੋਲ ਬੋਲਦਾ ਹੈ।

**੩.** ਗੁਰਮੁਖ ਕਦੇ ਵੀ ਕਿਸੇ ਨਸ਼ੇ ਦਾ ਸੇਵਨ ਨਹੀਂ ਕਰਦਾ।
-ਮਨਮੁਖ ਸ਼ਰਾਬ ਜਾਂ ਹੋਰ ਨਸ਼ੇ ਕਰਨ ਦਾ ਆਦੀ ਹੋ ਜਾਂਦਾ ਹੈ।

**੪.** ਗੁਰਮੁਖ ਬਿਗਾਨੇ ਹੱਕ ਨੂੰ ਖਾਣਾ ਜ਼ਹਿਰ ਖਾਣ ਦੇ ਬਰਾਬਰ ਸਮਝਦਾ ਹੈ।
-ਮਨਮੁਖ ਹਮੇਸ਼ਾ ਬਿਗਾਨੇ ਦਾ ਹੱਕ ਮਾਰਨ ਲਈ ਤਤਪਰ ਰਹਿੰਦਾ ਹੈ।

**੫.** ਗੁਰਮੁਖ ਬਿਗਾਨੀ ਧੀ-ਭੈਣ ਨੂੰ ਆਪਣੀ ਹੀ ਧੀ-ਭੈਣ ਸਮਝਦਾ ਹੈ।
-ਮਨਮੁਖ ਬਿਗਾਨੀ ਧੀ-ਭੈਣ ਵੱਲ ਮਾੜੀ ਨਿਗਾਹ ਨਾਲ ਵੇਖਦਾ ਹੈ।

**੬.** ਗੁਰਮੁਖ ਮੌਤ ਨੂੰ ਹਮੇਸ਼ਾ ਆਪਣੇ ਅੰਗ-ਸੰਗ ਹੀ ਸਮਝਦਾ ਹੈ।
-ਮਨਮੁਖ ਨੂੰ ਮੌਤ ਕਦੇ ਵੀ ਚੇਤੇ ਨਹੀਂ ਆਉਂਦੀ ।

**੭.** ਗੁਰਮੁਖ ਦੇ ਗੁਰੂ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੁੰਦੇ ਹਨ।
-ਮਨਮੁਖ ਦਾ ਮਨ ਹੀ ਉਸਦਾ ਗੁਰੂ ਹੁੰਦਾ ਹੈ।

**੮.** ਗੁਰਮੁਖ ਦੀ ਦੋਸਤੀ ਰੱਬੀ ਦਰਗਾਹ ਤਕ ਨਿਭਦੀ ਹੈ।
-ਮਨਮੁਖ ਦੀ ਦੋਸਤੀ ਮਾਇਆ ਜਾਂ ਕੰਮਾਂ-ਕਾਰਾਂ ਦੀ ਪ੍ਰਾਪਤੀ ਤਕ ਹੀ ਨਿਭਦੀ ਹੈ।

**੯.** ਗੁਰਮੁਖਾਂ ਦਾ ਸਾਰਾ ਜੀਵਨ ਹੀ ਧਰਮ ’ਤੇ ਖੜ੍ਹਾ ਹੁੰਦਾ ਹੈ।
-ਮਨਮੁਖ ਦਾ ਕੋਈ ਧਰਮ ਨਹੀਂ ਹੁੰਦਾ।

**੧੦.** ਗੁਰਮੁਖ ਨਾਮ ਦਾ ਲੋਭ ਕਰਦਾ ਹੈ, ਜਿਸ ਸਦਕਾ ਉਹ ਹੋਰਨਾਂ ਨੂੰ ਵੀ ਜੀਵਨ ਦਾਨ ਦਿੰਦਾ ਹੈ।
-ਮਨਮੁਖ ਲੋਭ ਵਿਚ ਆ ਕੇ ਕਿਸੇ ਦੀ ਵੀ ਜਾਨ ਲੈ ਸਕਦਾ ਹੈ।

**੧੧.** ਗੁਰਮੁਖ ਹਰ ਇਨਸਾਨ ਵਿਚ ਰੱਬੀ ਜੋਤ ਵੇਖਦਾ ਹੋਇਆ, ਕਿਸੇ ਨਾਲ ਵੀ ਈਰਖਾ ਜਾਂ ਕਿਸੇ ਦੀ ਵੀ ਨਿੰਦਿਆ ਚੁਗਲੀ ਨਹੀਂ ਕਰਦਾ।
-ਮਨਮੁਖ ਈਰਖਾਲੂ ਸੁਭਾਅ ਕਰਕੇ, ਦੂਜਿਆਂ ਦੀ ਨਿੰਦਿਆ ਚੁਗਲੀ ਕਰਦਾ ਹੈ।

** #੨, ਸਰਦਾਰ ਐਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. ੯੮੧੫੧-੪੩੫੨੬*

**੧੨.** ਗੁਰਮੁਖ ਆਪਣੇ ਜੀਵਨ ਵਿਚ ਪੁੰਨਾਂ ਦੇ ਬੀਜ ਬੀਜਦਾ ਹੈ।
-ਮਨਮੁਖ ਆਪਣੇ ਜੀਵਨ ਵਿਚ ਪਾਪਾਂ ਦੇ ਬੀਜ ਬੀਜਦਾ ਹੈ।
**੧੩.** ਗੁਰਮੁਖ ਦਾ ਸੁਭਾਅ ਦਇਆਵਾਨ ਹੁੰਦਾ ਹੈ।
-ਮਨਮੁਖ ਦਾ ਸੁਭਾਅ ਕਠੋਰ-ਚਿਤ ਹੁੰਦਾ ਹੈ।
**੧੪.** ਗੁਰਮੁਖ ਨੂੰ ਆਸਰਾ ਸਿਰਫ ਆਪਣੇ ਸਤਿਗੁਰੂ ਜੀ ਦਾ ਹੀ ਹੁੰਦਾ ਹੈ।
-ਮਨਮੁਖ ਨੂੰ ਆਸਰਾ ਆਪਣੇ ਭੈਣ-ਭਰਾਵਾਂ, ਰਿਸ਼ਤੇਦਾਰਾਂ ਅਤੇ ਵੱਡੇ-ਵੱਡੇ ਮਾਇਆਧਾਰੀ ਲੋਕਾਂ ਦਾ ਹੁੰਦਾ ਹੈ।
**੧੫.** ਗੁਰਮੁਖ ਆਪਣੇ ਜੀਵਨ ਦੀ ਹਰ ਪ੍ਰਾਪਤੀ ਨੂੰ ਗੁਰੂ ਦੀ ਰਹਿਮਤ ਹੀ ਸਮਝਦਾ ਹੈ।
-ਮਨਮੁਖ ਆਪਣੇ ਜੀਵਨ ਦੀ ਹਰ ਪ੍ਰਾਪਤੀ ਨੂੰ ਆਪਣੀ ਕੀਤੀ ਹੋਈ ਸਖ਼ਤ ਮਿਹਨਤ ਦੀ ਪ੍ਰਾਪਤੀ ਸਮਝਦਾ ਹੈ।
**੧੬.** ਗੁਰਮੁਖ ਦਾ ਸੁਭਾਅ ਹੰਸ ਦੇ ਨਿਆਈਂ ਸਹਿਣਸ਼ੀਲਤਾ ਵਾਲਾ ਹੁੰਦਾ ਹੈ।
-ਮਨਮੁਖ ਦਾ ਸੁਭਾਅ ਕਾਂ ਦੇ ਨਿਆਈਂ ਚੰਚਲ ਹੁੰਦਾ ਹੈ।
**੧੭.** ਗੁਰਮੁਖ ਦੇ ਹਿਰਦੇ ਅੰਦਰ ਸਤ, ਸੰਤੋਖ, ਦਇਆ, ਧਰਮ ਅਤੇ ਨਿਮਰਤਾ ਦੇ ਪੰਜੇ ਮਹਾਨ ਗੁਣ ਪ੍ਰਬਲ ਹੋ ਜਾਂਦੇ ਹਨ।
-ਮਨਮੁਖ ਦੇ ਹਿਰਦੇ ਅੰਦਰ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦੇ ਪੰਜੇ ਵੱਡੇ ਵਿਕਾਰ ਪ੍ਰਬਲ ਹੋ ਜਾਂਦੇ ਹਨ।
**੧੮.** ਗੁਰਮੁਖ ਦਾ ਖਾਣਾ, ਪੀਣਾ ਅਤੇ ਪਹਿਨਣਾ ਆਦਿ ਸਭ ਰੱਬੀ ਮਰਯਾਦਾ ਵਿਚ ਹੀ ਹੁੰਦਾ ਹੈ।
-ਮਨਮੁਖ ਦਾ ਖਾਣਾ, ਪੀਣਾ ਅਤੇ ਪਹਿਨਣਾ ਆਦਿ ਸਭ ਦਿਖਾਵੇ ਦਾ ਹੁੰਦਾ ਹੋਇਆ, ਸਭ ਬੇਮਰਯਾਦਤ ਹੀ ਹੁੰਦਾ ਹੈ।
**੧੯.** ਗੁਰਮੁਖ ਦੁਨੀਆ ਵਿਚ ਰਹਿੰਦਾ ਹੋਇਆ, ਹਮੇਸ਼ਾ ਨਾਮ ਬਾਣੀ ਦਾ ਰਸ ਹੀ ਮਾਣਦਾ ਰਹਿੰਦਾ ਹੈ।
-ਮਨਮੁਖ ਦੁਨੀਆ ਵਿਚ ਰਹਿੰਦਾ ਹੋਇਆ ਹਮੇਸ਼ਾ ਦੁਨੀਆ ਦੇ ਹੀ ਰਸ ਭੋਗਦਾ ਰਹਿੰਦਾ ਹੈ।
**੨੦.** ਗੁਰਮੁਖ ਪਰਉਪਕਾਰੀ ਹੁੰਦਾ ਹੈ ਜਿਸ ਦੇ ਭਾਰ ਨਾਲ ਧਰਤੀ ਵੀ ਸ਼ੋਭਨੀਕ ਹੋ ਜਾਂਦੀ ਹੈ।
-ਮਨਮੁਖ ਅਕ੍ਰਿਤਘਣ ਨਿਆਈਂ ਹੁੰਦਾ ਹੈ, ਜਿਸ ਦਾ ਧਰਤੀ ਨੂੰ ਵੀ ਭਾਰ ਚੁੱਕਣਾ ਮੁਸ਼ਕਲ ਹੋ ਜਾਂਦਾ ਹੈ।
**੨੧.** ਗੁਰਮੁਖ ਗੁਰੂ ਜੀ ਦੇ ਅਧੀਨ ਰਹਿ ਕੇ, ਆਪਣਾ ਮਨੁੱਖਾ ਜਨਮ ਸਦਾ ਸਦਾ ਲਈ ਸੰਵਾਰ ਕੇ, ਸੱਚਖੰਡ ਨੂੰ ਚਲਾ ਜਾਂਦਾ ਹੈ।
-ਮਨਮੁਖ ਮਨ ਅਧੀਨ ਰਹਿ ਕੇ, ਆਪਣਾ ਮਨੁੱਖਾ ਜਨਮ ਖਰਾਬ ਕਰ ਕੇ, ਚੁਰਾਸੀ ਲੱਖ ਦੀਆਂ ਭਿਆਨਕ ਜੂਨਾਂ ਵਿਚ ਚਲਾ ਜਾਂਦਾ ਹੈ। ■

# ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਨਾਮ ਵੀਰ ਬਾਲ ਦਿਵਸ

*-ਡਾ. ਗੁਰਤੇਜ ਸਿੰਘ ਠੀਕਰੀਵਾਲਾ**

ਦੇਸ਼ ਵਿਚ ਪਿਛਲੇ ਤਿੰਨ ਸਾਲਾਂ ਤੋਂ ੨੬ ਦਸੰਬਰ ਦਾ ਦਿਨ ਛੋਟੇ ਸਾਹਿਬਜ਼ਾਦਿਆਂ ਨੂੰ ਸਮਰਪਿਤ ਕਰ ਕੇ 'ਵੀਰ ਬਾਲ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਜੇ ਬਾਲ ਦਿਵਸ ਦੇ ਪਿਛੋਕੜ ਵਿਚ ਦੇਖੀਏ ਤਾਂ ਇਹ ਬੱਚਿਆਂ ਨੂੰ ਸਮਰਪਿਤ ਇਕ ਤਿਉਹਾਰ ਵਿਸ਼ਵ ਦੇ ਲਗਪਗ ੯੮ ਦੇਸ਼ਾਂ ਵਿਚ ਮਨਾਇਆ ਜਾਂਦਾ ਹੈ। ਇਸ ਨੂੰ ਮਨਾਉਣ ਦੀ ਪਰੰਪਰਾ, ਰੀਤੀ ਅਤੇ ਇਤਿਹਾਸ ਹਰ ਦੇਸ਼ ਦਾ ਵੱਖਰਾ ਹੈ। ਸਭ ਤੋਂ ਪਹਿਲਾਂ ਜੂਨ ਮਹੀਨੇ ਦੇ ਦੂਸਰੇ ਐਤਵਾਰ ੧੮੫੭ ਈ. ਤੋਂ ਯੂਨਾਈਟਡ ਸਟੇਟਸ ਦੇ ਸਟੇਟ ਮੈਸਾਚੁਸੈਟਸ ਦੇ ਸ਼ਹਿਰ ਚੈਲਸੀਆ ਵਿਚ ਬਾਲ ਦਿਵਸ ਮਨਾਉਣਾ ਸ਼ੁਰੂ ਹੋਇਆ ਸੀ। ਇੱਥੇ ਨਾਮਵਰ ਪਾਦਰੀ ਡਾ. ਚਾਰਲਸ ਲੀਓਨਾਰਡ ਦੁਆਰਾ ਇਹ ਦਿਵਸ ਮਨਾਇਆ ਜਾਣ ਲਗਿਆ ਸੀ, ਜਿਸ ਵਿਚ ਬੱਚਿਆਂ ਨੂੰ ਸਮਰਪਿਤ ਸੇਵਾ ਦੀ ਭਾਵਨਾ ਦਾ ਅਮਲ ਸੀ। ਭਾਰਤ ਵਿਚ ਪੰਡਿਤ ਨਹਿਰੂ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਜਨਮ ਦਿਨ 'ਤੇ ੧੪ ਨਵੰਬਰ ਨੂੰ ਇਹ ਦਿਵਸ ਮਨਾਉਣ ਦਾ ਫੈਸਲਾ ਕੀਤਾ ਗਿਆ ਸੀ।

ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਬਾਲ ਦਿਵਸ ਨਾਲ ਜੋੜ ਕੇ ਵਿਆਖਿਆਉਣ ਤੇ ਮਨਾਉਣ ਦਾ ਵਰਤਾਰਾ ਵਿਚਾਰ ਦੀ ਮੰਗ ਕਰਦਾ ਹੈ। ਕਿਸੇ ਘਟਨਾ ਜਾਂ ਸਾਕੇ ਨੂੰ ਉਸੇ ਸੰਦਰਭ ਵਿਚ ਵੇਖਣਾ ਤੇ ਅਮਲ ਵਿਚ ਲਿਆਉਣਾ ਸਿਧਾਂਤ 'ਤੇ ਅਮਲ ਦੀ ਸ਼ੁਧ ਪੇਸ਼ਕਾਰੀ ਕਹੀ ਜਾ ਸਕਦੀ ਹੈ। ਕਿਸੇ ਘਟਨਾ ਨੂੰ ਕਿਸ ਤਰੀਕੇ ਨਾਲ ਪੇਸ਼ ਕੀਤਾ ਜਾ ਰਿਹਾ ਹੈ ਅਤੇ ਕਿਸ ਉਦੇਸ਼ ਲਈ ਪੇਸ਼ ਕੀਤਾ ਜਾ ਰਿਹਾ ਹੈ? ਹਰ ਘਟਨਾ ਦੇ ਸੰਬੰਧ ਇਹ ਦੋਵੇਂ ਸਵਾਲ ਅਹਿਮ ਹੁੰਦੇ ਹਨ। ਸਭ ਤੋਂ ਪਹਿਲੀ ਗੱਲ ਇਹ ਹੈ ਕਿ ਵਿਭਿੰਨ ਦੇਸ਼ਾਂ ਵਿਚ ਬੱਚਿਆਂ ਵਿਚਲੀ ਕੁਦਰਤੀ ਮਾਸੂਮੀਅਤ ਤੇ ਨਿਰਛਲ ਵਿਵਹਾਰ ਇਸ ਦਿਵਸ ਨੂੰ ਮਨਾਏ ਜਾਣ ਦੀ ਵਜ੍ਹਾ ਹੈ। ਉਨ੍ਹਾਂ ਵਿਚ ਦੇਸ਼-ਭਗਤੀ ਦੀ ਭਾਵਨਾ ਪੈਦਾ ਕਰਨਾ ਬਾਲ ਦਿਵਸ ਮਨਾਉਣ ਦਾ ਏਜੰਡਾ ਹੁੰਦਾ ਹੈ। ਭਾਰਤ ਵਿਚ ਇਹ ਦਿਵਸ ਸਰਕਾਰਾਂ ਵੱਲੋਂ ਦਿੱਤੇ ਜਾਂਦੇ ਬਾਲ ਵਿਕਾਸ ਦੇ ਪ੍ਰੋਗਰਾਮਾਂ ਦਾ ਹੀ ਇਕ ਹਿੱਸਾ ਹੈ। ਜੇ ਅਸੀਂ ਸੰਖੇਪ ਵਿਚ ਬਾਲ ਦਿਵਸ ਨੂੰ ਵਰਣਨ ਕਰਨਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਇਹ ਉਤਸਵ ਦੇਸ਼ ਦੀ ਸਰਕਾਰ ਵੱਲੋਂ ਆਯੋਜਿਤ ਕੀਤਾ ਜਾਂਦਾ ਹੈ। ਇਸ ਦਾ ਕਿਸੇ ਧਰਮ ਜਾਂ ਮਜ਼ਬ ਨਾਲ ਜਾਂ ਕੋਈ ਬ੍ਰਹਿਮੰਡੀ ਸਰੋਕਾਰ

**ਸਹਾਇਕ ਡਾਇਰੈਕਟਰ, ਡਾਇਰੈਕਟਰ ਆਫ਼ ਐਜੂਕੇਸ਼ਨ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਬਹਾਦਰਗੜ੍ਹ, ਪਟਿਆਲਾ-੧੪੭੦੨੧; ਮੋ. ੯੪੬੩੮-੬੧੩੧੯*

ਨਹੀਂ। ਇਸ ਦਿਵਸ ਦਾ ਕੋਈ ਲਾਸਾਨੀ ਜਾਂ ਕੁਰਬਾਨੀ ਵਾਲਾ ਪਿਛੋਕੜ ਨਹੀਂ। ਸਿਰਫ ਮਨੁੱਖੀ ਵਿਕਾਸ ਵਿਚ ਬਚਪਨ ਦੇ ਪੜਾਅ ਨੂੰ ਬਾਲ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਸੇ ਤਰ੍ਹਾਂ ਮਾਂ ਦਿਵਸ, ਪਿਤਾ ਦਿਵਸ, ਅਧਿਆਪਕ ਦਿਵਸ ਆਦਿ ਮਨਾਏ ਜਾਂਦੇ ਹਨ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਕਿ ਭਾਰਤ ਵਿਚ ਇਹ ਕਾਂਗਰਸ ਪਾਰਟੀ ਦੇ ਨੇਤਾ ਪੰਡਿਤ ਨਹਿਰੂ ਦੀ ਯਾਦ ਨਾਲ ਜੁੜਿਆ ਹੋਇਆ ਹੈ, ਇਸ ਸੰਦਰਭ ਵਿਚ ਵੀ ਦੇਸ਼ ਦੀ ਭਾਜਪਾ ਹਕੂਮਤ ਵੱਲੋਂ ਵੀਰ ਬਾਲ ਦਿਵਸ ਮਨਾਉਣਾ ਸਮਝ ਵਿਚ ਆਉਂਦਾ ਹੈ।

ਛੋਟੇ ਸਾਹਿਬਜ਼ਾਦਿਆਂ ਦੀ ਅਨੋਖੀ ਸ਼ਖ਼ਸੀਅਤ ਅਤੇ ਲਾਸਾਨੀ ਸ਼ਹਾਦਤ ਆਤਮਿਕ/ਧਾਰਮਿਕ ਸੰਸਕਾਰਾਂ ਅਤੇ ਮੁਹਾਣ ਵਾਲੀ ਹੈ। ਗੁਰੂ ਸਾਹਿਬਾਨ ਦੁਆਰਾ ਦਿੱਤਾ ਦੈਵੀ ਸੰਦੇਸ਼ ਸਮੇਂ ਤੇ ਸਥਾਨ ਦੇ ਬੰਧਨ ਵਿਚ ਨਹੀਂ। ਸੋ ਇਸ ਵਿਚ ਆਤਮਿਕ ਅਵਸਥਾ ਦਾ ਉਮਰ ਦੇ ਤਕਾਜ਼ੇ ਨਾਲ ਕੋਈ ਵਾਸਤਾ ਨਹੀਂ। ਇਸੇ ਲਈ ਗੁਰਬਾਣੀ ਵਿਚ ਆਤਮਿਕ ਰੰਗ ਵਿਚ ਰੰਗੇ ਬੱਚੇ, ਬਜ਼ੁਰਗਾਂ ਸਮਾਨ ਹਨ ਅਤੇ ਨਾਮ ਵਿਹੂਣੇ ਬਜ਼ੁਰਗ, ਬੱਚਿਆਂ ਸਮਾਨ ਮੰਨੇ ਗਏ ਹਨ। ਛੋਟੇ ਸਾਹਿਬਜ਼ਾਦੇ ਗੁਰੂ ਸਪੁੱਤਰ ਹਨ। ਉਨ੍ਹਾਂ ਦੀ ਆਤਮਿਕ ਅਮੀਰੀ ਦਾ ਪ੍ਰਮਾਣ ਉਨ੍ਹਾਂ ਦੀ ਸ਼ਹਾਦਤ ਅਤੇ ਸ਼ਹਾਦਤ ਦਾ ਸਮੁੱਚਾ ਵਰਤਾਰਾ ਹੈ। ਅਨੇਕਾਂ ਸ਼ਹਾਦਤਾਂ ਦੇ ਮਾਰਗ-ਦਰਸ਼ਕ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਕਿਸੇ ਇਕ ਰਾਸ਼ਟਰੀ ਦਿਵਸ ਨਾਲ ਤੁਲਨਾਉਣਾ ਉਨ੍ਹਾਂ ਦੀ ਸ਼ਖ਼ਸੀਅਤ ਅਤੇ ਸ਼ਹਾਦਤ ਦੋਹਾਂ ਦੇ ਬਰਾਬਰ ਨਹੀਂ।

ਸਰੀਰਕ ਤੌਰ 'ਤੇ ਛੋਟੀ ਉਮਰ ਦੇ ਬਾਵਜੂਦ ਉਹ ਆਤਮਿਕ ਸੁਰਤ ਦੇ ਪੱਧਰ 'ਤੇ ਅਥਾਹ ਜਾਗਰੂਕ ਹਨ। ਇਤਿਹਾਸਿਕ ਲਿਖਤਾਂ ਵਿੱਚੋਂ ਇਸ ਵਾਰਤਾਲਾਪ ਦੇ ਮਿਲਦੇ ਉਲੇਖ ਅਨੁਸਾਰ ਛੋਟੇ ਸਾਹਿਬਜ਼ਾਦੇ ਮਾਸੂਮੀਅਤ ਅਵਸਥਾ ਵਿਚ ਵੀ ਸੂਬੇ ਦੀ ਕਚਹਿਰੀ ਵਿਚ ਪਹੁੰਚਣ ਤੋਂ ਲੈ ਕੇ ਅਖੀਰ ਤਕ ਸਰੀਰਕ ਤੇ ਮਾਨਸਿਕ ਝੁਕਾਵਾਂ ਤੋਂ ਮੁਕੰਮਲ ਮੁਕਤ ਰਹੇ। ਉਨ੍ਹਾਂ ਦੇ ਬੋਲਾਂ ਤੇ ਹਾਵ-ਭਾਵਾਂ ਤੋਂ ਉਨ੍ਹਾਂ ਦੀ ਦਿੱਬ ਦ੍ਰਿਸ਼ਟੀ, ਸਹਿਜ ਅਤੇ ਸੂਝ-ਬੂਝ ਦੇ ਦੈਵੀ ਗੁਣਾਂ ਦਾ ਪ੍ਰਗਟਾਵਾ ਹੁੰਦਾ ਹੈ ਜਿਹੜੇ ਗੁਰਬਾਣੀ ਵਿਚ ਗੁਰਮੁਖ ਜਾਂ ਜੀਵਨ ਮੁਕਤ ਮਹਾਂਪੁਰਸ਼ ਦੇ ਦਰਸਾਏ ਗਏ ਹਨ ਅਤੇ ਜਿਨ੍ਹਾਂ ਦੇ ਧਾਰਨੀ ਨੂੰ ਉੱਚਤਮ ਅਧਿਆਤਮਿਕ ਅਵਸਥਾ ਦੀ ਪ੍ਰਾਪਤੀ ਲਈ ਕਿਸੇ ਵਿਸ਼ੇਸ਼ ਸਾਧਨਾ ਜਾਂ ਸ਼ਾਸਤਰੀ ਵਿਚਾਰਾਂ (ਪੁੰਨ-ਪਾਪ) ਵਿਚ ਉਲਝਣ ਦੀ ਲੋੜ ਨਹੀਂ। ਉਨ੍ਹਾਂ ਦੇ ਕਥਨਾਂ ਵਿੱਚੋਂ ਜਿੱਥੇ ਉਨ੍ਹਾਂ ਦੀ 'ਜੀਵਨ ਮੁਕਤ' ਅਵਸਥਾ ਦਾ ਦਰਸ਼ਨ ਹੁੰਦਾ, ਉੱਥੇ ਦਾਦਾ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਦੈਵੀ ਸ਼ਖ਼ਸੀਅਤ ਬਾਰੇ ਉਨ੍ਹਾਂ ਦਾ ਅਗੰਮੀ ਅਨੁਭਵ ਪ੍ਰਕਾਸ਼ਮਾਨ ਹੁੰਦਾ ਹੈ। ਸਵੈਮਾਣ, ਅਣਖ, ਬੀਰਤਾ, ਕੁਰਬਾਨੀ, ਪਰਉਪਕਾਰ ਜਿਹੇ ਗੁਣਾਂ ਦੇ ਪ੍ਰੇਰਕ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੇ ਪੰਜਾਬੀ ਸੱਭਿਆਚਾਰ ਦੀ ਗਾਇਨ

ਪਰੰਪਰਾ ਨੂੰ ਵੱਡੇ ਪੱਧਰ 'ਤੇ ਪ੍ਰਭਾਵਿਤ ਕੀਤਾ ਹੈ। ਸਿੱਖ ਬੱਚਿਆਂ ਤੇ ਨੌਜਵਾਨ ਪੀੜ੍ਹੀ ਨੂੰ ਧਰਮ ਤੇ ਵਿਰਾਸਤ ਦੇ ਆਤਮਿਕ ਮੰਡਲ ਵਿਚ ਪ੍ਰਪੱਕ ਰਹਿਣ ਦੇ ਆਸ਼ੇ ਤੋਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਵਾਰਤਾ ਤੋਂ ਉਪਰ ਕੋਈ ਇਤਿਹਾਸਿਕ ਬਿਰਤਾਂਤ, ਕਥਾ ਨਹੀਂ। ਸਾਲਾਨਾ ਸ਼ਹੀਦੀ ਸਭਾ 'ਤੇ ਹੋਰ ਸਮਾਗਮਾਂ ਨਾਲੋਂ ਜ਼ਿਆਦਾ ਇਕੱਤਰਤਾ ਹੋਣ ਦਾ ਰਿਕਾਰਡ ਵੀ ਇਨ੍ਹਾਂ ਸ਼ਹਾਦਤਾਂ ਪ੍ਰਤੀ ਅਥਾਹ ਸ਼ਰਧਾ ਤੇ ਸਤਿਕਾਰ ਦਾ ਸੂਚਕ ਹੈ। ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਸੱਚ ਸਿੱਖ ਇਤਿਹਾਸ ਦਾ ਅਜਿਹਾ ਬਿਰਤਾਂਤ ਹੈ ਜਿਹੜਾ ਪੂਰਵ-ਇਤਿਹਾਸਿਕ ਕਥਾਵਾਂ ਨੂੰ ਵੀ ਮਾਤ ਪਾਉਂਦਾ ਹੈ। ਇਸ ਨੂੰ ਬਿਆਨ ਕਰਨ ਲਈ ਕਿਸੇ 'ਪੌਰਾਣਿਕ ਕਥਾ' ਦੇ ਹਵਾਲਿਆਂ ਅਤੇ ਮੁਹਾਵਰੇ ਦੀ ਲੋੜ ਨਹੀਂ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਬਿਰਤਾਂਤ ਵਿਸ਼ਵ ਇਤਿਹਾਸ ਦੀ ਯਥਾਰਥਕ 'ਮਹਾਨ ਕਥਾ' ਹੈ ਨਾ ਕਿ ਕਿਸੇ ਸੀਮਤ ਅਤੇ ਇਕਹਿਰੀ ਮਹੱਤਤਾ ਵਾਲੇ ਸਰਕਾਰੀ ਦਿਵਸ ਦੀ ਮੁਥਾਜ।

'ਬਾਲ ਦਿਵਸ' ਛੋਟੇ ਸਾਹਿਬਜ਼ਾਦਿਆਂ ਨੂੰ ਸਮਰਪਿਤ ਕਰ ਕੇ ਮਨਾਉਣ ਨਾਲ ਬਾਲ ਦਿਵਸ ਦੀ ਮਹਾਨਤਾ ਤਾਂ ਜ਼ਰੂਰ ਵਧ ਸਕਦੀ ਹੈ ਪਰ ਛੋਟੇ ਸਾਹਿਬਜ਼ਾਦਿਆਂ ਦੀ ਮਹਾਨ ਸ਼ਖ਼ਸੀਅਤ ਤੇ ਸ਼ਹਾਦਤ ਨੂੰ ਸੀਮਤ ਕੀਤਾ ਜਾ ਰਿਹਾ ਹੈ। ਇਸ ਦੀ ਵਜ੍ਹਾ ਇਹ ਹੈ ਕਿ ਉਨ੍ਹਾਂ ਦੀ ਸ਼ਖ਼ਸੀਅਤ ਅਤੇ ਸ਼ਹਾਦਤ ਦਾ ਅਮਲ ਬ੍ਰਹਿਮੰਡੀ ਹੈ। ਕਿਸੇ ਦੇਸ਼ ਦੀ ਹਦੂਦ ਵਿਚ ਅਤੇ ਸਮੇਂ ਦੀ ਸੀਮਾ ਵਿਚ ਉਨ੍ਹਾਂ ਨੂੰ ਜਕੜਿਆ ਨਹੀਂ ਜਾ ਸਕਦਾ। ਵੱਖ-ਵੱਖ ਦੇਸ਼ਾਂ ਵਿਚ ਮਨਾਏ ਜਾਂਦੇ ਬਾਲ ਦਿਵਸ ਰਾਸ਼ਟਰ ਸੀਮਾਵਾਂ ਤਕ ਸੀਮਤ ਹਨ। ਸਿੱਖ ਸ਼ਹਾਦਤਾਂ ਨਿਰੋਲ ਸੱਚ ਧਰਮ ਦੀ ਸਥਾਪਨਾ ਅਤੇ ਅਸੁਰੀ ਤਾਕਤਾਂ ਨੂੰ ਟੱਕਰ ਦੇਣ ਦੇ ਅਮਲ ਦਾ ਸਿੱਟਾ ਹਨ। ਅਜਿਹੇ ਦਿਵਸ ਰਾਸ਼ਟਰੀ ਹੱਦਾਂ ਨੂੰ ਮਜ਼ਬੂਤ ਕਰਨ ਅਤੇ ਦੂਸਰੇ ਰਾਸ਼ਟਰਾਂ ਪ੍ਰਤੀ ਹੀਣ ਭਾਵਨਾ ਨੂੰ ਉਪਜਾਉਂਦੇ ਹਨ ਜਦ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਰਾਸ਼ਟਰੀ ਹੱਦਾਂ ਤੋਂ ਪਾਰ ਸਮੁੱਚੀ ਮਾਨਵਤਾ ਦੀ ਏਕਤਾ, ਧਾਰਮਿਕ ਸਹਿਣਸ਼ੀਲਤਾ ਅਤੇ ਧਾਰਮਿਕ ਸੁਤੰਤਰਤਾ ਦਾ ਪੈਗ਼ਾਮ ਦਿੰਦੀ ਹੈ। ਸੋ ਸਾਹਿਬਜ਼ਾਦਿਆਂ ਦੀ ਸ਼ਹਾਦਤ, ਛੋਟੀ ਉਮਰ, ਆਤਮਿਕ ਉੱਚਤਾ ਅਤੇ ਹਕੂਮਤ ਨੂੰ ਵੰਗਾਰਨ ਦਾ ਅਡੋਲ ਤੇ ਜੁਰਅੱਤ ਭਰਿਆ ਪੈਂਤੜਾ ਉਨ੍ਹਾਂ ਨੂੰ ਆਮ ਬੱਚਿਆਂ ਨਾਲੋਂ ਕਿਤੇ ਵੱਡੇ 'ਬਾਬਾ' ਪਦ ਦਾ ਹੱਕਦਾਰ ਬਣਾ ਦਿੰਦਾ ਹੈ। ਸਿੱਖ ਪਰੰਪਰਾ ਵਿਚ ਸਮੁੱਚੀ ਮਨੁੱਖਤਾ ਲਈ ਉਹ 'ਬਾਬੇ' ਹਨ। ਇਹੀ ਕਾਰਨ ਹੈ ਕਿ ਸਿੱਖ ਪੰਥ ਦੇ ਵੱਡੇ ਹਿੱਸੇ ਵਿਚ 'ਵੀਰ ਬਾਲ ਦਿਵਸ' ਨਾਮ 'ਤੇ ਇਤਰਾਜ਼ ਵੀ ਹੈ। ਇਸ ਲਈ ਬਾਬਾ ਜੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਨੂੰ ਬਾਲ ਦਿਵਸ ਤਕ ਸੀਮਤ ਕਰਨਾ ਸਿੱਖ ਪਰੰਪਰਾ ਅਨੁਸਾਰ ਉੱਚਿਤ ਨਹੀਂ।

**ਬਾਕੀ ਸਫਾ ੫੩ 'ਤੇ**

# ਸ੍ਰੀ ਨਨਕਾਣਾ ਸਾਹਿਬ ਦੇ ਪ੍ਰਬੰਧ ਸੰਭਾਲਣ ਵਿਚ ਸ. ਤੇਜਾ ਸਿੰਘ ਸਮੁੰਦਰੀ ਦੀ ਭੂਮਿਕਾ

*-ਡਾ. ਹਰਪ੍ਰੀਤ ਕੌਰ**

ਸ੍ਰੀ ਨਨਕਾਣਾ ਸਾਹਿਬ ਉਹ ਪਾਵਨ ਧਰਤੀ ਹੈ ਜਿੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਹੋਇਆ। ਮੌਜੂਦਾ ਸਮੇਂ ਇਹ ਅਸਥਾਨ ਪਾਕਿਸਤਾਨ ਵਿਚ ਸੁਸ਼ੋਭਿਤ ਹੈ। ਇਸ ਅਸਥਾਨ ਉੱਪਰ ਫਰਵਰੀ ੧੯੨੧ ਈ. ਨੂੰ ਇਕ ਸਾਕਾ ਵਾਪਰਿਆ ਜਿਸਨੂੰ ਸਿੱਖ ਇਤਿਹਾਸ ਵਿਚ ਸਾਕਾ ਨਨਕਾਣਾ ਸਾਹਿਬ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਅਨੁਸਾਰ ਸਾਕਾ ਸ਼ਬਦ ਤੋਂ ਭਾਵ, "ਕੋਈ ਐਸਾ ਕਰਮ ਜੋ ਇਤਿਹਾਸ ਵਿਚ ਪ੍ਰਸਿੱਧ ਰਹਿਣ ਲਾਇਕ ਹੋਵੇ।"[੧] ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਵੀ ਸਾਕਾ ਸ਼ਬਦ ਨਾਲ ਯਾਦ ਕੀਤਾ ਗਿਆ ਹੈ। ਇਸ ਪ੍ਰਥਾਇ ਬਚਿੱਤਰ ਨਾਟਕ ਵਿਚ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਫੁਰਮਾਉਂਦੇ ਹਨ:

*ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰ ਸਿਰਰੁ ਨ ਦੀਆ॥*

ਸਿੱਖਾਂ ਦੁਆਰਾ ਮਹੰਤਾਂ ਹੱਥੋਂ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਛੁਡਾ ਕੇ ਸਿੱਖ ਪੰਥ ਹੇਠ ਲਿਆਉਣ ਹਿਤ ਕਾਫੀ ਜੱਦੋ-ਜਹਿਦ ਕੀਤੀ ਗਈ। ਇਸ ਦੌਰਾਨ ਕਈ ਘਟਨਾਵਾਂ ਵਾਪਰੀਆਂ ਜਿਨ੍ਹਾਂ ਵਿਚ ਸਿੱਖਾਂ ਨੇ ਸ਼ਹਾਦਤਾਂ ਪ੍ਰਾਪਤ ਕੀਤੀਆਂ। ਹਥਲੇ ਲੇਖ ਦਾ ਮਨੋਰਥ ਸ. ਤੇਜਾ ਸਿੰਘ ਸਮੁੰਦਰੀ ਦੁਆਰਾ ਸ੍ਰੀ ਨਨਕਾਣਾ ਸਾਹਿਬ ਨੂੰ ਮਹੰਤਾਂ ਹੱਥੋਂ ਅਜ਼ਾਦ ਕਰਵਾਉਣ ਲਈ ਨਿਭਾਈ ਭੂਮਿਕਾ ਸੰਬੰਧੀ ਸੰਖੇਪ ਜਾਣਕਾਰੀ ਪ੍ਰਦਾਨ ਕਰਨਾ ਹੈ।

ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਦੀ ਹਦੂਦ ਅੰਦਰ ਮਹੰਤਾਂ ਦੁਆਰਾ ਕਈ ਕੁਕਰਮ ਕੀਤੇ ਜਾ ਰਹੇ ਸਨ। ਜਦੋਂ ਨਰਾਇਣ ਦਾਸ ਮਹੰਤ ਬਣਿਆ ਤਾਂ ਉਸ ਨੇ ਪਹਿਲੇ ਮਹੰਤ ਦੀ ਤਰ੍ਹਾਂ ਮਾੜੇ ਕੰਮ ਨਾ ਕਰਨ ਦਾ ਇਕਬਾਲ ਕੀਤਾ। ਪਰ ਕੁਝ ਸਮੇਂ ਪਿੱਛੋਂ ਨਰਾਇਣ ਦਾਸ ਵੀ ਗਲਤ ਕੰਮ ਕਰਨ ਲੱਗ ਪਿਆ। ਉਸ ਨੇ ਵਿਭਚਾਰ ਦੀਆਂ ਸਾਰੀਆਂ ਹੱਦਾਂ ਖਤਮ ਕਰ ਦਿੱਤੀਆਂ ਸਨ। ਜਿਵੇਂ ੧੯੧੭ ਈ. ਵਿਚ ਮਹੰਤ ਦੁਆਰਾ ਵੇਸਵਾਵਾਂ ਦਾ ਨਾਚ ਕਰਵਾਉਣਾ ਗੁਰਦੁਆਰਾ ਸਾਹਿਬ ਦੀ ਮਰਯਾਦਾ ਨੂੰ ਢਾਹ ਲਾਉਣ ਵਾਲੀਆਂ ਬੇਹੂਦਾ ਹਰਕਤਾਂ ਸਨ। ਇਸੇ ਤਰ੍ਹਾਂ ਲਾਇਲਪੁਰ ਤੋਂ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਆਈਆਂ ਛੇ ਬੀਬੀਆਂ ਦੀ ਰਾਤ ਗੁਰਦੁਆਰਾ ਸਾਹਿਬ ਵਿਚ ਬੇਪਤੀ ਕੀਤੀ ਗਈ। ਇਸ ਤੋਂ ਇਲਾਵਾ ਸਿੰਧ ਦੇ ਇਕ ਰਿਟਾਇਰਡ ਸੈਸ਼ਨ ਜੱਜ ਦੀ ੧੨-੧੩ ਸਾਲ ਦੀ ਧੀ ਦੀ ਸੋਦਰੁ

** ਰੀਸਰਚ ਸਕਾਲਰ, ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ. ੯੬੪੬੭-੮੫੯੯੮*

ਬਾਣੀ ਦੇ ਪਾਠ ਸਮੇਂ ਇੱਜ਼ਤ ਲੁੱਟੀ ਗਈ। ਇਸ ਤਰ੍ਹਾਂ ਦੀਆਂ ਸ਼ਰਮਨਾਕ ਘਟਨਾਵਾਂ ਗੁਰਦੁਆਰਾ ਜਨਮ ਅਸਥਾਨ ਵਿਚ ਵਾਪਰਨੀਆਂ ਆਮ ਸ਼ੁਰੂ ਹੋ ਗਈਆਂ ਸਨ। ਜਿਸ ਕਾਰਨ ਇਸ ਪਾਵਨ ਅਸਥਾਨ ਨੂੰ ਮਹੰਤਾਂ ਹੱਥੋਂ ਅਜ਼ਾਦ ਕਰਵਾਉਣਾ ਬੇਹੱਦ ਜਰੂਰੀ ਸੀ। ਅਕਤੂਬਰ ੧੯੨੦ ਈ. ਵਿਚ ਪਿੰਡ ਧਾਰੋਵਾਲੀ ਜ਼ਿਲ੍ਹਾ ਸ਼ੇਖ਼ੂਪੁਰਾ ਵਿਚ ਦੀਵਾਨ ਕਰਕੇ ਸ੍ਰੀ ਨਨਕਾਣਾ ਸਾਹਿਬ ਦੇ ਪ੍ਰਬੰਧ ਨੂੰ ਸੁਧਾਰਨ ਲਈ ਗੁਰਮਤਾ ਕੀਤਾ ਗਿਆ।[੨] ਇਸੇ ਸੰਬੰਧ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ੨੪ ਜਨਵਰੀ, ੧੯੨੧ ਈ. ਵਿਚ ਮੀਟਿੰਗ ਰੱਖੀ ਗਈ। ਮੀਟਿੰਗ ਵਿਚ ੫, ੬ ਤੇ ੭ ਮਾਰਚ ੧੯੨੧ ਈ. ਨੂੰ ਸ੍ਰੀ ਨਨਕਾਣਾ ਸਾਹਿਬ ਵਿਚ ਕੀਤੇ ਜਾਣ ਵਾਲੇ ਦੀਵਾਨ ਵਿਚ ਮਹੰਤ ਨੂੰ ਆਪਣੀਆਂ ਆਦਤਾਂ ਸੁਧਾਰਨ ਦੀ ਤਾਕੀਦ ਕਰਨ ਦਾ ਫੈਸਲਾ ਕੀਤਾ ਗਿਆ। ਸੰਗਤ ਲਈ ਲੰਗਰ ਆਦਿ ਦਾ ਪ੍ਰਬੰਧ ਕਰਨ ਲਈ ੬ ਫਰਵਰੀ ਨੂੰ ਬਣਾਈ ਗਈ ਪੰਜ ਮੈਂਬਰੀ ਕਮੇਟੀ ਵਿਚ ਭਾਈ ਲਛਮਣ ਸਿੰਘ ਧਾਰੋਵਾਲੀ, ਸ. ਦਲੀਪ ਸਿੰਘ ਸਾਂਗਲਾ, ਸ. ਤੇਜਾ ਸਿੰਘ ਸਮੁੰਦਰੀ, ਕਰਤਾਰ ਸਿੰਘ ਝੱਬਰ ਅਤੇ ਬਖਸ਼ੀਸ਼ ਸਿੰਘ ਨੂੰ ਸ਼ਾਮਿਲ ਕੀਤਾ ਗਿਆ।[੩] ਸ੍ਰੀ ਨਨਕਾਣਾ ਸਾਹਿਬ ਦੇ ਮਹੰਤ ਵੱਲੋਂ ਸਮਝੌਤੇ ਦੀ ਤਜ਼ਵੀਜ ਪੇਸ਼ ਕਰਨ 'ਤੇ ਗੱਲਬਾਤ ਨੂੰ ਅੱਗੇ ਤੋਰਨ ਲਈ ਇੱਕ ਹੋਰ ਕਮੇਟੀ ਕਾਇਮ ਕੀਤੀ ਗਈ ਜਿਸ ਦੇ ਪੰਜ ਮੈਂਬਰਾਂ ਵਿਚ ਬਾਬਾ ਕੇਹਰ ਸਿੰਘ ਪੱਟੀ, ਪ੍ਰੋ. ਜੋਧ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ, ਸ. ਬੂਟਾ ਸਿੰਘ ਵਕੀਲ ਸ਼ੇਖ਼ੂਪੁਰਾ, ਸ. ਕਰਤਾਰ ਸਿੰਘ ਝੱਬਰ ਦੇ ਨਾਲ ਸ. ਤੇਜਾ ਸਿੰਘ ਸਮੁੰਦਰੀ ਵੀ ਸਨ।[੪] ਇਸ ਤਰ੍ਹਾਂ ਦੋਵਾਂ ਕਮੇਟੀਆਂ ਵਿਚ ਸ. ਤੇਜਾ ਸਿੰਘ ਸਮੁੰਦਰੀ ਨੂੰ ਨਾਮਜ਼ਦ ਕੀਤਾ ਗਿਆ। ਇਸ ਕਮੇਟੀ ਨੇ ਮਹੰਤ ਨਾਲ ਵਿਚਾਰਾਂ ਕਰਨ ਲਈ ਫਰਵਰੀ ੧੯੨੧ ਵਿਚ ਉਸ ਨੂੰ ਗੁਰਦੁਆਰਾ ਖਰਾ ਸੌਦਾ ਬੁਲਾਇਆ ਗਿਆ ਪਰ ਮਹੰਤ ਉੱਥੇ ਨਾ ਪਹੁੰਚਿਆ। ਮਹੰਤ ਨੇ ਆਪਣੀ ਥਾਂ ਹੋਰਨਾਂ ਨੂੰ ਭੇਜ ਕੇ ਗੁਰਦੁਆਰਾ ਖਰਾ ਸੌਦਾ ਮਿਲਣ ਦੀ ਬਜਾਇ ਕਿਸੇ ਸ਼ਹਿਰ ਵਿਚ ਮਿਲਣ ਦਾ ਸੁਨੇਹਾ ਭੇਜਿਆ। ਮਹੰਤ ਨੇ ਸ਼ੇਖ਼ੂਪੁਰੇ ਮਿਲਣ ਦਾ ਫੈਸਲਾ ਕੀਤਾ ਪਰ ਉਹ ਉੱਥੇ ਵੀ ਨਾ ਆਇਆ ਤੇ ਸ. ਬੂਟਾ ਸਿੰਘ ਸ਼ੇਖ਼ੂਪੁਰਾ ਅਤੇ ਕਰਤਾਰ ਸਿੰਘ ਝੱਬਰ ਨੂੰ ਲਾਹੌਰ ਵਿਚ ਮਿਲਣ ਦਾ ਸੁਨੇਹਾ ਭੇਜਿਆ। ਪਰ ਮਹੰਤ ਇੱਥੇ ਵੀ ਨਾ ਪਹੁੰਚਿਆ ਅਤੇ ਨਾ ਹੀ ਕਿਸੇ ਰਾਹੀਂ ਆਪਣੇ ਨਾ ਪਹੁੰਚਣ ਦਾ ਸੁਨੇਹਾ ਭੇਜਿਆ। ਭਾਈ ਕਰਤਾਰ ਸਿੰਘ ਝੱਬਰ ਤੇ ਸ. ਬੂਟਾ ਸਿੰਘ ਨੂੰ ਜਦੋਂ ਮਹੰਤ ਦੀਆਂ ਮਾੜੀਆਂ ਨੀਤਾਂ ਦਾ ਪਤਾ ਲੱਗਾ ਤਾਂ ਉਨ੍ਹਾਂ ਨੂੰ ਬਹੁਤ ਗੁੱਸਾ ਆਇਆ।[੫]

੧੭ ਫਰਵਰੀ ਨੂੰ ਸ੍ਰੀ ਗੁਰੂ ਸਿੰਘ ਸਭਾ ਲਾਇਲਪੁਰ ਦੇ ਗੁਰਦੁਆਰੇ ਵਿਚ ਸ੍ਰੀ ਨਨਕਾਣਾ ਸਾਹਿਬ ਜਥਾ ਲਿਜਾਣ ਬਾਰੇ ਵਿਚਾਰ ਕੀਤੀ ਗਈ। ਭਾਈ ਲਛਮਣ ਸਿੰਘ ਦੁਆਰਾ ਜਥਾ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਗਿਆ। ਗਿਆਨੀ ਪ੍ਰਤਾਪ ਸਿੰਘ ਅਨੁਸਾਰ ਸਾਰੀ ਤਹਿਰੀਕ ਨੂੰ ਭਾਈ ਲਛਮਣ ਸਿੰਘ, ਸ. ਤੇਜਾ ਸਿੰਘ ਸਮੁੰਦਰੀ, ਮਾਸਟਰ ਤਾਰਾ ਸਿੰਘ, ਭਾਈ ਕਰਤਾਰ ਸਿੰਘ ਝੱਬਰ, ਸ. ਤੇਜਾ ਸਿੰਘ ਚੂਹੜਕਾਣਾ, ਸ. ਸੁੱਚਾ ਸਿੰਘ ਜੈਚਕ, ਭਾਈ ਬੂਟਾ ਸਿੰਘ ਚੱਕ ਨੰ. ੨੦੪ ਅਤੇ ਸ. ਰਾਜਾ ਸਿੰਘ ਜੜ੍ਹਾਂਵਾਲਾ ਚਲਾ ਰਹੇ ਸਨ।[੬] ਇਸ ਤੋਂ ਪਤਾ ਲੱਗਦਾ ਹੈ ਕਿ

ਸ. ਤੇਜਾ ਸਿੰਘ ਸਮੁੰਦਰੀ ਸ੍ਰੀ ਨਨਕਾਣਾ ਸਾਹਿਬ ਨੂੰ ਪੰਥਕ ਪ੍ਰਬੰਧ ਅਧੀਨ ਲਿਆਉਣ ਲਈ ਯੋਗਦਾਨ ਪਾਉਣ ਵਾਲੇ ਪ੍ਰਮੁੱਖ ਆਗੂਆਂ ਵਿੱਚੋਂ ਸਨ।

ਮਹੰਤ ਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ੧੯-੨੦ ਫਰਵਰੀ ਨੂੰ ਇਕ ਕਾਨਫਰੰਸ ਰੱਖੀ ਗਈ ਸੀ, ਜਿਸ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਕਰਤਾਰ ਸਿੰਘ ਝੱਬਰ ਦੇ ਜਥੇ ਦੁਆਰਾ ਮਾਰਚ ਦੇ ਇਕੱਠ ਤੋਂ ਪਹਿਲਾਂ ਮਹੰਤ ਦੀ ਗ਼ੈਰ-ਹਾਜ਼ਰੀ ਵਿਚ ਸ੍ਰੀ ਨਨਕਾਣਾ ਸਾਹਿਬ ਉੱਪਰ ਕਬਜ਼ਾ ਕਰਨ ਦਾ ਫੈਸਲਾ ਕੀਤਾ ਗਿਆ ਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਨੂੰ ਪ੍ਰਵਾਨਗੀ ਨਾ ਦਿੱਤੀ ਗਈ।[੭] ਅਕਾਲੀ ਆਗੂਆਂ ਨੂੰ ਮਹੰਤ ਦੇ ਗ਼ਲਤ ਇਰਾਦਿਆਂ ਦਾ ਪਤਾ ਲੱਗਣ 'ਤੇ ਕੋਸ਼ਿਸ਼ਾਂ ਕੀਤੀਆਂ ਗਈਆਂ ਕਿ ਮਾਰਚ ਦੇ ਦੀਵਾਨ ਤੋਂ ਪਹਿਲਾਂ ਕੋਈ ਜਥਾ ਸ੍ਰੀ ਨਨਕਾਣਾ ਸਾਹਿਬ ਨਾ ਪਹੁੰਚੇ। ਪਰ ਮਹੰਤ ਦੀਆਂ ਸਾਜਿਸ਼ਾਂ ਦਾ ਪਤਾ ਲੱਗਣ 'ਤੇ ਕਰਤਾਰ ਸਿੰਘ ਝੱਬਰ ਨੇ ਭਾਈ ਲਛਮਣ ਸਿੰਘ ਧਾਰੋਵਾਲੀ ਅਤੇ ਭਾਈ ਬੂਟਾ ਸਿੰਘ ਲਾਇਲਪੁਰ ਨਾਲ ਸਲਾਹ ਕਰਕੇ ੧੯ ਫਰਵਰੀ ਨੂੰ ਭਾਈ ਬੂਟਾ ਸਿੰਘ ਨੂੰ ਸਵੇਰੇ ਸ੍ਰੀ ਨਨਕਾਣਾ ਸਾਹਿਬ ਪਹੁੰਚਣ ਅਤੇ ਨਾਲ ਹੀ ਭਾਈ ਲਛਮਣ ਸਿੰਘ ਧਾਰੋਵਾਲੀ ਨੂੰ ਆਪਣਾ ਜਥਾ ਲੈ ਕੇ ਸ਼ਾਮਿਲ ਹੋਣ ਦੀ ਤਾਕੀਦ ਕੀਤੀ। ਇਸ ਗੱਲ ਦੀ ਕਨਸੋਅ ਮਿਲਦਿਆਂ ਹੀ ਸ. ਹਰਚੰਦ ਸਿੰਘ, ਸ. ਤੇਜਾ ਸਿੰਘ ਸਮੁੰਦਰੀ ਤੇ ਮਾਸਟਰ ਤਾਰਾ ਸਿੰਘ ੧੯ ਫਰਵਰੀ ਨੂੰ ਅਕਾਲੀ ਅਖ਼ਬਾਰ ਦੇ ਦਫਤਰ ਵਿਚ ਲਾਹੌਰ ਪਹੁੰਚੇ। ਇੱਥੇ ਮੀਟਿੰਗ ਵਿਚ ਸ. ਸਰਦੂਲ ਸਿੰਘ ਕਵੀਸ਼ਰ, ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਸ. ਜਸਵੰਤ ਸਿੰਘ ਝਬਾਲ ਅਤੇ ਭਾਈ ਦਲੀਪ ਸਿੰਘ ਸਾਂਗਲਾ ਨੇ ਸ਼ਿਰਕਤ ਕੀਤੀ। ਜਿਸ ਵਿਚ ਤੈਅ ਕੀਤੀ ਹੋਈ ਤਾਰੀਖ ਤੋਂ ਪਹਿਲਾਂ ਸ੍ਰੀ ਨਨਕਾਣਾ ਸਾਹਿਬ ਵਿਖੇ ਜਥਿਆਂ ਨੂੰ ਰੋਕਣ ਦਾ ਫੈਸਲਾ ਲਿਆ ਗਿਆ।[੮]

ਮਾਸਟਰ ਤਾਰਾ ਸਿੰਘ ਦੀ ਸਵੈਜੀਵਨੀ ਤੋਂ ਪਤਾ ਲੱਗਦਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੀਟਿੰਗ ਤੋਂ ਇਕ ਦਿਨ ਪਹਿਲਾਂ ਸ. ਤੇਜਾ ਸਿੰਘ ਸਮੁੰਦਰੀ ਮਾਸਟਰ ਤਾਰਾ ਸਿੰਘ ਕੋਲ ਗਏ। ਮਿਲਣੀ ਦੌਰਾਨ ਉਨ੍ਹਾਂ ਭਾਈ ਲਛਮਣ ਸਿੰਘ ਧਾਰੋਵਾਲੀ ਦੁਆਰਾ ਜ਼ਿਲ੍ਹਾ ਲਾਇਲਪੁਰ ਵਿੱਚੋਂ ਅਕਾਲੀਆਂ ਨੂੰ ਇਕੱਠੇ ਕਰਨ ਬਾਰੇ ਦੱਸਿਆ। ਪਰ ਤੇਜਾ ਸਿੰਘ ਸਮੁੰਦਰੀ ਨੂੰ ਫਿਕਰ ਸੀ ਕਿ ਕਿਤੇ ਕੋਈ ਘਟਨਾ ਨਾ ਵਾਪਰ ਜਾਵੇ।[੯] ਸ. ਤੇਜਾ ਸਿੰਘ ਸਮੁੰਦਰੀ ਤੇ ਮਾਸਟਰ ਤਾਰਾ ਸਿੰਘ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਕੱਤ੍ਰਤਾ ਵਿਚ ਸ਼ਾਮਿਲ ਹੋਣ ਲਈ ਅੰਮ੍ਰਿਤਸਰ ਪੁੱਜੇ। ਇਨ੍ਹਾਂ ਨੂੰ ਤੁਰੰਤ ਸ੍ਰੀ ਨਨਕਾਣਾ ਸਾਹਿਬ ਵੱਲ ਜਥਿਆਂ ਨੂੰ ਜਾਣ ਤੋਂ ਰੋਕਣ ਦੀ ਤਾਕੀਦ ਕੀਤੀ ਗਈ। ਸ. ਤੇਜਾ ਸਿੰਘ ਸਮੁੰਦਰੀ ਤੇ ਮਾਸਟਰ ਤਾਰਾ ਸਿੰਘ ਨੇ ਲਾਇਲਪੁਰ ਤੋਂ ਕਰਤਾਰ ਸਿੰਘ ਝੱਬਰ ਨੂੰ ਸਵੇਰੇ ਪੰਜ ਵਜੇ ਚੂਹੜਕਾਣਾ ਸਟੇਸ਼ਨ 'ਤੇ ਮਿਲਣ ਸੰਬੰਧੀ ਤਾਰ ਭੇਜੀ। ਪਰ ਕਰਤਾਰ ਸਿੰਘ ਝੱਬਰ ਨੂੰ ਇਸ ਗੱਲ ਦਾ ਸ਼ੱਕ ਹੋਇਆ ਕਿ ਉਹ ਸਾਨੂੰ ਸ੍ਰੀ ਨਨਕਾਣਾ ਸਾਹਿਬ ਜਾਣ ਤੋਂ ਰੋਕਣਾ ਚਾਹੁੰਦੇ ਹਨ। ਇਸੇ ਕਰਕੇ ਉਨ੍ਹਾਂ ਭਾਈ ਸੁੱਚਾ ਸਿੰਘ ਨੂੰ ਗੱਲ ਸੁਣਨ ਲਈ ਭੇਜ ਦਿੱਤਾ। ਸ. ਤੇਜਾ ਸਿੰਘ ਸਮੁੰਦਰੀ ਤੇ ਮਾਸਟਰ ਤਾਰਾ

ਸਿੰਘ ਨੇ ਵੀ ਉਸ ਨੂੰ ਸੁਨੇਹਾ ਦਿੱਤਾ ਕਿ ਉਹ ਕਰਤਾਰ ਸਿੰਘ ਝੱਬਰ ਨੂੰ ਸ੍ਰੀ ਨਨਕਾਣਾ ਸਾਹਿਬ ਜਥਾ ਲਿਜਾਣ ਤੋਂ ਰੋਕ ਲਵੇ। ਭਾਈ ਦਲੀਪ ਸਿੰਘ ਅਤੇ ਭਾਈ ਜਸਵੰਤ ਸਿੰਘ ਨੇ ਵੀ ਕਰਤਾਰ ਸਿੰਘ ਝੱਬਰ ਨੂੰ ਸੂਚਿਤ ਕੀਤਾ ਕਿ ਸਾਨੂੰ ਕਮੇਟੀ ਨੇ ਤੁਹਾਨੂੰ ਰੋਕਣ ਲਈ ਭੇਜਿਆ ਹੈ ਪਰ ਝੱਬਰ ਨੇ ਕਿਹਾ ਕਿ ਤੁਹਾਨੂੰ ਕਮੇਟੀ ਨੇ ਨਹੀਂ ਭੇਜਿਆ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਸਾਨੂੰ ਪੰਥਕ ਲੀਡਰਾਂ ਸ. ਤੇਜਾ ਸਿੰਘ ਸਮੁੰਦਰੀ, ਮਾਸਟਰ ਤਾਰਾ ਸਿੰਘ, ਸ. ਅਮਰ ਸਿੰਘ ਝਬਾਲ, ਸ. ਸਰਦੂਲ ਸਿੰਘ ਕਵੀਸ਼ਰ ਆਦਿਕ ਨੇ ਭੇਜਿਆ ਹੈ। ਪਰ ਕਰਤਾਰ ਸਿੰਘ ਝੱਬਰ ਨੇ ਕਿਹਾ ਕਿ ਹੁਣ ਸ੍ਰੀ ਨਨਕਾਣਾ ਸਾਹਿਬ ਜਾਣ ਲਈ ਅਸੀਂ ਤਿਆਰ ਹਾਂ। ਇਸ ਤੋਂ ਬਾਅਦ ਭਾਈ ਦਲੀਪ ਸਿੰਘ ਨੂੰ ਵੀ ਜਥਿਆਂ ਨੂੰ ਰੋਕਣ ਦੀ ਜ਼ਿੰਮੇਵਾਰੀ ਦਿੱਤੀ ਗਈ।[੧੦]

ਸ. ਤੇਜਾ ਸਿੰਘ ਸਮੁੰਦਰੀ ਤੇ ਮਾਸਟਰ ਤਾਰਾ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਕੱਤ੍ਰਤਾ ਵਿਚ ਜਾ ਕੇ ਸੂਚਿਤ ਕੀਤਾ ਕਿ ਅਸੀਂ ਜਥਿਆਂ ਨੂੰ ਸ੍ਰੀ ਨਨਕਾਣਾ ਸਾਹਿਬ ਜਾਣ ਤੋਂ ਰੋਕਣ ਦੇ ਪ੍ਰਬੰਧ ਤਾਂ ਕੀਤੇ ਹਨ ਪਰ ਸ਼ਾਇਦ ਉਹ ਨਾ ਰੁਕਣ। ਭਾਈ ਲਛਮਣ ਸਿੰਘ ਨੂੰ ਜਦੋਂ ਭਾਈ ਵਰਿਆਮ ਸਿੰਘ ਰਾਹੀਂ ਜਥੇ ਨੂੰ ਰੋਕਣ ਵਾਲੀ ਚਿੱਠੀ ਮਿਲੀ ਤਾਂ ਉਨ੍ਹਾਂ ਜਥੇ ਨੂੰ ਵਾਪਿਸ ਮੁੜਨ ਲਈ ਕਿਹਾ।[੧੧] ਪਰ ਭਾਈ ਟਹਿਲ ਸਿੰਘ ਨੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਹੋਣ ਕਾਰਨ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰਨ ਦੀ ਗੱਲ ਆਖੀ। ਇਸ ਉਪਰੰਤ ਭਾਈ ਲਛਮਣ ਸਿੰਘ ਸਮੇਤ ਜਥੇ ਨੇ ਭਾਈ ਟਹਿਲ ਸਿੰਘ ਦੇ ਕਹਿਣ ਮੁਤਾਬਿਕ ਗੁਰਦੁਆਰਾ ਸਾਹਿਬ ਉੱਪਰ ਕਬਜ਼ਾ ਕਰਨਾ ਛੱਡ ਕੇ ਕੇਵਲ ਦਰਸ਼ਨ ਕਰਨ ਲਈ ਰਵਾਨਾ ਹੋਣਾ ਠੀਕ ਸਮਝਿਆ। ਲਗਪਗ ਛੇ ਵਜੇ ਦੇ ਕਰੀਬ ਉਹ ਗੁਰਦੁਆਰਾ ਸਾਹਿਬ ਪਹੁੰਚ ਗਏ। ਭਾਈ ਲਛਮਣ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਸਨ। ਜਥੇ ਨੇ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਦੂਜੇ ਪਾਸੇ ਮਹੰਤ ਨੇ ਕਤਲ-ਏ-ਆਮ ਦੀ ਤਿਆਰੀ ਲਈ ਤੇਲ ਦੇ ਪੀਪੇ, ਛਵੀਆਂ, ਗੰਡਾਸੇ ਅਤੇ ਬੰਦੂਕਾਂ ਦਾ ਪ੍ਰਬੰਧ ਕੀਤਾ ਸੀ। ਮਹੰਤ ਨੇ ਯੋਜਨਾ ਅਨੁਸਾਰ ਜਥੇ ਉੱਪਰ ਹਮਲਾ ਕਰ ਦਿੱਤਾ। ਭਾਈ ਲਛਮਣ ਸਿੰਘ ਧਾਰੋਵਾਲੀ ਉੱਪਰ ਵੀ ਗੋਲੀਆਂ ਚਲਾਈਆਂ ਗਈਆਂ ਤੇ ਉਨ੍ਹਾਂ ਨੂੰ ਜਿਉਂਦੇ ਹੀ ਜੰਡ ਨਾਲ ਬੰਨ ਕੇ ਸ਼ਹੀਦ ਦਿੱਤਾ ਗਿਆ। ਭਾਈ ਦਲੀਪ ਸਿੰਘ ਨੂੰ ਛਵੀਆਂ ਨਾਲ ਟੁੱਕੜੇ ਕਰ ਕੇ ਇੱਟਾਂ ਦੀ ਭੱਠੀ ਵਿਚ ਸੁੱਟ ਕੇ ਸ਼ਹੀਦ ਕਰ ਦਿੱਤਾ। ਇਸ ਤੋਂ ਇਲਾਵਾ ਹੋਰ ਵੀ ਕਈ ਸਿੰਘਾਂ ਨੇ ਸ਼ਹਾਦਤ ਪ੍ਰਾਪਤ ਕੀਤੀ। ਸਮੇਂ ਅਨੁਸਾਰ ਸ. ਤੇਜਾ ਸਿੰਘ ਸਮੁੰਦਰੀ, ਮਾਸਟਰ ਤਾਰਾ ਸਿੰਘ ਤੇ ਬਾਬਾ ਕਿਹਰ ਸਿੰਘ ਪੱਟੀ ਜਥਿਆਂ ਨੂੰ ਰੋਕਣ ਲਈ ਰੇਲਗੱਡੀ ਚੜ ਗਏ ਪਰ ਉਨ੍ਹਾਂ ਨੂੰ ਮੱਲ੍ਹੀਆਂ ਜੰਕਸ਼ਨ ਉੱਤੇ ਹੀ ਸ੍ਰੀ ਨਨਕਾਣਾ ਸਾਹਿਬ ਵਿਚ ਵਾਪਰੇ ਘਟਨਾਕ੍ਰਮ ਬਾਰੇ ਪਤਾ ਲੱਗ ਗਿਆ। ਸਾਕੇ ਤੋਂ ਬਾਅਦ ਕਰਤਾਰ ਸਿੰਘ ਝੱਬਰ ਨੇ ਜਥਿਆਂ ਸਮੇਤ ਸ੍ਰੀ ਨਨਕਾਣਾ ਸਾਹਿਬ ਪਹੁੰਚ ਕਰਕੇ ਕਾਫੀ ਜੱਦੋ ਜਹਿਦ ਕਰਨ ਉਪਰੰਤ ਚਾਬੀਆਂ ਕਮਿਸ਼ਨਰ ਕੋਲੋਂ ਪ੍ਰਾਪਤ

ਕੀਤੀਆਂ। ਕਮਿਸ਼ਨਰ ਨੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੀ ਕਮੇਟੀ ਬਣਾਉਣ ਉਪਰੰਤ ਕਬਜ਼ਾ ਦੇਣ ਦੀ ਗੱਲ ਆਖੀ। ਕਮਿਸ਼ਨਰ ਦੇ ਨਾਲ ੬ ਸਿੱਖ ਲੀਡਰ ਅਤੇ ੯ ਹੋਰ ਸਿੱਖ ਲੀਡਰ ਨਨਕਾਣਾ ਸਾਹਿਬ ਪਹੁੰਚੇ। ਇਨ੍ਹਾਂ ਆਗੂਆਂ ਵਿਚ ਸ. ਹਰਬੰਸ ਸਿੰਘ ਅਟਾਰੀ, ਸੁੰਦਰ ਸਿੰਘ ਰਾਮਗੜ੍ਹੀਆ, ਮਾਸਟਰ ਤਾਰਾ ਸਿੰਘ, ਬਾਬਾ ਕੇਹਰ ਸਿੰਘ ਪੱਟੀ, ਸ. ਬ. ਮਹਿਤਾਬ ਸਿੰਘ, ਪ੍ਰੋ. ਜੋਧ ਸਿੰਘ ਤੋਂ ਇਲਾਵਾ ਸ. ਤੇਜਾ ਸਿੰਘ ਸਮੁੰਦਰੀ ਸ਼ਾਮਿਲ ਸਨ।[੧੨] ਮਿ. ਕਿੰਗ ਕਮਿਸ਼ਨਰ ਲਾਹੌਰ ਨੇ ਸ੍ਰੀ ਨਨਕਾਣਾ ਸਾਹਿਬ ਦਾ ਕਬਜ਼ਾ ਕਮੇਟੀ ਦੇ ਸਪੁਰਦ ਕਰ ਦਿੱਤਾ। ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਪੰਥਕ ਪ੍ਰਬੰਧ ਵਿਚ ਆਉਣ ਉਪਰੰਤ ਬਾਕੀ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧ ਲਈ ਬਣਾਈ ਗਈ ਸਬ ਕਮੇਟੀ ਵਿਚ ਸ. ਤੇਜਾ ਸਿੰਘ ਸਮੁੰਦਰੀ, ਤੇਜਾ ਸਿੰਘ ਚੂਹੜਕਾਣਾ, ਸ. ਅਮਰ ਸਿੰਘ ਝਬਾਲ ਆਦਿ ਨੂੰ ਸ਼ਾਮਿਲ ਕੀਤਾ ਗਿਆ ਪਰ ਬਾਅਦ ਵਿਚ ਜ਼ਿਆਦਾ ਜ਼ਿੰਮੇਵਾਰੀ ਸਮੁੰਦਰੀ ਜੀ ਦੇ ਹੱਥਾਂ ਵਿਚ ਆ ਗਈ।[੧੩]

ਸ. ਤੇਜਾ ਸਿੰਘ ਸਮੁੰਦਰੀ ਦੁਆਰਾ ਆਪਣੇ ਸਾਥੀਆਂ ਸਮੇਤ ਸ੍ਰੀ ਨਨਕਾਣਾ ਸਾਹਿਬ ਵਿਚ ਵਾਪਰੇ ਘਟਨਾਕ੍ਰਮ ਨੂੰ ਰੋਕਣ ਦੀਆਂ ਕੋਸ਼ਿਸ਼ਾਂ ਕੀਤੀਆਂ ਪਰ ਕੋਸ਼ਿਸ਼ਾਂ ਦੇ ਬਾਵਜੂਦ ਵੀ ਸਾਕਾ ਵਾਪਰ ਗਿਆ। ਭਾਈ ਲਛਮਣ ਸਿੰਘ ਧਾਰੋਵਾਲੀ ਵਰਗੇ ਅਨੇਕ ਸਿੰਘਾਂ ਦੀਆਂ ਸ਼ਹਾਦਤਾਂ ਤੋਂ ਬਾਅਦ ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਪੰਥਕ ਦੇਖ-ਰੇਖ ਹੇਠ ਆਇਆ। ਇਸ ਦੌਰਾਨ ਸ. ਤੇਜਾ ਸਿੰਘ ਸਮੁੰਦਰੀ ਦੁਆਰਾ ਨਿਭਾਈ ਗਈ ਭੂਮਿਕਾ ਕਰਕੇ ਸਿੱਖ ਪੰਥ ਵਿਚ ਉਨ੍ਹਾਂ ਨੂੰ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ।

**ਹਵਾਲੇ :**


**੧.** ਭਾਈ ਕਾਨ੍ਹ ਸਿੰਘ ਨਾਭਾ, *ਮਹਾਨ ਕੋਸ਼,* ਭਾਸ਼ਾ ਵਿਭਾਗ ਪੰਜਾਬ, ੨੦੦੬, ਪੰਨਾ ੧੭੯

**੨.** ਪ੍ਰਤਾਪ ਸਿੰਘ, *ਗੁਰਦੁਆਰਾ ਸੁਧਾਰ ਅਰਥਾਤ ਅਕਾਲੀ ਲਹਿਰ,* ਖਾਲਸਾ ਬ੍ਰਦਰਜ਼, ਸ੍ਰੀ ਅੰਮ੍ਰਿਤਸਰ, ੧੯੮੩, ਪੰਨਾ ੧੧੬-੧੭.

**੩.** ਸੋਹਨ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ,* ਆਰਸੀ ਪਬਲਿਸ਼ਰਜ਼ ਦਿੱਲੀ, ੨੦੦੦, ਪੰਨੇ ੮੪-੮੫.

**੪.** ਕਰਤਾਰ ਸਿੰਘ ਝੱਬਰ, *ਅਕਾਲੀ ਮੋਰਚੇ ਤੇ ਝੱਬਰ,* ਨੈਸ਼ਨਲ ਬੁੱਕ ਸ਼ਾਪ, ਦਿੱਲੀ, ੧੯੬੭, ਪੰਨਾ ੧੦੬.

**੫.** ਸੋਹਨ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ,* ਪੰਨਾ ੮੫.

**੬.** ਪ੍ਰਤਾਪ ਸਿੰਘ, *ਗੁਰਦੁਆਰਾ ਸੁਧਾਰ ਅਰਥਾਤ ਅਕਾਲੀ ਲਹਿਰ,* ਪੰਨਾ ੧੧੭.

**੭.** ਸੋਹਨ ਸਿੰਘ ਜੋਸ਼, *ਅਕਾਲੀ ਮੋਰਚਿਆਂ ਦਾ ਇਤਿਹਾਸ,* ਪੰਨਾ ੮੭.

**੮.** ਉਹੀ, ੮੬.

**੯.** ਮਾਸਟਰ ਤਾਰਾ ਸਿੰਘ, *ਮੇਰੀ ਯਾਦ,* ਸਿਖ ਰਿਲੀਜਸ ਬੁਕ ਸੁਸਾਇਟੀ, ਅੰਮ੍ਰਿਤਸਰ, ਮਿਤੀਹੀਣ, ਪੰਨਾ ੫੩.

**੧੦.** ਕਰਤਾਰ ਸਿੰਘ ਝੱਬਰ, *ਅਕਾਲੀ ਮੋਰਚੇ ਤੇ ਝੱਬਰ,* ਪੰਨੇ ੧੧੨-੧੧੩.

**੧੧.** ਉਹੀ, ੧੧੪.

**੧੨.** ਹਰਜਿੰਦਰ ਸਿੰਘ ਦਿਲਗੀਰ, *ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਵੇਂ ਬਣੀ,* ਸਿੱਖ ਇਤਿਹਾਸ ਰੀਸਰਚ ਬੋਰਡ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੦੦. ਪੰਨਾ ੩੯.

**੧੩.** ਪਿਆਰ ਸਿੰਘ, *ਤੇਜਾ ਸਿੰਘ ਸਮੁੰਦ੍ਰੀ,* ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ੧੯੭੫, ਪੰਨਾ ੫੭.

# ਰਾਜਾ: ਸਰੂਪ ਅਤੇ ਗੁਣ

*-ਡਾ. ਪਰਮਵੀਰ ਸਿੰਘ**

ਰਾਜਾ ਇਕ ਅਜਿਹਾ ਸ਼ਬਦ ਹੈ ਜਿਹੜਾ ਕਿ ਲੰਮੇ ਸਮੇਂ ਤੋਂ ਲੋਕ ਮਾਨਸਿਕਤਾ ਵਿਚ ਸਮਾਇਆ ਹੋਇਆ ਹੈ। ਸਮਾਜ ਦਾ ਬਹੁਤਾ ਤਾਣਾ-ਬਾਣਾ ਸਮਾਜਿਕ ਉੱਚਤਾ ਦੇ ਪ੍ਰਤੀਕ ਇਸ ਸ਼ਬਦ ਦੇ ਦੁਆਲੇ ਹੀ ਘੁੰਮਦਾ ਹੈ ਅਤੇ ਇਸ ਦੀ ਦਿਸ਼ਾ ਅਤੇ ਦਸ਼ਾ ਤੈਅ ਕਰਨ ਵਿਚ ਭੂਮਿਕਾ ਨਿਭਾਉਂਦਾ ਹੈ। ਸਮਾਜ ਵਿਚ ਇਸ ਸ਼ਬਦ ਨੂੰ ਵੱਖੋ-ਵੱਖਰੇ ਰੂਪਾਂ ਵਿਚ ਦੇਖਿਆ ਜਾਂਦਾ ਹੈ ਪਰ ਜਿਹੜਾ ਇਸ ਦਾ ਸਭ ਤੋਂ ਵਧੇਰੇ ਪ੍ਰਚਲਿਤ ਰੂਪ ਹੈ ਉਸ ਵਿਚ ਇਸ ਨੂੰ ਸ਼ਾਸਕ ਜਾਂ ਹਾਕਮ ਦੇ ਰੂਪ ਵਿਚ ਦੇਖਿਆ ਜਾਂਦਾ ਹੈ ਜਿਹੜਾ ਕਿ ਕਿਸੇ ਵਿਸ਼ੇਸ਼ ਭੂਗੋਲਿਕ ਖਿੱਤੇ ਵਿਚ ਆਪਣਾ ਸ਼ਾਸਨ ਚਲਾਉਂਦਾ ਹੈ ਅਤੇ ਆਮ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਹਮੇਸ਼ਾਂ ਯਤਨਸ਼ੀਲ ਰਹਿੰਦਾ ਹੈ। ਇਸ ਨੂੰ ਕੰਮ ਅਤੇ ਪਦਵੀ ਦੇ ਆਧਾਰ ’ਤੇ ਵੱਖੋ-ਵੱਖਰੇ ਨਾਵਾਂ ਅਤੇ ਵਿਸ਼ੇਸ਼ਣਾਂ ਦੇ ਰੂਪ ਵਿਚ ਦੇਖਿਆ ਜਾਂਦਾ ਹੈ ਜਿਵੇਂ- ਰਾਜਾਸ੍ਰਮ, ਰਾਜਾ ਏ ਰਾਜਗਾਨ, ਰਾਜਾਧੀਰਾਜ, ਰਾਜ ਨਰਿੰਦੁ, ਭੂਪਤਿ, ਪ੍ਰਜਾ ਪਾਲਕ ਆਦਿ। ਗੁਰਬਾਣੀ ਵਿਚ ਇਸ ਨੂੰ ਪ੍ਰਮੁੱਖ ਤੌਰ ’ਤੇ ਤਿੰਨ ਰੂਪਾਂ ਵਿਚ ਦੇਖਿਆ ਜਾ ਸਕਦਾ ਹੈ:

**ਪਰਮਾਤਮਾ ਦੇ ਰੂਪ ਵਿਚ**

ਗੁਰਬਾਣੀ ਵਿਚ ਪਰਮਾਤਮਾ ਨੂੰ ਸ੍ਰਿਸ਼ਟੀ ਦਾ ਰਾਜਾ ਮੰਨਦੇ ਹੋਏ- *‘ਰਾਜ ਮਹਿ ਰਾਜੁ ਜੋਗ ਮਹਿ ਜੋਗੀ’* ਕਿਹਾ ਗਿਆ ਹੈ ਜਿਸ ਦਾ ਸਿਮਰਨ ਕਰਨ ਨਾਲ ਮਨੁੱਖ ਮੁਕਤੀ ਪ੍ਰਾਪਤ ਕਰ ਲੈਂਦਾ ਹੈ- *ਰਾਜਾ ਰਾਮ ਜਪਤ ਕੋ ਕੋ ਨ ਤਰਿਓ॥* ਸ੍ਰਿਸ਼ਟੀ ਦੇ ਸਰਬ-ਸ਼ਕਤੀਮਾਨ ਰੂਪ ਵਿਚ ਦੁਨਿਆਵੀ ਹੱਦਾਂ, ਪਾਬੰਦੀਆਂ ਅਤੇ ਨਿਯਮਾਂ ਤੋਂ ਮੁਕਤ ਉਹ ਅਸੀਮ ਸ਼ਕਤੀਆਂ ਦਾ ਮਾਲਕ ਹੈ ਜਿਹੜਾ ਕਿ ਸਮੂਹ ਦੁਨਿਆਵੀ ਜੀਵਾਂ ਨੂੰ ਬਿਨਾਂ ਕਿਸੇ ਵਿਤਕਰੇ, ਵੈਰ-ਵਿਰੋਧ ਅਤੇ ਭੇਦਭਾਵ ਤੋਂ ਪਾਲਦਾ ਅਤੇ ਰੱਖਿਆ ਕਰਦਾ ਹੈ। ਉਹ ਕਿਸੇ ਦੈਵੀ ਨਿਯਮ ਅਧੀਨ ਆਪਣਾ ਪ੍ਰਬੰਧ ਚਲਾਉਂਦਾ ਹੈ ਜਿਸ ਨੂੰ ਸਮਝਣਾ ਅਤੇ ਉਸ ਵਿਚ ਦਖ਼ਲ ਦੇਣਾ ਮਨੁੱਖੀ ਬੁੱਧੀ ਦੇ ਵੱਸ ਵਿਚ ਨਹੀਂ ਹੈ। ਸਮਰਪਿਤ ਭਾਵਨਾ ਨਾਲ ਕਾਰਜ ਕਰਦਾ ਹੋਇਆ ਮਨੁੱਖ ਉਸ ਦੀ ਬਖ਼ਸ਼ਿਸ਼ ਪ੍ਰਾਪਤ ਕਰ ਸਕਦਾ ਹੈ। ਦੁਨਿਆਵੀ ਮਨੁੱਖਾਂ ਵਿਚ ਉਸ ਵਰਗਾ ਤਪ-ਤੇਜ ਸੰਭਵ ਨਹੀਂ ਅਤੇ ਨਾ ਹੀ ਕਿਸੇ ਦ੍ਰਿਸ਼ਟੀ ਤੋਂ ਮਨੁੱਖ ਉਸ ਦਾ ਮੁਕਾਬਲਾ ਕਰ ਸਕਦਾ ਹੈ। ਹਰ ਇਕ ਮਨੁੱਖ ਕਿਸੇ ਨਾ ਕਿਸੇ ਦ੍ਰਿਸ਼ਟੀ ਤੋਂ ਉਸ ਦੀ ਸ਼ਕਤੀ, ਹੋਂਦ ਅਤੇ ਕਾਰਜ ਪ੍ਰਤੀ ਆਪਣੇ ਵਿਚਾਰ ਪ੍ਰਗਟ ਕਰਦਾ ਹੈ ਪਰ ਉਸ ਦੀ ਬਰਾਬਰੀ ਨਹੀਂ ਕਰ ਸਕਦਾ। ਇਸ

** ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ-੧੪੭੦੦੨; ਮੋ. ੯੯੨੨੦-੭੪੩੨੨*

ਦ੍ਰਿਸ਼ਟੀ ਤੋਂ ਭਗਤ ਕਬੀਰ ਜੀ ਉਸ ਦੀ ਮਹਿਮਾ ਦੱਸਦੇ ਹੋਏ ਕਹਿੰਦੇ ਹਨ:

*ਕੋਊ ਹਰਿ ਸਮਾਨਿ ਨਹੀ ਰਾਜਾ॥*

*ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੮੫੬)*

ਸ੍ਰੀ ਗੁਰੂ ਨਾਨਕ ਦੇਵ ਜੀ ਪਰਮਾਤਮਾ ਨੂੰ ਸ੍ਰਿਸ਼ਟੀ ਦਾ ਮਾਲਕ ਦੱਸਦੇ ਹੋਏ ਉਸ ਦੀ ਇੱਕਤਾ ਵਿਚ ਵਿਸ਼ਵਾਸ ਦ੍ਰਿੜ੍ਹ ਕਰਾਉਂਦੇ ਹੋਏ ਕਹਿੰਦੇ ਹਨ ਕਿ ਉਹ ਹੀ ਜੀਵਾਂ ਦੇ ਸਮੂਹ ਕਾਰਜ ਕਰਦਾ ਹੈ:

*ਤੂ ਏਕੰਕਾਰੁ ਨਿਰਾਲਮੁ ਰਾਜਾ॥*

*ਤੂ ਆਪਿ ਸਵਾਰਹਿ ਜਨ ਕੇ ਕਾਜਾ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੩੯)*

ਗੁਰਬਾਣੀ ਦੀ ਦ੍ਰਿਸ਼ਟੀ ਤੋਂ ਪਰਮਾਤਮਾ ਨੂੰ ਰਾਜਿਆਂ ਦਾ ਰਾਜਾ, ਸ਼ਾਹਾਂ ਦਾ ਸ਼ਾਹ, ਸ਼ਹਿਨਸ਼ਾਹ, ਪਾਤਸ਼ਾਹ ਆਦਿ ਰੂਪਾਂ ਵਿਚ ਦੇਖਿਆ ਜਾਂਦਾ ਹੈ ਜਿਸ ਨੂੰ ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਨਿਓਟਿਆਂ ਦੀ ਓਟ, ਸੱਚੇ ਪਿਤਾ ਵਾਹਿਗੁਰੂ ਮੰਨ ਕੇ ਸਰਬੱਤ ਦਾ ਭਲਾ ਕਰਨ ਦੀ ਅਰਦਾਸ ਕੀਤੀ ਜਾਂਦੀ ਹੈ।

**ਸ਼ਾਸਕ ਦੇ ਰੂਪ ਵਿਚ**

ਸ਼ਾਸਕ ਦੇ ਰੂਪ ਵਿਚ ਰਾਜਾ ਆਪਣੀ ਪਰਜਾ ਦੀ ਸੇਵਾ ਅਤੇ ਸੁਰੱਖਿਆ ਦਾ ਪ੍ਰਤੀਕ ਹੈ। ਰਾਜ ਵਿਚ ਸ਼ਾਂਤੀ ਦੀ ਸਥਾਪਨਾ ਕਰ ਕੇ ਆਮ ਲੋਕਾਂ ਨੂੰ ਨਿਆਂ ਪ੍ਰਦਾਨ ਕਰਨਾ ਉਸ ਦੀ ਜ਼ਿੰਮੇਵਾਰੀ ਸਮਝੀ ਜਾਂਦੀ ਹੈ। ਸ਼ੁੱਧ ਹਵਾ, ਸ਼ੁੱਧ ਪਾਣੀ, ਸ਼ੁੱਧ ਅਨਾਜ, ਸ਼ੁੱਧ ਆਚਾਰ, ਸ਼ੁੱਧ ਵਿਹਾਰ, ਸ਼ੁੱਧ ਵਿਚਾਰ, ਉੱਤਮ ਵਿੱਦਿਆ, ਸ੍ਰੇਸ਼ਟ ਸਿਹਤ ਸਹੂਲਤਾਂ ਆਦਿ ਆਦਰਸ਼ ਅਤੇ ਸਿਹਤਮੰਦ ਸਮਾਜ ਦੀ ਸਥਾਪਨਾ ਲਈ ਜ਼ਰੂਰੀ ਮੰਨੇ ਗਏ ਹਨ ਜਿਨ੍ਹਾਂ ਲਈ ਯੋਗ ਵਾਤਾਵਰਨ ਪੈਦਾ ਕਰਨਾ ਅਤੇ ਆਮ ਲੋਕਾਂ ਨੂੰ ਲੋੜੀਂਦੀਆਂ ਵਸਤਾਂ ਦੀ ਪੂਰਤੀ ਕਰਨਾ ਰਾਜੇ ਦਾ ਫ਼ਰਜ਼ ਸਮਝਿਆ ਜਾਂਦਾ ਹੈ। ਹੁਣ ਅਗਲਾ ਸਵਾਲ ਹੈ ਕਿ ਰਾਜੇ ਵਿਚ ਕਲਿਆਣਕਾਰੀ ਗੁਣ ਕਿਵੇਂ ਪੈਦਾ ਹੋ ਸਕਦੇ ਹਨ? ਪਲੈਟੋ ਕਹਿੰਦਾ ਹੈ ਕਿ ਦਾਰਸ਼ਨਿਕ ਰਾਜਾ ਹੋਣਾ ਚਾਹੀਦਾ ਹੈ। ਉਸ ਦਾ ਅਜਿਹਾ ਕਹਿਣ ਦਾ ਭਾਵ ਸੀ ਕਿ ਦਾਰਸ਼ਨਿਕ ਸੂਝਵਾਨ ਹੁੰਦੇ ਹਨ ਅਤੇ ਉਹ ਮਨੁੱਖ ਦੀਆਂ ਆਪਾ-ਵਿਰੋਧੀ ਸ਼ਕਤੀਆਂ ਨੂੰ ਇਕੱਠੇ ਕਰ ਕੇ ਰਾਜ ਦੀ ਭਲਾਈ ਦਾ ਕਾਰਜ ਕਰ ਸਕਦਾ ਹੈ। ਮਨੁੱਖ ਵਿਚ ਸਦਾਚਾਰ ਵਾਲੀ ਬਿਰਤੀ ਪੈਦਾ ਕਰਨ ਲਈ ਪਲੈਟੋ ਚਾਰ ਸਦਗੁਣਾਂ 'ਤੇ ਜ਼ੋਰ ਦਿੰਦਾ ਹੈ- ਵਿਵੇਕ ਬੁੱਧੀ, ਸਾਹਸ, ਸੰਜਮ ਅਤੇ ਨਿਆਂ। ਪੱਛਮੀ ਦਾਰਸ਼ਨਿਕਾਂ ਦੁਆਰਾ ਆਦਰਸ਼ ਰਾਜ ਅਤੇ ਸਮਾਜ ਦੀ ਸਥਾਪਨਾ ਲਈ ਪੇਸ਼ ਕੀਤੇ ਗਏ ਨੁਕਤੇ ਮੌਜੂਦਾ ਸਮੇਂ ਵਿਚ ਵੀ ਵਿਦਵਾਨਾਂ ਦੀ ਵਿਚਾਰ ਦਾ ਵਿਸ਼ਾ ਬਣੇ ਰਹਿੰਦੇ ਹਨ।

ਪੱਛਮ ਵਿਚ ਪੈਦਾ ਹੋਏ ਯਹੂਦੀ, ਈਸਾਈ ਅਤੇ ਇਸਲਾਮ ਨੇ ਵੀ ਰਾਜ ਦੀ ਸਥਾਪਨਾ ਅਤੇ ਰਾਜੇ ਦੇ ਗੁਣਾਂ ਦਾ ਵਿਖਿਆਨ ਕੀਤਾ ਹੈ। ਈਸਾਈ ਧਰਮ ਵਿਚ ਰੱਬ ਦੇ ਰਾਜ ਦੀ ਗੱਲ ਕਰਦੇ ਹੋਏ ਭਾਵੇਂ ਕਿ ਦੁਨਿਆਵੀ ਰਾਜੇ ਨੂੰ ਨਕਾਰਿਆ ਨਹੀਂ ਗਿਆ ਪਰ ਫਿਰ ਵੀ ਰੱਬੀ ਰਾਜ ਨੂੰ ਹੀ ਸਥਿਰ ਮੰਨਿਆ ਗਿਆ ਹੈ। ਇਸਲਾਮ ਵਿਚ ਮੁਹੰਮਦ

ਸਾਹਿਬ ਦੁਆਰਾ ਅਰਬ ਵਿਖੇ ਅਰੰਭ ਕੀਤੇ ਧਰਮ ਅਤੇ ਰਾਜ ਦੇ ਸੰਯੁਕਤ ਸਿਧਾਂਤ ਨੂੰ ਚਾਰ ਖ਼ਲੀਫ਼ਿਆਂ ਤਕ ਸ੍ਰੇਸ਼ਟ ਮੰਨਿਆ ਗਿਆ ਹੈ। ਜਿਹੜੇ ਸਿਧਾਂਤ ਖ਼ਲੀਫ਼ਿਆਂ ਰਾਹੀਂ ਸਾਹਮਣੇ ਆਏ, ਉਨ੍ਹਾਂ ਵਿਚ ਹੌਲੀ-ਹੌਲੀ ਨਿਘਾਰ ਆਉਂਦਾ ਗਿਆ। ਇਸ ਕਰਕੇ ਜਦੋਂ ਮੁਗ਼ਲ ਰਾਜ ਭਾਰਤ ਵਿਚ ਸਥਾਪਿਤ ਹੋਇਆ ਤਾਂ ਭਾਵੇਂ ਉਹ ਇਸਲਾਮ ਧਰਮ ਨਾਲ ਸੰਬੰਧਿਤ ਸਨ ਪਰ ਧਰਮ ਦੇ ਸਿਧਾਂਤਾਂ ਤੋਂ ਉਲਟ ਕਾਰਜ ਕਰਦੇ ਰਹੇ ਜਿਸ ਨਾਲ ਸਮਾਜ ਵਿਚ ਨਫ਼ਰਤ ਅਤੇ ਵੈਰ-ਵਿਰੋਧ ਦੀ ਭਾਵਨਾ ਪ੍ਰਫੁਲਿਤ ਹੋ ਗਈ ਸੀ।

ਪੂਰਬ ਵਿਖੇ ਹਿੰਦੂ, ਜੈਨ, ਬੁੱਧ ਅਤੇ ਸਿੱਖ ਧਰਮ ਪ੍ਰਮੁੱਖਤਾ ਨਾਲ ਦੇਖੇ ਜਾਂਦੇ ਹਨ। ਬੁੱਧ ਧਰਮ ਦਾ ਪ੍ਰਮੁੱਖ ਸ਼ਾਸਕ ਅਸ਼ੋਕ ਨੂੰ ਮੰਨਿਆ ਜਾਂਦਾ ਹੈ ਜਿਸ ਨੇ ਸ਼ਾਂਤੀ ਅਤੇ ਅਹਿੰਸਾ ਨੂੰ ਪ੍ਰਮੁੱਖਤਾ ਨਾਲ ਪ੍ਰਚਾਰਿਆ ਸੀ। ਹਿੰਦੂ ਧਰਮ ਵਿਚ ਚਾਰ ਯੁੱਗਾਂ ਦਾ ਵਰਣਨ ਦੇਖਣ ਨੂੰ ਮਿਲਦਾ ਹੈ ਅਤੇ ਪਹਿਲੇ ਤਿੰਨ ਯੁੱਗਾਂ ਵਿਚ ਇਕ ਸ਼੍ਰੋਮਣੀ ਰਾਜਾ ਮੰਨਿਆ ਜਾਂਦਾ ਹੈ ਜਿਹੜਾ ਕਿ ਧਰਮ ਦੇ ਅਨੁਸਾਰ ਰਾਜ ਨੂੰ ਚਲਾਉਣ ਦੀ ਭਾਵਨਾ 'ਤੇ ਜ਼ੋਰ ਦਿੰਦਾ ਸੀ। ਰਾਜਾ ਜਨਕ, ਰਾਜਾ ਰਾਮਚੰਦਰ ਜੀ ਅਤੇ ਸ੍ਰੀ ਕ੍ਰਿਸ਼ਨ ਜੀ ਨੂੰ ਅਜਿਹੇ ਰਾਜਿਆਂ ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ ਜਿਹੜੇ ਕਿ ਧਰਮ ਦਾ ਪ੍ਰਤੀਕ ਮੰਨੇ ਜਾਂਦੇ ਹਨ।

ਪੂਰਬੀ ਧਰਮਾਂ ਵਿਚ ਸਿੱਖ ਧਰਮ ਦਾ ਵਿਸ਼ੇਸ਼ ਸਥਾਨ ਹੈ। ਭਾਵੇਂ ਕਿ ਗਿਣਤੀ ਵਿਚ ਇਹ ਘੱਟ-ਗਿਣਤੀ ਹਨ ਪਰ ਰਾਜਸੀ ਦਬਾਅ ਪੈਦਾ ਕਰਨ ਲਈ ਇਹ ਹਮੇਸ਼ਾਂ ਯਤਨਸ਼ੀਲ ਰਹਿੰਦੇ ਹਨ। ਇਹ ਗੁੜ੍ਹਤੀ ਇਨ੍ਹਾਂ ਨੂੰ ਗੁਰੂ ਸਾਹਿਬਾਨ ਤੋਂ ਪ੍ਰਾਪਤ ਹੋਈ ਹੈ ਜਿਸ ਵਿਚ ਰਾਜੇ ਦੇ ਜ਼ਾਲਮ ਅਤੇ ਅਨਿਆਂਕਾਰੀ ਹੋਣ ਨੂੰ ਇਕ ਵੱਡਾ ਔਗੁਣ ਮੰਨਦੇ ਹੋਏ ਉਸ ਦੇ ਵਿਰੁੱਧ ਸੰਘਰਸ਼ ਕਰਨ ਲਈ ਹਮੇਸ਼ਾਂ ਯਤਨਸ਼ੀਲ ਰਹਿਣ ਦੀ ਪ੍ਰੇਰਨਾ ਦਿੱਤੀ ਜਾਂਦੀ ਹੈ। ਗੁਰੂ ਸਾਹਿਬਾਨ ਵੱਲੋਂ ਜ਼ੁਲਮ ਦੇ ਖ਼ਿਲਾਫ਼ ਦਿੱਤੀ ਗਈ ਇਹ ਪ੍ਰੇਰਨਾ ਮੌਜੂਦਾ ਸਮੇਂ ਤਕ ਕਿਸੇ ਨਾ ਕਿਸੇ ਰੂਪ ਵਿਚ ਕਾਇਮ ਹੈ। ਰਾਜੇ ਦੀ ਸ਼ਕਤੀ ਦੀ ਪਰਵਾਹ ਕੀਤੇ ਬਗ਼ੈਰ ਉਸ ਦੇ ਵਿਰੁੱਧ ਬੋਲਣਾ ਅਤੇ ਉਸ ਦੁਆਰਾ ਕੀਤੇ ਜਾ ਰਹੇ ਜਬਰ ਅਤੇ ਜ਼ੁਲਮ ਦਾ ਟਾਕਰਾ ਕਰਨ ਦੀ ਸਿੱਖਿਆ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਦਾਨ ਕੀਤੀ ਜਿਹੜੀ ਕਿ ਇਨ੍ਹਾਂ ਦੇ ਉੱਤਰਧਿਕਾਰੀ ਗੁਰੂ ਸਾਹਿਬਾਨ ਦੇ ਸਮੇਂ ਵੀ ਜਾਰੀ ਰਹੀ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਰਾਜ ਦੀ ਸ਼ਕਤੀ ਵਿਰੁੱਧ ਸੰਘਰਸ਼ ਕਰਨ ਦੇ ਸਮੂਹ ਸਦਾਚਾਰੀ ਅਤੇ ਜੁਝਾਰੂ ਢੰਗ-ਤਰੀਕੇ ਸਿੱਖ ਜੀਵਨ-ਜਾਚ ਦਾ ਅੰਗ ਬਣ ਗਏ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਬਾਬਾ ਬੰਦਾ ਸਿੰਘ ਬਹਾਦਰ ਨੇ ਰਾਜ ਸਥਾਪਤੀ ਦੀ ਜਿਹੜੀ ਮਿਸਾਲ ਕਾਇਮ ਕੀਤੀ ਸੀ ਉਹ ਬਾਅਦ ਵਾਲੇ ਸਿੱਖ ਸਰਦਾਰਾਂ ਲਈ ਪ੍ਰੇਰਨਾ ਸਰੋਤ ਬਣੀ। ਅਠਾਰ੍ਹਵੀਂ ਸਦੀ ਵਿਚ ਸਿੱਖ ਸਰਦਾਰ ਗੁਰਬਾਣੀ ਦੀਆਂ ਇਨ੍ਹਾਂ ਸਿੱਖਿਆਵਾਂ ਅਨੁਸਾਰ ਹਾਕਮਾਂ ਅਤੇ ਹਮਲਾਵਰਾਂ ਨੂੰ ਚੁਣੌਤੀ ਦਿੰਦੇ ਰਹੇ- *ਰਾਜੇ ਚੁਲੀ ਨਿਆਵ ਕੀ, ਰਾਜਾ ਤਖਤਿ ਟਿਕੈ ਗੁਣੀ ਭੈ ਪੰਚਾਇਣ ਰਤੁ, ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ॥* ਰਾਜਿਆਂ ਦੇ ਜ਼ੁਲਮਾਂ ਖ਼ਿਲਾਫ਼ ਧਰਮ ਅਤੇ ਤਿਆਗ ਦੀ ਭਾਵਨਾ ਅਨੁਸਾਰ ਹੋਈਆਂ ਬੇਅੰਤ

ਸ਼ਹਾਦਤਾਂ ਨੇ ਸਿੱਖ ਸਰਦਾਰਾਂ ਨੂੰ ਆਪੋ-ਆਪਣੇ ਇਲਾਕਿਆਂ ਦੇ ਰਾਜੇ ਬਣਾ ਦਿੱਤਾ ਸੀ ਅਤੇ ਆਮ ਲੋਕ ਸਰਦਾਰਾਂ ਨੂੰ ਆਪਣੇ ਪਿੰਡਾਂ ਦੀ ਰੱਖਿਆ ਦੀ ਬੇਨਤੀ ਕਰਨ ਲੱਗੇ ਸਨ। ਸਿੱਖ ਸਰਦਾਰਾਂ ਦੇ ਰੂਪ ਵਿਚ ਸਾਹਮਣੇ ਆਇਆ ਰਾਜ ਪ੍ਰਬੰਧ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਇਕ ਸਥਾਪਿਤ ਰਾਜ ਪ੍ਰਣਾਲੀ ਦਾ ਰੂਪ ਧਾਰਨ ਕਰ ਗਿਆ ਸੀ ਜਿਸ ਨੇ ਆਪਣੇ ਰਾਜ ਵਿਚ ਸਮਾਜ ਦੇ ਹਰ ਇਕ ਵਰਗ ਨੂੰ ਸੁਰੱਖਿਆ ਅਤੇ ਸਤਿਕਾਰ ਪ੍ਰਦਾਨ ਕੀਤਾ ਸੀ।

ਭਾਰਤ ਅਤੇ ਪੱਛਮ ਵਿਚ ਜਿੰਨੇ ਵੀ ਰਾਜ ਸਥਾਪਿਤ ਹੋਏ ਹਨ ਉਨ੍ਹਾਂ ਵਿਚ ਰਾਜ ਧਰਮ ਅਤੇ ਰਾਜੇ ਦੇ ਗੁਣਾਂ ਨੂੰ ਲੈ ਕੇ ਅਕਸਰ ਚਰਚਾ ਦੇਖਣ ਨੂੰ ਮਿਲਦੀ ਹੈ। ਅਕਸਰ ਇਹ ਕਿਹਾ ਜਾਂਦਾ ਹੈ ਕਿ ਰਾਜੇ ਦੇ ਗੁਣ ਉਸ ਨੂੰ ਰਾਜ ਚਲਾਉਣ ਅਤੇ ਸ਼ਕਤੀਸ਼ਾਲੀ ਬਣਾਉਣ ਵਿਚ ਸਹਾਈ ਹੁੰਦੇ ਹਨ। ਰਾਜੇ ਦਾ ਪ੍ਰਮੁੱਖ ਗੁਣ ਪਰਜਾ ਦੀ ਖ਼ੁਸ਼ਹਾਲੀ ਹੋਣਾ ਚਾਹੀਦਾ ਹੈ ਜਿਸ ਦਾ ਜ਼ਿਕਰ ਕਰਦੇ ਹੋਏ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਜੇਕਰ ਰਾਜਾ ਧਾਰਮਿਕ ਨਿਆਂ ਭਾਵਨਾ ਵਾਲਾ ਰਹੇ ਤਾਂ ਉਸ ਦੇ ਰਾਜ ਵਿਚ ਪਰਜਾ ਸੁਖ ਪੂਰਬਕ ਵਸਦੀ ਹੈ- *ਜੈਸੇ ਰਾਜਾ ਧਰਮ ਸਰੂਪ ਰਾਜਨੀਤਿ ਬਿਖੈ ਤਾ ਕੇ ਦੇਸ ਪਰਜਾ ਬਸਤ ਸੁਖ ਪਾਇ ਕੈ॥* ਭਾਈ ਸਾਹਿਬ ਦੁਆਰਾ ਦੱਸੇ ਗਏ ਰਾਜੇ ਦੇ ਗੁਣ ਆਦਰਸ਼ ਸਮਾਜ ਦੀ ਸਿਰਜਣਾ ਕਰਨ 'ਤੇ ਕੇਂਦਰਿਤ ਹਨ ਪਰ ਇਹ ਆਦਰਸ਼ ਤਾਂ ਹੀ ਸਥਾਪਿਤ ਹੋ ਸਕਦੇ ਹਨ ਜੇਕਰ ਰਾਜਾ ਧਰਮ ਦੀਆਂ ਕਦਰਾਂ-ਕੀਮਤਾਂ ਨਾਲ ਜੁੜ ਕੇ ਲੋਕਾਂ ਦੀ ਸੇਵਾ ਕਰੇ। ਲੋਕਾਂ ਦੇ ਕਲਿਆਣ ਦੀ ਭਾਵਨਾ ਨੂੰ ਛੱਡ ਕੇ ਸਵਾਰਥ ਤਕ ਸੀਮਿਤ ਰਹਿਣ ਵਾਲੇ ਰਾਜੇ ਨਾ ਤਾਂ ਆਪ ਸੁਖੀ ਰਹਿੰਦੇ ਹਨ ਅਤੇ ਨਾ ਹੀ ਪਰਜਾ ਨੂੰ ਸੁਖ ਪ੍ਰਦਾਨ ਕਰਨ ਦੀ ਭਾਵਨਾ ਰੱਖਦੇ ਹਨ ਅਤੇ ਹਮੇਸ਼ਾਂ ਦੁਖੀ ਰਹਿੰਦੇ ਹਨ। ਗੁਰਬਾਣੀ ਵਿਚ ਦੁਨਿਆਵੀ ਰਾਜਿਆਂ ਨੂੰ ਦੁਖੀ ਅਤੇ ਅਧਿਆਤਮਿਕ ਉੱਚਤਾ ਪ੍ਰਾਪਤ ਕਰਨ ਵਾਲਿਆਂ ਨੂੰ ਸੁਖੀ ਮੰਨਦੇ ਹੋਏ ਕਿਹਾ ਗਿਆ ਹੈ- *ਸਗਲ ਸ੍ਰਿਸਟਿ ਕੋ ਰਾਜਾ ਦੁਖੀਆ॥ ਹਰਿ ਕਾ ਨਾਮੁ ਜਪਤ ਹੋਇ ਸੁਖੀਆ॥*

### ਰੱਜੇ ਹੋਏ ਮਨੁੱਖ ਦੇ ਰੂਪ ਵਿਚ

ਰਾਜੇ ਦਾ ਇਹ ਰੂਪ ਮਨ ਨਾਲ ਸੰਬੰਧਿਤ ਹੈ। ਜਦੋਂ ਮਨੁੱਖ ਦੇ ਮਨ ਵਿਚ ਦੁਨਿਆਵੀ ਪਦਾਰਥਾਂ ਅਤੇ ਵਾਸ਼ਨਾਵਾਂ ਦੀ ਖਿੱਚ ਬਾਕੀ ਨਾ ਰਹੇ ਅਤੇ ਉਹ ਮਾਇਆ ਦੇ ਹਰ ਇਕ ਰੂਪ ਤੋਂ ਦੂਰ ਰਹਿਣ ਵਿਚ ਸਫਲਤਾ ਪ੍ਰਾਪਤ ਕਰ ਲਵੇ ਤਾਂ ਉਸ ਨੂੰ ਰਾਜਾ ਕਿਹਾ ਜਾਂਦਾ ਹੈ। ਮਨੁੱਖ ਦਾ ਮਨ ਦੁਨਿਆਵੀ ਪਦਾਰਥਾਂ ਤੋਂ ਨਿਰਲੇਪ ਕਿਵੇਂ ਰਹਿ ਸਕਦਾ ਹੈ? ਇਹ ਇਕ ਅਜਿਹਾ ਪ੍ਰਸ਼ਨ ਹੈ ਜਿਸ ਬਾਰੇ ਹਰ ਇਕ ਮਨੁੱਖ ਆਪਣੇ ਵਿਚਾਰ ਪ੍ਰਗਟ ਕਰ ਸਕਦਾ ਹੈ। ਧਰਮ ਦੀ ਦ੍ਰਿਸ਼ਟੀ ਤੋਂ ਕਿਹਾ ਜਾਂਦਾ ਹੈ ਕਿ ਜਦੋਂ ਮਨੁੱਖ ਪਰਮਾਤਮਾ ਨਾਲ ਜੁੜਦਾ ਹੈ ਤਾਂ ਦੁਨਿਆਵੀ ਪਦਾਰਥਾਂ ਦੀ ਖਿੱਚ ਤੋਂ ਮੁਕਤ ਹੋ ਜਾਂਦਾ ਹੈ। ਮਨ ਵਿਚ ਪੈਦਾ ਹੋਈ ਖਿੱਚ ਬੰਧਨ ਦਾ ਕਾਰਨ ਮੰਨੀ ਜਾਂਦੀ ਹੈ ਜਿਸ ਦੇ ਦੋ ਰੂਪ ਦੇਖਣ ਨੂੰ ਮਿਲਦੇ ਹਨ। ਇਸ ਦਾ ਇਕ ਰੂਪ ਦੁਨਿਆਵੀ ਵਸਤਾਂ ਅਤੇ ਹਸਤੀਆਂ ਦੀ ਖਿੱਚ ਕਾਰਨ ਪੈਦਾ ਹੁੰਦਾ ਹੈ ਜਿਹੜਾ ਕਿ ਪਤਨ ਵੱਲ ਲੈ ਜਾਂਦਾ ਹੈ। ਇਸ ਦਾ ਦੂਜਾ ਰੂਪ ਪਰਮਾਤਮਾ ਵੱਲ ਖਿੱਚ ਪੈਦਾ ਕਰਦਾ ਹੈ ਜਿਸ ਵਿਚ ਮੁਕਤੀ ਦੀ

ਸੰਭਾਵਨਾ ਦੇਖੀ ਜਾਂਦੀ ਹੈ, ਜਿਵੇਂ ਕਿ ਭਗਤ ਰਵਿਦਾਸ ਜੀ ਕਹਿੰਦੇ ਹਨ:

*ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ॥*
*ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੮)*

ਰੱਜੇ ਹੋਏ ਮਨੁੱਖ ਦੇ ਮਨ ਵਿਚ ਤ੍ਰਿਪਤੀ, ਸੰਤੁਸ਼ਟੀ ਅਤੇ ਪਦਾਰਥ ਇਕੱਤਰ ਨਾ ਕਰਨ ਦੀ ਭਾਵਨਾ ਦੇਖੀ ਜਾਂਦੀ ਹੈ। ਉਹ ਆਪਣੇ ਸਵਾਰਥਾਂ ਨੂੰ ਜੀਵਨ ਵਿਚੋਂ ਮਨਫ਼ੀ ਕਰ ਕੇ ਦੂਜਿਆਂ ਦੀ ਭਲਾਈ ਲਈ ਯਤਨਸ਼ੀਲ ਹੋ ਜਾਂਦਾ ਹੈ। ਮਨੁੱਖੀ ਜੀਵਨ ਦੀ ਇਹ ਅਵਸਥਾ ਸਦਗੁਣਾਂ ਨਾਲ ਭਰਪੂਰ ਹੈ ਜਿਸ ਵਿਚ ਸਤਿ, ਸੰਤੋਖ, ਦਇਆ, ਧਰਮ ਅਤੇ ਧੀਰਜ ਦੀ ਭਾਵਨਾ ਪ੍ਰਫੁਲਿਤ ਹੁੰਦੀ ਹੈ। ਮਨੁੱਖ ਇਸ ਅਵਸਥਾ ਨੂੰ ਕਿਵੇਂ ਪ੍ਰਾਪਤ ਕਰ ਸਕਦਾ ਹੈ? ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਪਰਮਾਤਮਾ ਦੀ ਰਜ਼ਾ ਵਿਚ ਮਨੁੱਖ ਰਾਜਾ ਬਣ ਸਕਦਾ ਹੈ- *ਜਾ ਤੁਧੁ ਭਾਵੈ ਤਾ ਹੋਵਹਿ ਰਾਜੇ* ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ ਕਿ ਪਰਮਾਤਮਾ ਦੁਆਰਾ ਦਿੱਤੀਆਂ ਹੋਈਆਂ ਦਾਤਾਂ ਨਾਲ ਹੀ ਮਨੁੱਖ ਰੱਜ ਸਕਦਾ ਹੈ- *ਹਰਿ ਜੀਉ ਤੇਰੀ ਦਾਤੀ ਰਾਜਾ* ਇਨ੍ਹਾਂ ਅਰਥਾਂ ਵਿਚ ਪਰਮਾਤਮਾ ਦੀ ਕਿਰਪਾ ਦ੍ਰਿਸ਼ਟੀ ਪ੍ਰਾਪਤ ਕਰਨ ਵਾਲਾ ਮਨੁੱਖ ਹਮੇਸ਼ਾਂ ਤ੍ਰਿਪਤ ਰਹਿੰਦਾ ਹੈ, ਪਰਜਾ ਨਾਲ ਨਿਆਂ ਕਰਦਾ ਹੈ ਅਤੇ ਸਵਾਰਥਾਂ ਹਿਤ ਉਨ੍ਹਾਂ 'ਤੇ ਜ਼ੁਲਮ ਨਹੀਂ ਕਰਦਾ। ਅਜਿਹਾ ਰੱਜਿਆ ਹੋਇਆ ਮਨੁੱਖ ਹੀ ਰਾਜਾ ਬਣੇ ਤਾਂ ਹੀ ਪਰਜਾ ਸੁਖੀ ਰਹਿ ਸਕਦੀ ਹੈ।

ਮਨੁੱਖ ਦਾ ਮਨ ਹੀ ਉਸ ਦੇ ਸਰੀਰ ਨੂੰ ਚਲਾਉਂਦਾ ਹੈ ਅਤੇ ਜਦੋਂ ਕਿਤੇ ਬੁੱਧੀ ਸਹੀ ਅਤੇ ਗ਼ਲਤ ਦਾ ਨਿਰਣਾ ਕਰ ਕੇ ਉਸ ਨੂੰ ਸਹੀ ਦਿਸ਼ਾ ਵਿਚ ਚਲਾਉਣ ਦਾ ਯਤਨ ਕਰਦੀ ਹੈ ਤਾਂ ਇਹ ਉਸ ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਤੋਂ ਇਨਕਾਰੀ ਹੋ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਮਨ ਕਰਕੇ ਹੀ ਮਨੁੱਖ ਯੁੱਧ ਭੂਮੀ ਵਿਚ ਰਾਜਾ ਬਣ ਕੇ ਸੂਰਮਿਆਂ ਵਾਂਗ ਯੁੱਧ ਕਰਦਾ ਹੈ ਅਤੇ ਇਹ ਹੀ ਗੁਰੂ ਦੀ ਸ਼ਰਨ ਵਿਚ ਪੈ ਕੇ ਨਿਰਭਉ ਹੋ ਜਾਂਦਾ ਹੈ- *ਇਹੁ ਮਨੁ ਰਾਜਾ ਸੂਰ ਸੰਗ੍ਰਾਮਿ॥ ਇਹੁ ਮਨੁ ਨਿਰਭਉ ਗੁਰਮੁਖਿ ਨਾਮਿ॥* ਮਨ ਨੂੰ ਸਰੀਰ ਦਾ ਅਨਿੱਖੜਵਾਂ ਅੰਗ ਮੰਨਦੇ ਹੋਏ ਗੁਰੂ ਜੀ ਅੱਗੇ ਸਮਝਾਉਂਦੇ ਹਨ ਕਿ ਮਨੁੱਖ ਦਾ ਸਰੀਰ ਇਕ ਨਗਰ ਹੈ ਜਿਸ ਵਿਚ ਪੰਜ ਗਿਆਨ ਇੰਦ੍ਰੀਆਂ ਵਿਚਾਰਵਾਨ ਹੋ ਕੇ ਵੱਸਦੀਆਂ ਹਨ ਅਤੇ ਮਨ ਉਨ੍ਹਾਂ ਦਾ ਰਾਜਾ ਬਣ ਬੈਠਦਾ ਹੈ ਅਤੇ ਹਿਰਦੇ ਰੂਪੀ ਆਸਣ 'ਤੇ ਬੈਠ ਕੇ ਸ਼ਬਦ ਦੁਆਰਾ ਪਰਮਾਤਮਾ ਦਾ ਸਿਮਰਨ ਕਰਦਾ ਹੈ ਅਤੇ ਗੁਣ ਧਾਰਨ ਕਰ ਕੇ ਦੂਜਿਆਂ ਨਾਲ ਨਿਆਂ ਕਰਦਾ ਹੈ- *ਕਾਇਆ ਨਗਰੀ ਇਹੁ ਮਨੁ ਰਾਜਾ ਪੰਚ ਵਸਹਿ ਵੀਚਾਰੀ॥੯॥ ਸਬਦਿ ਰਵੈ ਆਸਣਿ ਘਰਿ ਰਾਜਾ ਅਦਲੁ ਕਰੇ ਗੁਣਕਾਰੀ॥੧੦॥* ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਜਦੋਂ ਪਰਮਾਤਮਾ ਦਾ ਸਿਮਰਨ ਕਰਨ ਵਾਲੇ ਮਨੁੱਖ ਦੇ ਹਿਰਦੇ ਵਿਚ ਪਰਮਾਤਮਾ ਦਾ ਨਾਮ ਵੱਸ ਜਾਂਦਾ ਹੈ ਤਾਂ ਉਹ ਲੱਖਾਂ-ਕਰੋੜਾਂ ਮਨੁੱਖਾਂ ਦੇ ਦਿਲਾਂ ਦਾ ਰਾਜਾ ਬਣ ਜਾਂਦਾ ਹੈ- *ਕੋਟਿ ਲਾਖ ਸਰਬ ਕੋ ਰਾਜਾ ਜਿਸੁ ਹਿਰਦੈ ਨਾਮੁ ਤੁਮਾਰਾ॥*

ਪਰਮਾਤਮਾ ਦਾ ਸਿਮਰਨ ਕਰਨ ਵਾਲਾ ਮਨੁੱਖ ਨਿਸਚਿੰਤ, ਨਿਰਭਉ, ਨਿਰਵੈਰ, ਨਿਸਵਾਰਥ, ਨਿਮਰ ਅਤੇ ਨਿਸੰਗ ਹੋ ਜਾਂਦਾ ਹੈ। ਉਹ ਡਰ ਅਤੇ ਭੇਦਭਾਵ ਦੀ ਬਿਰਤੀ ਤੋਂ ਮੁਕਤ ਹੋ ਕੇ ਨਿਆਂ ਕਰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਪਰਮਾਤਮਾ ਨਾਲ ਜੁੜਿਆ ਹੋਇਆ ਮਨੁੱਖ ਹੀ ਵੱਡਾ ਰਾਜਾ ਹੈ ਅਤੇ ਉਸ ਦੇ ਕਾਰਜ ਉਹ ਆਪ ਹੀ ਸੁਆਰ ਦਿੰਦਾ ਹੈ- *ਜਿਸੁ ਨਾਮੁ ਰਿਦੈ ਸੋਈ ਵਡ ਰਾਜਾ॥ ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ॥*

ਸਦਗੁਣਾਂ ਦੇ ਆਧਾਰ 'ਤੇ ਜਿਹੜੇ ਵੀ ਮਹਾਪੁਰਖਾਂ ਅਤੇ ਸੂਝਵਾਨਾਂ ਨੇ ਮਨੁੱਖਾਂ ਦੇ ਜੀਵਨ ਆਦਰਸ਼ਾਂ ਦੀ ਵਿਆਖਿਆ ਕੀਤੀ ਹੈ, ਉਨ੍ਹਾਂ ਦੀ ਦ੍ਰਿਸ਼ਟੀ ਵਿਚ ਉਹ ਰਾਜੇ ਹਨ ਜਿਹੜੇ ਅਧਿਆਤਮਿਕ ਉੱਚਤਾ ਗ੍ਰਹਿਣ ਕਰ ਗਏ ਹਨ। ਭਗਵਾਨ ਦਾਸ ਜੀ ਆਪਣੀ ਰਚਨਾ 'ਭਗਵਾਨ ਬਲਾਸ ਗ੍ਰੰਥ' ਵਿਚ ਰਾਜੇ ਦੇ ਗੁਣਾਂ ਦਾ ਵਿਖਿਆਨ ਕਰਦੇ ਹੋਏ ਦੱਸਦੇ ਹਨ ਕਿ ਮਾਇਆ ਦੇ ਪ੍ਰਭਾਵ ਦੇ ਬਾਵਜੂਦ ਵੀ ਸਮਦ੍ਰਿਸ਼ਟੀ ਧਾਰਨ ਕਰਨ ਵਾਲੇ ਜਿਹੜੇ ਦਰਵੇਸ਼ ਅਤੇ ਸੂਝਵਾਨ ਹਮੇਸ਼ਾਂ ਕਲਹ-ਕਲੇਸ਼ ਤੋਂ ਦੂਰ ਰਹਿੰਦੇ ਹਨ, ਉਹ ਹੀ ਰਾਜੇ ਹਨ। ਪਰ ਇਸ ਦੇ ਉਲਟ ਉਹ ਕਿਹੋ ਜਿਹੇ ਤਿਆਗੀ ਹਨ ਜਿਨ੍ਹਾਂ ਦੇ ਮਨ ਵਿਚ ਮਾਇਆ ਤੋਂ ਜਿੱਤ-ਹਾਰ ਵਾਲੀ ਭਾਵਨਾ ਪੈਦਾ ਨਹੀਂ ਹੁੰਦੀ ਅਤੇ ਨਾ ਹੀ ਉਨ੍ਹਾਂ ਦੀ ਰੁਚੀ ਪਰਮਾਤਮਾ ਨਾਲ ਪ੍ਰੇਮ ਵਾਲੀ ਹੁੰਦੀ ਹੈ। ਦਰਅਸਲ, ਉਹ ਹੀ ਅਨੰਦ ਪ੍ਰਾਪਤ ਕਰਦੇ ਹਨ ਜਿਹੜੇ ਪੱਖ-ਪਾਤ ਰਹਿਤ ਹੋ ਕੇ, ਮਨ ਨੂੰ ਕਾਬੂ ਕਰ ਕੇ ਅਤੇ ਭੈੜੀ ਸਿੱਖਿਆ ਦਾ ਤਿਆਗ ਕਰ ਕੇ ਆਪਣੇ ਆਤਮ ਆਧਾਰ ਵਿਚ ਜੀਵਨ ਬਸਰ ਕਰਦੇ ਹਨ। ਅਜਿਹੇ ਮਨੁੱਖ ਹੀ ਸੰਜਮੀ, ਧੀਰਜਵਾਨ, ਸੰਤੋਖੀ ਅਤੇ ਰਾਜਿਆਂ ਦੇ ਰਾਜੇ ਕਹੇ ਜਾਂਦੇ ਹਨ:

*ਦਾਨੇ ਦਰਵੇਸ ਜੁ ਹਮੇਸ ਹੈਂ ਕਲੇਸ ਬਿਨ*
*ਸਮਝ ਨਰੇਸ ਇਹ ਬਸੇਸ ਹੈਂ ਬਚਾਰ ਮੇ॥*
*ਕੈਸੇ ਹੈਂ ਅਤੀਤ ਚੀਤ ਨਹੀ ਜਿਨ ਹਾਰ ਜੀਤ*
*ਰੀਤ ਮੇ ਨਾ ਨੀਤ ਹੈ ਪ੍ਰੀਤਿ ਦਿਲਦਾਰ ਮੇ॥*
*ਲੈਂਦੇ ਕੀ ਅਨੰਦ ਨਿਰਦ੍ਵੰਦ ਦਿਲ ਬੰਦ*
*ਮੰਦ ਪੰਦ ਨੁ ਤਿਆਗਿ ਰਹਿਦੇ ਆਤਮ ਅਧਾਰ ਮੇ॥*
*ਸੰਜਮੀ ਤੇ ਧੀਰਜੀ ਸੰਤੋਖੀ ਭਗਵਾਂਨ ਦਾਸ*
*ਸਾਹਿਨ ਕੇ ਸਾਹ ਜੋ ਸਮਾਏ ਸਮਸਾਰ ਮੇ॥੩੩੦॥*

ਗੁਰਬਾਣੀ ਵਿਚ ਮਨੁੱਖ ਨੂੰ ਅਧਿਆਤਮਿਕ ਦ੍ਰਿਸ਼ਟੀ ਪੈਦਾ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ ਜਿਹੜੀ ਕਿ ਉਸ ਨੂੰ ਦੂਜੇ ਮਨੁੱਖਾਂ ਨਾਲੋਂ ਸੂਝਵਾਨ ਅਤੇ ਸ੍ਰੇਸ਼ਟ ਬਣਾਉਂਦੀ ਹੈ। ਧਾਰਮਿਕ ਕਦਰਾਂ-ਕੀਮਤਾਂ ਅਨੁਸਾਰ ਜੀਵਨ ਬਸਰ ਕਰ ਕੇ ਅਧਿਆਤਮਿਕ ਉੱਚਤਾ ਪ੍ਰਾਪਤ ਕਰਨ ਵਾਲੇ ਹੀ ਅਸਲ ਰਾਜੇ ਹਨ ਜਿਹੜੇ ਕਿ ਲੱਖਾਂ-ਕਰੋੜਾਂ ਮਨੁੱਖਾਂ ਦੇ ਦਿਲਾਂ 'ਤੇ ਰਾਜ ਕਰਦੇ ਹਨ। ■

# ਅਕਾਲੀ ਮੋਰਚਿਆਂ ਵਿੱਚੋਂ ਜੈਤੋ ਦੇ ਮੋਰਚੇ ਦਾ ਸਥਾਨ

*-ਪ੍ਰੋ. ਹਰਭਿੰਦਰ ਸਿੰਘ**

੧੯ਵੀਂ ਸਦੀ ਦੇ ਅਖੀਰ ਅਤੇ ੨੦ਵੀਂ ਸਦੀ ਦੇ ਅਰੰਭ ਦੌਰਾਨ ਅੰਗਰੇਜ਼ਾਂ ਦੀ ਜਬਰ-ਜ਼ੁਲਮ ਦੀ ਨੀਤੀ ਦੇ ਵਿਰੁੱਧ ਅਤੇ ਭਾਰਤੀ ਸਮਾਜ ਨੂੰ ਮੁੜ-ਸੁਰਜੀਤ ਕਰਨ ਦੇ ਲਈ ਸਿੰਘ ਸਭਾ, ਗ਼ਦਰ, ਅਕਾਲੀ ਅਤੇ ਨੌਜਵਾਨ ਭਾਰਤ ਸਭਾ ਆਦਿ ਕਈ ਲਹਿਰਾਂ ਨੇ ਜਨਮ ਲਿਆ। ਇਨ੍ਹਾਂ ਲਹਿਰਾਂ ਵਿੱਚੋਂ ਅਕਾਲੀ ਲਹਿਰ ਆਪਣਾ ਇੱਕ ਨਿਵੇਕਲਾ ਸਥਾਨ ਰੱਖਦੀ ਹੈ, ਜਿਸ ਦੀ ਸ਼ੁਰੂਆਤ ੨੦ਵੀਂ ਸਦੀ ਦੇ ਪਹਿਲੇ ਦਹਾਕੇ ਦੇ ਦੌਰਾਨ ਗੁਰਦੁਆਰਾ ਰਕਾਬਗੰਜ ਦੇ ਮੋਰਚੇ ਦੇ ਨਾਲ ਹੋ ਗਈ ਸੀ। ਗੁਰਦੁਆਰਾ ਰਕਾਬਗੰਜ ਸਾਹਿਬ, ਦਿੱਲੀ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਨਾਲ ਸੰਬੰਧਿਤ ਮਹਾਨ ਸਥਾਨ ਹੈ। ਜਦੋਂ ਅੰਗਰੇਜ਼ਾਂ ਨੇ ੧੯੧੧ ਈ. ਵਿਚ ਕਲਕੱਤੇ ਦੀ ਥਾਂ ਦਿੱਲੀ ਨੂੰ ਆਪਣੀ ਰਾਜਧਾਨੀ ਬਣਾਇਆ ਤਾਂ ਉਨ੍ਹਾਂ ਨੇ ੧੯੧੪ ਈ. ਦੇ ਅਰੰਭ ਵਿਚ ਗੁਰਦੁਆਰਾ ਰਕਾਬਗੰਜ ਸਾਹਿਬ ਦੀ ਜ਼ਮੀਨ ਵਿੱਚੋਂ ਇੱਕ ਸੜਕ ਕੱਢ ਕੇ ਵਾਇਸਰਾਏ ਦੇ ਰਿਹਾਇਸ਼ ਸਥਾਨ ਤਕ ਬਣਾ ਦਿੱਤੀ। ਇਸ ਸੜਕ ਨੂੰ ਪੂਰਾ ਕਰਨ ਦੇ ਲਈ ਉਨ੍ਹਾਂ ਨੇ ਗੁਰਦੁਆਰਾ ਰਕਾਬਗੰਜ ਸਾਹਿਬ ਦੀ ਕੰਧ ਦਾ ਕੁਝ ਹਿੱਸਾ ਵੀ ਡੇਗ ਦਿੱਤਾ। ਇਸ ਕਾਰਨ ਸਿੱਖਾਂ ਵਿਚ ਅੰਗਰੇਜ਼ੀ ਸਰਕਾਰ ਵਿਰੁੱਧ ਰੋਸ ਵੱਧ ਗਿਆ ਪਰ ਇਸੇ ਸਮੇਂ ਦੌਰਾਨ ਪਹਿਲਾ ਵਿਸ਼ਵ ਯੁੱਧ ਸ਼ੁਰੂ ਹੋ ਗਿਆ, ਜਿਸ ਕਰਕੇ ਸਿੱਖਾਂ ਨੇ ਇਹ ਕੰਮ ਅੱਗੇ ਪਾ ਦਿੱਤਾ।

ਪਹਿਲੇ ਵਿਸ਼ਵ ਯੁੱਧ ਦੀ ਸਮਾਪਤੀ ਤੋਂ ਬਾਅਦ ਜਦੋਂ ਸਿੱਖਾਂ ਨੇ ਇਸ ਕੰਧ ਦੇ ਨਿਰਮਾਣ ਦੇ ਲਈ ਸਰਕਾਰ ਨੂੰ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਟਾਲ-ਮਟੋਲ ਕਰਨ 'ਤੇ ੧ ਦਸੰਬਰ, ੧੯੨੦ ਈ. ਨੂੰ ਕੰਧ ਦੀ ਉਸਾਰੀ ਲਈ ੧੦੦ ਅਕਾਲੀਆਂ ਦਾ ਇੱਕ ਸ਼ਹੀਦੀ ਜਥਾ ਭੇਜਣ ਦਾ ਫੈਸਲਾ ਕੀਤਾ। ਸਰਕਾਰ ਦੀਆਂ ਜਲਦ ਹੀ ਅੱਖਾਂ ਖੁੱਲ ਗਈਆਂ ਤੇ ਉਨ੍ਹਾਂ ਨੇ ਕੰਧ ਦਾ ਨਿਰਮਾਣ ਕਰ ਦਿੱਤਾ। ਇਸ ਤਰ੍ਹਾਂ ਇਸ ਪਹਿਲੀ ਜਿੱਤ ਦੇ ਨਾਲ ਹੀ ਫਤਿਹ ਦੇ ਨਾਅਰੇ ਗੂੰਜ ਉੱਠੇ ਤੇ ਅਗਲੇ ਮੋਰਚਿਆਂ ਦੇ ਲਈ ਪਿੜ ਤਿਆਰ ਹੋ ਗਿਆ। ਉਸ ਤੋਂ ਬਾਅਦ ੨੫ ਜਨਵਰੀ, ੧੯੨੧ ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਭਾਈ ਤੇਜਾ ਸਿੰਘ ਭੁੱਚਰ ਦੀ ਅਗਵਾਈ ਹੇਠ ੪੦ ਅਕਾਲੀਆਂ ਦਾ ਇੱਕ ਸ਼ਹੀਦੀ ਜਥਾ ਤਰਨ ਤਾਰਨ ਸਾਹਿਬ ਨੂੰ ਦੁਸ਼ਟ ਤੇ ਦੁਰਾਚਾਰੀ ਮਹੰਤਾਂ ਤੋਂ ਅਜ਼ਾਦ ਕਰਵਾਉਣ ਲਈ ਭੇਜਿਆ। ਮਹੰਤ ਨੇ ਸ਼ਾਂਤਮਈ ਅਕਾਲੀਆਂ ਉੱਪਰ ਆਪਣੇ ਗੁੰਡਿਆਂ ਦੁਆਰਾ ਹਮਲਾ ਕਰਵਾਇਆ, ਜਿਸ ਵਿਚ ਭਾਈ ਹਜ਼ਾਰਾ ਸਿੰਘ ਤੇ ਭਾਈ ਹੁਕਮ ਸਿੰਘ ਦੋ ਸਿੰਘ ਸ਼ਹੀਦ ਹੋ ਗਏ ਤੇ ੧੭ ਹੋਰ ਜ਼ਖ਼ਮੀ ਹੋ ਗਏ।

** ਮੁਖੀ ਅਤੇ ਅਸਿਸਟੈਂਟ ਪ੍ਰੋਫ਼ੈਸਰ, ਮਾਤਾ ਗੁਜਰੀ ਕਾਲਜ, ਫ਼ਤਿਹਗੜ੍ਹ ਸਾਹਿਬ। ਮੋ. ੯੪੧੭੧-੪੩੦੦੩*

ਸਿੰਘਾਂ ਦੇ ਇਸ ਲਾਸਾਨੀ ਜਜ਼ਬੇ ਨੇ ਮਹੰਤ ਨੂੰ ਭੱਜਣ ਦੇ ਲਈ ਮਜਬੂਰ ਕਰ ਦਿੱਤਾ ਤੇ ਗੁਰਦੁਆਰਾ ਤਰਨ ਤਰਨ ਸਾਹਿਬ ਉਨ੍ਹਾਂ ਦੇ ਅਧਿਕਾਰ ਹੇਠ ਆ ਗਿਆ। ਇਸ ਤੋਂ ਬਾਅਦ ੨੦ ਫਰਵਰੀ, ੧੯੨੦ ਈ. ਨੂੰ ਭਾਈ ਲਛਮਣ ਸਿੰਘ ਅਧੀਨ ਇਕ ਜਥਾ ਨਨਕਾਣਾ ਸਾਹਿਬ ਗੁਰਦੁਆਰਾ ਸਾਹਿਬ ਵੱਲ ਨੂੰ ਵਧਿਆ ਤਾਂ ਜੋ ਗੁਰਦੁਆਰਾ ਨਨਕਾਣਾ ਸਾਹਿਬ ਨੂੰ ਦੁਸ਼ਟ ਮਹੰਤ ਨਰਾਇਣ ਦਾਸ ਤੋਂ ਅਜ਼ਾਦ ਕਰਵਾਇਆ ਜਾਵੇ। ਮਹੰਤ ਨਰਾਇਣ ਦਾਸ ਨੇ ਆਪਣੇ ਗੁੰਡਿਆਂ ਤੋਂ ਸ਼ਾਂਤਮਈ ਜਥੇ ਉੱਪਰ ਹਮਲਾ ਕਰਵਾਇਆ ਤੇ ਬਹੁਤ ਹੀ ਬੇਰਹਿਮੀ ਦੇ ਨਾਲ ੧੩੦ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ। ਇਹ ਇੱਕ ਲਾਸਾਨੀ ਸ਼ਹਾਦਤ ਸੀ ਪਰ ਇਸ ਕੁਰਬਾਨੀ ਭਰੇ ਕਾਰਨਾਮੇ ਨੇ ਨਨਕਾਣਾ ਸਾਹਿਬ ਦਾ ਪ੍ਰਬੰਧ ਸਿੱਖ ਕੌਮ ਦੀ ਝੋਲੀ ਪਾ ਦਿੱਤਾ ਤੇ ਮਹੰਤ ਨਰਾਇਣ ਦਾਸ ਤੋਂ ਗੁਰਦੁਆਰਾ ਸਾਹਿਬ ਨੂੰ ਅਜ਼ਾਦ ਕਰਵਾ ਲਿਆ ਗਿਆ। ਡਾ. ਸੁਖਮਨੀ ਬੱਲ ਦੇ ਅਨੁਸਾਰ, "ਨਨਕਾਣਾ ਦੁਖਾਂਤ ਨੇ ਸਿੱਖ ਦਿਲਾਂ ਨੂੰ ਟੁੰਬਿਆ ਅਤੇ ਇਸ ਨੇ ਗੁਰਦੁਆਰਾ ਸੁਧਾਰ ਲਹਿਰ ਤੇ ਤਤਕਾਲੀ ਅਤੇ ਦੂਰਗਾਮੀ ਪ੍ਰਭਾਵ ਪਾਏ।[੧]

ਹੁਣ ਅੰਗਰੇਜ਼ੀ ਸਰਕਾਰ ਨੇ ਅਕਾਲੀ ਲਹਿਰ ਨੂੰ ਸ਼ਕਤੀ ਨਾਲ ਦਬਾਉਣ ਦੇ ਯਤਨ ਕੀਤੇ। ੭ ਨਵੰਬਰ, ੧੯੨੧ ਈ. ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਸ੍ਰੀ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਚਾਬੀਆਂ ਆਪਣੇ ਅਧਿਕਾਰ ਹੇਠ ਲੈ ਲਈਆਂ ਤਾਂ ਜੋ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕੀ ਕੰਮਾਂ ਨੂੰ ਰੋਕ ਦਿੱਤਾ ਜਾਵੇ। ੨੧ ਨਵੰਬਰ, ੧੯੨੧ ਈ. ਨੂੰ ਅਕਾਲੀਆਂ ਨੇ ਚਾਬੀਆਂ ਵਾਪਸ ਲੈਣ ਦੇ ਲਈ ਮੋਰਚਾ ਲਗਾ ਦਿੱਤਾ। ਸਰਕਾਰ ਦੁਆਰਾ ੨੦੦ ਅਕਾਲੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਅੰਤ ਵਿਚ ਸਰਕਾਰ ਨੂੰ ਅਕਾਲੀਆਂ ਅੱਗੇ ਝੁਕਣਾ ਪਿਆ ਤੇ ੧੭ ਜਨਵਰੀ, ੧੯੨੨ ਈ. ਨੂੰ ਚਾਬੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਖੜਕ ਸਿੰਘ ਨੂੰ ਵਾਪਸ ਕਰ ਦਿੱਤੀਆਂ। ਇਹ ਇੱਕ ਮਹਾਨ ਜਿੱਤ ਸੀ। ਇਸ ਜਿੱਤ ਨੂੰ ਕਈ ਦਿਨਾਂ ਤਕ ਮਨਾਇਆ ਜਾਂਦਾ ਰਿਹਾ ਅਤੇ ਸਾਰੇ ਪ੍ਰਾਂਤ ਵਿਚ ਖੁਸ਼ੀਆਂ ਦੇ ਅਜਿਹੇ ਦ੍ਰਿਸ਼ ਵੇਖਣ ਨੂੰ ਮਿਲੇ ਜਿਨ੍ਹਾਂ ਦੀ ਨਾ ਤਾਂ ਕੋਈ ਮਿਸਾਲ ਅਤੇ ਨਾ ਹੀ ਕੋਈ ਤੁਲਨਾ ਕੀਤੀ ਜਾ ਸਕਦੀ ਹੈ।[੨] ਇਸੇ ਸਮੇਂ ਦੇ ਦੌਰਾਨ ਅਕਾਲੀਆਂ ਨੇ ਸ੍ਰੀ ਅੰਮ੍ਰਿਤਸਰ ਦੀ ਅਜਨਾਲਾ ਤਹਿਸੀਲ ਵਿਚ ਸਥਿਤ 'ਗੁਰੂ ਕਾ ਬਾਗ' ਗੁਰਦੁਆਰਾ ਸਾਹਿਬ ਵਿਖੇ ਮੋਰਚਾ ਲਗਾਇਆ। ਇਸ ਗੁਰਦੁਆਰੇ ਦੇ ਉੱਪਰ ਮਹੰਤ ਸੁੰਦਰ ਦਾਸ ਦਾ ਅਧਿਕਾਰ ਸੀ। ਜੋ ਇੱਕ ਦੁਸ਼ਟ ਤੇ ਦੁਰਾਚਾਰੀ ਵਿਅਕਤੀ ਸੀ। ੨੯ ਅਗਸਤ, ੧੯੨੧ ਈ. ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇੱਕ ਜਥਾ ਭੇਜ ਕੇ ਇਸ ਗੁਰਦੁਆਰੇ ਦਾ ਪ੍ਰਬੰਧ ਆਪਣੇ ਹੱਥਾਂ ਵਿਚ ਲੈ ਲਿਆ ਪਰ ਮਹੰਤ ਨੇ ਗੁਰਦੁਆਰਾ ਸਾਹਿਬ ਦੀ ਜ਼ਮੀਨ ਉੱਤੇ ਆਪਣਾ ਅਧਿਕਾਰ ਨਾ ਛੱਡਿਆ। ਅਗਸਤ, ੧੯੨੨ ਈ. ਵਿਚ

ਮੋਰਚਾ ਸ਼ੁਰੂ ਹੋ ਗਿਆ। ਸ੍ਰੀ ਅਕਾਲ ਤਖਤ ਸਾਹਿਬ ਤੋਂ ਜਥੇ ਜਾਣੇ ਸ਼ੁਰੂ ਹੋ ਗਏ। ਜਿਨ੍ਹਾਂ ਉੱਪਰ ਸਰਕਾਰ ਨੇ ਅਣਮਨੁੱਖੀ ਜ਼ੁਲਮ ਕੀਤੇ ਤੇ ਲਗਪਗ ੨੦੦ ਤੋਂ ਵੱਧ ਅਕਾਲੀਆਂ ਨੂੰ ਗ੍ਰਿਫਤਾਰ ਕਰ ਲਿਆ। ੩੧ ਅਗਸਤ, ੧੯੨੨ ਈ. ਨੂੰ ਤਰਨ ਤਾਰਨ ਸਾਹਿਬ ਤੋਂ ਜਥਾ ਆਇਆ। ਸਰਕਾਰ ਨੇ ਪੁਲਿਸ ਕੋਲੋਂ ਜਥੇ ਉੱਪਰ ਹਮਲਾ ਕਰਵਾਇਆ। ਜਿਸ ਕਾਰਨ ਦੋ ਅਕਾਲੀ ਸ਼ਹੀਦ ਹੋ ਗਏ। ਇਸ ਤੋਂ ਬਾਅਦ ੧੦੦-੧੦੦ ਅਕਾਲੀਆਂ ਦੇ ਸ਼ਾਂਤਮਈ ਜਥੇ ਲਗਾਤਾਰ 'ਗੁਰੂ ਕਾ ਬਾਗ' ਗੁਰਦੁਆਰਾ ਆਉਣੇ ਸ਼ੁਰੂ ਹੋ ਗਏ। ਪੁਲਿਸ ਨੇ ਉਨ੍ਹਾਂ ਉੱਪਰ ਬਹੁਤ ਜ਼ਿਆਦਾ ਜ਼ੁਲਮ ਕੀਤੇ ਤੇ ਨਵੰਬਰ ੧੯੨੨ ਈ. ਤਕ ੫੦੦੦ ਤੋਂ ਵੱਧ ਅਕਾਲੀਆਂ ਨੂੰ ਜੇਲ ਵਿਚ ਬੰਦ ਕਰ ਦਿੱਤਾ ਗਿਆ। ਅਕਾਲੀ ਜਥਿਆਂ ਨੇ ਲਾਸਾਨੀ ਬਹਾਦਰੀ ਤੇ ਸਿਦਕ ਦਾ ਸਬੂਤ ਦਿੱਤਾ। ਅੰਤ ਵਿਚ ਮਜਬੂਰ ਹੋ ਕੇ ਅੰਗਰੇਜ਼ੀ ਸਰਕਾਰ ਨੇ ੧੭ ਨਵੰਬਰ, ੧੯੨੨ ਈ. ਨੂੰ 'ਗੁਰੂ ਕੇ ਬਾਗ' 'ਤੇ ਸਿੱਖਾਂ ਦਾ ਅਧਿਕਾਰ ਸਵੀਕਾਰ ਕਰ ਲਿਆ। ਜਦੋਂ 'ਗੁਰੂ ਦਾ ਬਾਗ ਮੋਰਚਾ' ਚੱਲ ਰਿਹਾ ਸੀ ਤਾਂ ਉਸ ਸਮੇਂ ਦੇ ਦੌਰਾਨ ਸਰਕਾਰ ਨੇ ਬਹੁਤ ਸਾਰੇ ਅਕਾਲੀਆਂ ਨੂੰ ਗ੍ਰਿਫਤਾਰ ਕਰ ਕੇ ਅਟਕ ਜੇਲ ਵਿਚ ਭੇਜਣ ਦਾ ਫੈਸਲਾ ਲੈ ਲਿਆ। ਗ੍ਰਿਫ਼ਤਾਰ ਕੀਤੇ ਗਏ ਬਹੁਤ ਸਾਰੇ ਸਿੰਘਾਂ ਨੂੰ ਲੈ ਕੇ ਰੇਲ ਗੱਡੀ ਨੇ ਹਸਨ ਅਬਦਾਲ ਵਿੱਚੋਂ ਦੀ ਲੰਘਣਾ ਸੀ। ਪੰਜਾ ਸਾਹਿਬ ਦੀ ਸੰਗਤ ਨੇ ੩੦ ਅਕਤੂਬਰ, ੧੯੨੨ ਈ. ਨੂੰ ਜਿਸ ਦਿਨ ਗੱਡੀ ਨੇ ਪੰਜਾ ਸਾਹਿਬ ਦੇ ਸਟੇਸ਼ਨ 'ਤੇ ਪਹੁੰਚਣਾ ਸੀ, ਇਨ੍ਹਾਂ ਸਿੱਖਾਂ ਨੂੰ ਲੰਗਰ ਛਕਾਉਣ ਦਾ ਫੈਸਲਾ ਲਿਆ ਪਰ ਸਰਕਾਰ ਨੇ ਗੱਡੀ ਨੂੰ ਪੰਜਾ ਸਾਹਿਬ ਦੇ ਸਟੇਸ਼ਨ 'ਤੇ ਨਾ ਰੁਕਣ ਦਾ ਹੁਕਮ ਦਿੱਤਾ। ਗੱਡੀ ਨੂੰ ਰੋਕਣ ਲਈ ਬਹੁਤ ਸਾਰੇ ਸਿੰਘ ਲਾਈਨ ਉੱਤੇ ਬੈਠ ਗਏ। ਸਿੰਘਾਂ ਦੇ ਲਾਈਨ ਉੱਪਰ ਬੈਠਣ 'ਤੇ ਵੀ ਗੱਡੀ ਨੂੰ ਨਾ ਰੋਕਿਆ ਗਿਆ, ਸਗੋਂ ਗੱਡੀ ਉਨ੍ਹਾਂ ਉੱਪਰ ਚੜ੍ਹਾ ਦਿੱਤੀ ਗਈ ਜਿਸ ਕਾਰਨ ਭਾਈ ਪ੍ਰਤਾਪ ਸਿੰਘ ਤੇ ਭਾਈ ਕਰਮ ਸਿੰਘ ਦੋ ਸਿੱਖ ਸ਼ਹੀਦ ਹੋ ਗਏ ਤੇ ਬਹੁਤ ਸਾਰੇ ਸਿੰਘਾਂ ਦੇ ਅੰਗ ਕੱਟੇ ਗਏ ਤੇ ਜ਼ਖ਼ਮੀ ਹੋ ਗਏ। ਇਸ ਤੋਂ ਬਾਅਦ ਗੱਡੀ ਨੂੰ ਰੋਕਿਆ ਗਿਆ ਤੇ ਸਿੰਘਾਂ ਨੇ ਲੰਗਰ ਛਕਾ ਕੇ ਆਪਣਾ ਪ੍ਰਣ ਪੂਰਾ ਕੀਤਾ। ਇਹ ਇੱਕ ਮਹਾਨ ਘਟਨਾ ਸੀ ਜੋ ਸਿੱਖਾਂ ਦੀ ਬੇਮਿਸਾਲ ਕੁਰਬਾਨੀ ਦੇ ਉਦਾਹਰਨ ਵਜੋਂ ਹਮੇਸ਼ਾ ਚਮਕਦੀ ਰਹੇਗੀ।[੩]

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਉੱਪਰ ਦਿੱਤੇ ਗਏ ਸਾਰੇ ਮੋਰਚਿਆਂ ਨੂੰ ਸ਼ੁਰੂ ਕਰਨ ਦਾ ਪ੍ਰਮੁੱਖ ਕਾਰਨ ਧਾਰਮਿਕ ਸੀ। ਜਿਸ ਵਿਚ ਗੁਰਦੁਆਰਾ ਸਾਹਿਬਾਨ ਨੂੰ ਦੁਰਾਚਾਰੀ ਮਹੰਤਾਂ ਦੇ ਚੁੰਗਲ ਤੋਂ ਛੁਡਵਾਉਣਾ ਸੀ ਪਰ ਇਨ੍ਹਾਂ ਸਾਰੇ ਮੋਰਚਿਆਂ ਵਿੱਚੋਂ ਜੈਤੋ ਦਾ ਮੋਰਚਾ ਵੱਖਰਾ ਸੀ। ਜੈਤੋ ਨਾਭਾ ਰਿਆਸਤ ਦਾ ਇਕ ਛੋਟਾ ਜਿਹਾ ਕਸਬਾ ਸੀ ਤੇ ਇੱਥੇ ਗੰਗਸਰ ਦਾ ਇਤਿਹਾਸਿਕ ਗੁਰਦੁਆਰਾ ਸੁਸ਼ੋਭਿਤ ਸੀ ਜਿੱਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਵਿੱਤਰ ਚਰਨ ਪਾਏ ਸਨ। ਪਰ ਸਾਲ ੧੯੨੩ ਦੇ

ਦੌਰਾਨ ਅਕਾਲੀ ਮੋਰਚੇ ਦੇ ਦੌਰਾਨ ਇਹ ਸੰਸਾਰ ਭਰ ਵਿਚ ਇੱਕ ਖਿੱਚ ਦਾ ਕੇਂਦਰ ਬਣ ਗਿਆ। ਨਾਭੇ ਦਾ ਰਾਜਾ ਮਹਾਰਾਜਾ ਰਿਪੁਦਮਨ ਸਿੰਘ ਅਕਾਲੀਆਂ ਨਾਲ ਬਹੁਤ ਜ਼ਿਆਦਾ ਹਮਦਰਦੀ ਰੱਖਦਾ ਸੀ। ਉਸ ਨੇ ਨਨਕਾਣਾ ਸਾਹਿਬ ਦੇ ਸਾਕੇ ਦੇ ਦੌਰਾਨ ਸ਼ਹੀਦ ਹੋਏ ਸਿੱਖਾਂ ਦੇ ਲਈ ਸਨਮਾਨ ਵਜੋਂ ਸ਼ਹੀਦੀ ਦਿਵਸ ਮਨਾਇਆ ਸੀ ਤੇ ਨਾਲ ਹੀ ਰੋਸ ਵਜੋਂ ਕਾਲੀ ਦਸਤਾਰ ਸਜਾਈ ਸੀ। ਇਸ ਤੋਂ ਇਲਾਵਾ ਉਸ ਨੇ 'ਗੁਰੂ ਕਾ ਬਾਗ' ਮੋਰਚੇ ਦੌਰਾਨ ਅਕਾਲੀਆਂ ਦੀ ਗੁਪਤ ਰੂਪ ਵਿਚ ਸਹਾਇਤਾ ਕੀਤੀ ਸੀ। ਇਨ੍ਹਾਂ ਕਾਰਨਾਂ ਕਰਕੇ ਅੰਗਰੇਜ਼ ਸਰਕਾਰ ਮਹਾਰਾਜੇ ਦੇ ਵਿਰੁੱਧ ਹੋ ਚੁੱਕੀ ਸੀ। ਮਹਾਰਾਜਾ ਜਿਹੜਾ ੨੦ ਦਸੰਬਰ, ੧੯੧੧ ਈ. ਨੂੰ ਤਖਤ ਉੱਤੇ ਬੈਠਾ ਸੀ, ੫-੯ ਜੁਲਾਈ, ੧੯੨੩ ਈ. ਨੂੰ ਆਪਣੇ ਨਾਬਾਲਗ ਪੁੱਤਰ ਪ੍ਰਤਾਪ ਸਿੰਘ ਦੇ ਪੱਖ ਵਿੱਚ ਗੱਦੀਂਓ ਲਾਹ ਦਿੱਤਾ ਗਿਆ।[੪] ਬ੍ਰਿਟਿਸ਼ ਸਰਕਾਰ ਦੇ ਅਨੁਸਾਰ ਮਹਾਰਾਜੇ ਨੇ ਗੱਦੀ ਆਪ ਛੱਡੀ ਸੀ ਪਰ ਅਕਾਲੀ ਜਾਣਦੇ ਸਨ ਕਿ ਅੰਗਰੇਜ਼ਾਂ ਨੇ ਮਹਾਰਾਜੇ ਨੂੰ ਗੱਦੀ ਛੱਡਣ ਲਈ ਮਜਬੂਰ ਕੀਤਾ ਹੈ। ਅਕਾਲੀ ਨੇਤਾ ਮਾਸਟਰ ਤਾਰਾ ਸਿੰਘ ਨੇ ਇਸ ਦੀ ਤੁਲਨਾ ਮਹਾਰਾਜਾ ਦਲੀਪ ਸਿੰਘ ਨੂੰ ਲਾਹੌਰ ਦਰਬਾਰ ਦੇ ਤਖਤ ਤੋਂ ਲਾਹੁਣ ਬਰਾਬਰ ਕੀਤੀ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਹਾਰਾਜੇ ਨਾਭੇ ਦੀ ਬਹਾਲੀ ਦਾ ਸਵਾਲ ਆਪਣੇ ਹੱਥਾਂ ਵਿਚ ਲਿਆ ਤੇ ਬਹੁ-ਸੰਮਤੀ ਨਾਲ ਮਤਾ ਪਾਸ ਕੀਤਾ ਗਿਆ। ਇਸ ਸਮੇਂ ਜਦ ਕਿ ਸਿੱਖ ਕੌਮ ਵਿਚ ਜਾਗ੍ਰਤੀ ਆ ਚੁੱਕੀ ਹੈ ਸਿੱਖ ਰਾਜੇ ਨੂੰ ਗੱਦੀਓਂ ਉਤਾਰਨਾ ਸਿੱਖ ਕੌਮ ਨੂੰ ਚੈਲੇਂਜ ਕਰਨਾ ਹੈ ਤੇ ਜਥੇਬੰਦੀ ਨੂੰ ਤੋੜਨਾ ਹੈ। ਇਸ ਵਾਸਤੇ ੯ ਸਤੰਬਰ, ੧੯੨੩ ਨੂੰ ਨਾਭਾ ਦਿਵਸ ਮਨਾਏ ਜਾਣ ਦਾ ਫੈਸਲਾ ਲਿਆ ਗਿਆ।[੫] ਇਸ ਤੋਂ ਬਾਅਦ ਮਹਾਰਾਜੇ ਦੀ ਬਹਾਲੀ ਦੇ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ੍ਰੀ ਅਕਾਲ ਤਖਤ ਅੰਮ੍ਰਿਤਸਰ ਤੋਂ ਹਰ ਰੋਜ਼ ਜੈਤੋ ਜਥੇ ਭੇਜਣ ਦਾ ਫੈਸਲਾ ਕੀਤਾ ਤੇ ਨਾਲ ਹੀ ਮੋਰਚਾ ਲਗਾ ਦਿੱਤਾ। ਸ਼ੁਰੂ ਵਿਚ ਸ੍ਰੀ ਅਕਾਲ ਤਖਤ ਸਾਹਮਣੇ ਕਰਨੀ, ਕਥਨੀ ਤੇ ਚਿੰਤਨ ਵਿਚ ਸ਼ਾਂਤਮਈ ਰਹਿਣ ਦੇ ਪ੍ਰਣ ਲੈ ਕੇ ਰੋਜ਼ ੨੫ ਮੈਂਬਰਾਂ ਦੇ ਆਧਾਰਿਤ ਜਥੇ ਜੈਤੋ ਜਾਣ ਲੱਗੇ। ਜਦੋਂ ਇਹ ਜਥੇ ਗੁਰਦੁਆਰਾ ਗੰਗਸਰ ਜੈਤੋ ਪਹੁੰਚੇ ਤਾਂ ਪੁਲਿਸ ਵੱਲੋਂ ਸ਼ਾਂਤਮਈ ਅਕਾਲੀਆਂ ਉੱਤੇ ਬੇਤਹਾਸ਼ਾ ਜ਼ੁਲਮ ਢਾਇਆ ਗਿਆ।

ਨਾਭੇ ਦੇ ਲੋਕ ਵੀ ਸਰਕਾਰ ਤੋਂ ਖੁਸ਼ ਨਹੀਂ ਸਨ। ਇਸ ਕਰਕੇ ਆਲੇ-ਦੁਆਲੇ ਦੀ ਇਲਾਕੇ ਦੇ ਸੰਗਤ ਨੇ ਇਹ ਫੈਸਲਾ ਕੀਤਾ ਕਿ ੨੫, ੨੬ ਅਤੇ ੨੭ ਅਗਸਤ, ੧੯੨੩ ਨੂੰ ਗੁਰਦੁਆਰਾ ਗੰਗਸਰ ਵਿਚ ਦੀਵਾਨ ਅਤੇ ਪਾਠ ਕੀਤਾ ਜਾਵੇ। ਇਸ ਵੇਲੇ ਪੁਲਿਸ ਨੇ ਗੁਰਦੁਆਰੇ ਦਾਖ਼ਲ ਹੋ ਕੇ ਤਾਬਿਆ ਬੈਠੇ ਸਿੰਘ ਭਾਈ ਇੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ।[੬]

ਸੰਗਤ ਨੇ ਇਸ ਗੱਲ ਦਾ ਬਹੁਤ ਜ਼ਿਆਦਾ ਰੋਸ ਪ੍ਰਗਟ ਕੀਤਾ ਤੇ ਉਨ੍ਹਾਂ ਨੇ

ਫੈਸਲਾ ਕੀਤਾ ਕਿ ਉਦੋਂ ਤਕ ਉਹ ਪਾਠ ਅਤੇ ਦੀਵਾਨ ਜਾਰੀ ਰੱਖਣਗੇ ਜਦੋਂ ਤਕ ਸਰਕਾਰ ਆਪਣੀ ਗ਼ਲਤੀ ਨਾ ਮੰਨ ਲਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ੧ ਸਤੰਬਰ, ੧੯੨੩ ਈ. ਨੂੰ ੨੫ ਸਿੰਘਾਂ ਦਾ ਜਥਾ ਪਾਠ ਕਰਨ ਦੇ ਲਈ ਜੈਤੋ ਭੇਜਿਆ। ਇਸ ਜਥੇ ਅਤੇ ਇਲਾਕੇ ਦੀ ਸਿੱਖ ਸੰਗਤ ਨੇ ਪਾਠ ਕਰਨੇ ਅਰੰਭ ਕਰ ਦਿੱਤੇ। ਬ੍ਰਿਟਿਸ਼ ਸਰਕਾਰ ਨੇ ਇਸ ਵਿਚ ਪੂਰਾ ਦਖ਼ਲ ਦਿੱਤਾ ਅਤੇ ਰਿਆਸਤ ਨਾਭਾ ਦੀ ਪੁਲਿਸ ਲੈ ਕੇ ੧੪ ਸਤੰਬਰ, ੧੯੨੩ ਈ. ਨੂੰ ਗੁਰਦੁਆਰਾ ਗੰਗਸਰ ਉੱਪਰ ਹਮਲਾ ਬੋਲਿਆ ਤੇ ਸਾਰੇ ਸਿੰਘ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਸੁਣਦੇ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬੇ ਬੈਠੇ ਸਨ, ਫੜ ਕੇ ਗ੍ਰਿਫਤਾਰ ਕਰ ਲਏ ਗਏ। ਸਾਰੇ ਪੰਜਾਬ ਵਿਚ ਇਸ ਘਟਨਾ ਦਾ ਵਿਰੋਧ ਕੀਤਾ ਗਿਆ ਅਤੇ ਸਰਕਾਰ ਵਿਰੁੱਧ ਮਤੇ ਪਾਸ ਕੀਤੇ ਗਏ। ੧੪ ਸਤੰਬਰ ਤੋਂ ਮਗਰੋਂ ਜੈਤੋ ਵਿਖੇ ਮੋਰਚਾ ਲੱਗ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ੧੫ ਸਤੰਬਰ ਤੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ ੨੫-੨੫ ਸਿੰਘਾਂ ਦੇ ਜਥੇ ਭੇਜਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਨੂੰ ਗ੍ਰਿਫਤਾਰ ਕੀਤਾ ਜਾਂਦਾ ਤੇ ਦੂਰ ਜਾ ਕੇ ਛੱਡਿਆ ਜਾਂਦਾ।[੭] ਇਨਾਂ ਜਥਿਆਂ ਦੇ ਸਿਦਕ ਤੇ ਦ੍ਰਿੜ੍ਹਤਾ ਤੋਂ ਭਾਰਤ ਦੇ ਕੁਝ ਰਾਸ਼ਟਰੀ ਨੇਤਾ ਵੀ ਬਹੁਤ ਜ਼ਿਆਦਾ ਪ੍ਰਭਾਵਿਤ ਹੋਏ। ਕਾਂਗਰਸ ਦੇ ਪ੍ਰਮੁੱਖ ਨੇਤਾ ਪੰਡਿਤ ਜਵਾਹਰ ਲਾਲ ਨਹਿਰੂ ਦੇ ਅਨੁਸਾਰ "ਅਚੰਭਾਦਾਇਕ ਹੌਸਲਾ ਤੇ ਸਹਿਣ ਸ਼ਕਤੀ ਦਰਸਾਈ ਅਤੇ ਇੱਕ ਕਦਮ ਵੀ ਪਿੱਛੇ ਨਹੀਂ ਹਟਾਇਆ ਨਾ ਹੀ ਪੁਲਿਸ ਦੇ ਖ਼ਿਲਾਫ਼ ਆਪਣੇ ਹੱਥ ਚੁੱਕੇ"।[੮] ਪੰਜਾਬ ਦੀ ਬ੍ਰਿਟਿਸ਼ ਸਰਕਾਰ ਵੱਲੋਂ ਇਨ੍ਹਾਂ ਮੋਰਚਿਆਂ ਨੂੰ ਖਤਮ ਕਰਨ ਦੇ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਨੂੰ ੧੩ ਅਕਤੂਬਰ, ੧੯੨੩ ਈ. ਨੂੰ ਗੈਰ-ਕਾਨੂੰਨੀ ਘੋਸ਼ਿਤ ਕਰ ਦਿੱਤਾ ਗਿਆ ਤੇ ਸਾਰੇ ਮੈਂਬਰਾਂ ਨੂੰ ਫੜ ਕੇ ਜੇਲ ਦੇ ਵਿਚ ਬੰਦ ਕਰ ਦਿੱਤਾ ਗਿਆ। ਦੂਸਰੇ ਪਾਸੇ ਅੰਦੋਲਨ ਨੂੰ ਹੋਰ ਮਜ਼ਬੂਤ ਕਰਨ ਦੇ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਇਹ ਫੈਸਲਾ ਕੀਤਾ ਕਿ ਉਹ ਨਨਕਾਣਾ ਸਾਹਿਬ ਦੇ ਸਾਕੇ ਦੀ ੩੦੦ ਸਾਲਾ ਸ਼ਹੀਦੀ ਸ਼ਤਾਬਦੀ ਤੇ ੫੦੦ ਅਕਾਲੀਆਂ ਦਾ ਇੱਕ ਵੱਡਾ ਸ਼ਹੀਦੀ ਜਥਾ ਜੈਤੋ ਭੇਜੇਗੀ। ੯ ਫਰਵਰੀ, ੧੯੨੪ ਈ. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਥਾ ਭੇਜਣ ਦਾ ਫੈਸਲਾ ਕਰ ਲਿਆ। ਇਸ ਜਥੇ ਦੇ ਦੌਰਾਨ ਸਿੱਖਾਂ ਨੇ ਫਿਰ ਬੜੀ ਸੂਰਬੀਰਤਾ ਦਾ ਸਬੂਤ ਦਿੱਤਾ ਤੇ ਵੱਡੀ ਗਿਣਤੀ ਦੇ ਵਿਚ ਸ਼ਾਮਿਲ ਹੋ ਗਏ। ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੀ ਰਿਪੋਰਟ ਅਨੁਸਾਰ ਜਥੇ ਵਿਚ ਸ਼ਾਮਿਲ ਹੋਣ ਵਾਲੇ ਬਕਾਇਦਾ ਦਰਬਾਰ ਸਾਹਿਬ ਆਉਣ ਵਾਲੇ ਹੀ ਨਹੀਂ, ਸਗੋਂ ਅਸਲ ਜਨੂੰਨੀ ਵੀ ਸਨ।[੯] ਬਾਅਦ ਵਿਚ ਡਾ. ਸੈਫੂਦੀਨ ਕਿਚਲੂ, ਪੰਡਿਤ ਦੀਨਾ ਨਾਥ ਅਤੇ ਕਾਂਗਰਸ ਪਾਰਟੀ ਦੇ ਕੁਝ ਹੋਰ ਮੈਂਬਰ ਵੀ ਜਥੇ ਵਿਚ ਸ਼ਾਮਿਲ ਹੋਏ। ਸਰਕਾਰੀ ਰਿਪੋਰਟਾਂ ਅਨੁਸਾਰ ਅੰਮ੍ਰਿਤਸਰ ਦੇ ਘੰਟਾ ਘਰ ਤੋਂ ਕੋਈ ੩੦ ਹਜ਼ਾਰ ਲੋਕਾਂ ਨੇ ਜਥਾ ਤੁਰਦਿਆਂ

ਅੱਖੀਂ ਦੇਖਿਆ।[੧੦] ਇਸ ਜਥੇ ਨੇ ਵੀ ਅਕਾਲ ਤਖਤ ਸਾਹਿਬ ਦੇ ਸਾਹਮਣੇ ਇਹ ਅਰਦਾਸ ਕੀਤੀ ਸੀ ਕਿ ਉਹ ਹਰ ਹਾਲਾਤਾਂ ਵਿਚ ਸ਼ਾਂਤ ਰਹਿਣਗੇ। ਜਿਨ੍ਹਾਂ ਪਿੰਡਾਂ ਵਿੱਚੋਂ ਦੀ ਇਹ ਜਥਾ ਲੰਘਿਆ ਤਾਂ ਪੰਜਾਬ ਦੇ ਲੋਕਾਂ ਨੇ ਇਸ ਦਾ ਨਿੱਘਾ ਸਵਾਗਤ ਕੀਤਾ। ਵੱਖ-ਵੱਖ ਪਿੰਡਾਂ ਵਿੱਚੋਂ ਦੀ ਲੰਘਦਾ ਅਤੇ ਮਾਲਵੇ ਦੀ ਸਿੱਖ ਕਿਸਾਨੀ ਵੱਲੋਂ ਭਰਵਾਂ ਹੁੰਗਾਰਾ ਪ੍ਰਾਪਤ ਕਰਦੇ ਹੋਏ ਇਸ ਜਥੇ ਨੇ ੨੦ ਫਰਵਰੀ, ੧੯੨੪ ਨੂੰ ਬਰਗਾੜੀ (ਰਿਆਸਤ ਫਰੀਦਕੋਟ) ਪਹੁੰਚ ਕੇ ਤੰਬੂ ਲਗਾ ਲਏ।[੧੧] ੨੧ ਫਰਵਰੀ, ਸਵੇਰ ਨੂੰ 'ਆਸਾ ਦੀ ਵਾਰ' ਦੇ ਕੀਰਤਨ ਤੋਂ ਬਾਅਦ ਜਥਾ ਅੱਗੇ ਤੁਰਿਆ। ਜਥਾ ਬਹੁਤ ਹੀ ਸ਼ਾਂਤਮਈ ਜਜ਼ਬੇ ਵਿਚ ਅੱਗੇ ਵਧ ਰਿਹਾ ਸੀ। ਉਸ ਦੇ ਸੱਜੇ-ਖੱਬੇ ਲੋਕਾਂ ਦੀਆਂ ਭੀੜਾਂ ਸਨ। ਅੱਗੇ ਪੰਜ ਨਿਸ਼ਾਨ ਸਾਹਿਬ ਅਤੇ ਅੱਧ ਵਿਚਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਸੀ। ਇਸ ਵੇਲੇ ਨਾਭਾ ਰਿਆਸਤ ਦਾ ਪ੍ਰਬੰਧ ਮਿਸਟਰ ਵਿਲਸਨ ਜਾਹਨਸਟੋਨ ਅੰਗਰੇਜ਼ ਦੇ ਹੱਥ ਵਿਚ ਸੀ। ੨੧ ਫਰਵਰੀ, ੧੯੨੪ ਈ. ਨੂੰ ਜਦੋਂ ਇਹ ਜਥਾ ਗੁਰਦੁਆਰਾ ਟਿੱਬੀ ਸਾਹਿਬ (ਜੈਤੋ) ਪਹੁੰਚਿਆ ਤਾਂ ਮਿਸਟਰ ਜਾਹਨਸਟੋਨ ਵਿਲਸਨ ਨੇ ਜਥੇ ਉੱਪਰ ਗੋਲੀ ਚਲਵਾ ਦਿੱਤੀ। ਗੁਰੂ ਦੇ ਸ਼ਬਦ ਗਾਉਂਦਾ ਹੋਇਆ ਬਾਹਾਂ ਉੱਚੀਆਂ ਕਰ ਕੇ ਗੋਲੀਆਂ ਦੀ ਵਰਖਾ ਵਿਚ ਹੀ ਜਥਾ ਗੁਰਦੁਆਰਾ ਸਾਹਿਬ ਵੱਲ ਵਧਦਾ ਗਿਆ। ਗੁਰੂ ਦੇ ਲਾਲ ਆਖ ਰਹੇ ਸਨ, "ਖਾਲਸਾ ਜੀ ਮਰਨਾ ਇੱਕ ਦਿਨ ਹੈ। ਸ਼ਹੀਦੀ ਦਾ ਪੁਰਬ ਲੱਗਾ ਹੋਇਆ ਜੇ। ਅੱਜ ਮੌਤ ਲਾੜੀ ਨੂੰ ਵਿਆਹੁਣਾ ਹੈ, ਪਿੱਛੋਂ ਭੌਂ ਕੇ ਨਾ ਵੇਖੋ ਤੇ ਅੱਗੇ ਵੱਧਦੇ ਚਲੋ। ਗੁਰੂ ਸਾਹਿਬ ਤੇ ਪੁਰਾਤਨ ਸਿੰਘਾਂ ਦੀਆਂ ਕੁਰਬਾਨੀਆਂ ਨੂੰ ਵੱਟਾ ਨਾ ਲੱਗਣ ਦਿਓ...ਇਹ ਸਾਬਤ ਕਰ ਦਿਓ ਸਿੱਖ ਕੌਮ ਜਾਗਦੀ ਹੈ ਮਰੀ ਨਹੀਂ।"[੧੨] ਇਸ ਗੋਲੀਬਾਰੀ ਦੇ ਦੌਰਾਨ ਲਗਪਗ ੧੦੦ ਸਿੰਘ ਸ਼ਹੀਦ ਹੋ ਗਏ ਅਤੇ ੨੦੦ ਸਿੰਘ ਜ਼ਖ਼ਮੀ ਹੋ ਗਏ।[੧੩] ਇਸ ਹੱਤਿਆਕਾਂਡ ਤੋਂ ਬਾਅਦ ਅੰਗਰੇਜ਼ੀ ਅਫਸਰ ਜਾਹਨਸਟੋਨ ਵਿਲਸਨ ਦਾ ਵਿਚਾਰ ਸੀ ਕਿ ਸਿੱਖ ਡਰ ਜਾਣਗੇ ਤੇ ਮੋਰਚਾ ਖਤਮ ਹੋ ਜਾਵੇਗਾ ਪਰ ਹੋਇਆ ਇਸ ਦੇ ਉਲਟ ਇਸ ਘਟਨਾ ਨੇ ਸਾਰੀ ਭਾਰਤੀ ਰਾਜਨੀਤੀ ਦੇ ਵਿਚ ਹਾਹਾਕਾਰ ਮਚਾ ਦਿੱਤੀ। ਥਾਂ ਥਾਂ 'ਤੇ ਸਰਕਾਰ ਦੀ ਕਾਰਵਾਈ ਦੀ ਨਿਖੇਧੀ ਕੀਤੀ ਗਈ। ਬਹੁਤ ਸਾਰੇ ਭਾਰਤੀ ਨੇਤਾਵਾਂ ਨੇ ਸਿੱਖਾਂ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ। ਇਸ ਘਟਨਾ ਦੀ ਖ਼ਬਰ ਸਾਰੇ ਸੰਸਾਰ ਵਿਚ ਫੈਲ ਗਈ। ਦਿੱਲੀ, ਕਲਕੱਤੇ, ਬੰਬਈ, ਮਦਰਾਸ ਅਤੇ ਕਰਾਚੀ ਵਿਚ ਪਬਲਿਕ ਜਲਸੇ ਕੀਤੇ ਗਏ, ਜਿਨ੍ਹਾਂ ਵਿਚ ਮੁਹੰਮਦ ਅਲੀ, ਸ਼ੌਕਤ ਅਲੀ, ਸੀ.ਆਰ. ਦਾਸ, ਪੰਡਿਤ ਮੋਤੀ ਲਾਲ ਨਹਿਰੂ ਅਤੇ ਪੰਡਿਤ ਮਦਨ ਮੋਹਨ ਮਾਲਵੀਆ ਆਦਿ ਉੱਘੇ ਰਾਸ਼ਟਰੀ ਆਗੂਆਂ ਨੇ ਤਕਰੀਰਾਂ ਕੀਤੀਆਂ। ਕਾਂਗਰਸ ਪਾਰਟੀ ਨੇ ਦਿੱਲੀ ਵਿਚ ਇੱਕ ਵਿਸ਼ੇਸ਼ ਮੀਟਿੰਗ ਸੱਦੀ। ਜਿਸ ਵਿਚ ਜੈਤੋ ਦੇ ਮੋਰਚੇ ਬਾਰੇ ਡਾ. ਕਿਚਲੂ ਨੇ ਰਿਪੋਰਟ ਪੇਸ਼ ਕੀਤੀ। ਜਿਸ ਦੇ ਨਤੀਜੇ ਵਜੋਂ ਪੰਡਿਤ ਜਵਾਹਰ ਲਾਲ

ਨਹਿਰੂ, ਪ੍ਰਿੰਸੀਪਲ ਗਿਡਵਾਨੀ ਅਤੇ ਕੇ. ਸਥੰਨਮ ਨੂੰ ਜੈਤੋ ਭੇਜਿਆ ਗਿਆ। ਨਾਭੇ ਵਿਚ ਪ੍ਰਵੇਸ਼ ਕਰਦਿਆਂ ਹੀ ਇਨ੍ਹਾਂ ਨੂੰ ਵੀ ਗ੍ਰਿਫ਼ਤਾਰ ਕਰ ਕੇ ਹਵਾਲਾਤ ਵਿਚ ਰੱਖਿਆ ਗਿਆ। ਇਸ ਤਰ੍ਹਾਂ ਸਾਰੇ ਦੇਸ਼ ਵਿਚ ਅਕਾਲੀ ਜੋਧੇ ਪ੍ਰੇਰਨਾਦਾਇਕ ਬਣ ਗਏ। ਜੈਤੋ ਦਾ ਮੋਰਚਾ ਸਿੱਖਾਂ ਦੇ ਲਈ ਦੂਸਰਾ ਨਨਕਾਣਾ ਸਾਹਿਬ ਦਾ ਮੋਰਚਾ ਬਣ ਗਿਆ। ਹੁਣ ਸ੍ਰੀ ਅਕਾਲ ਤਖਤ ਸਾਹਿਬ ਤੋਂ ੫੦੦-੫੦੦ ਦੇ ਹੋਰ ਜਥੇ ਜੈਤੋ ਵੱਲ ਰਵਾਨਾ ਹੋਣੇ ਸ਼ੁਰੂ ਹੋ ਗਏ। ਸਿੱਖਾਂ ਨੇ ਸ਼ਹਾਦਤ ਹਾਸਲ ਕਰਨ ਲਈ ਵਹੀਰਾਂ ਘੱਤ ਦਿੱਤੀਆਂ। ਇਹ ਮੋਰਚਾ ਲੰਮਾ ਚੱਲ ਪਿਆ। ੨੮ ਫ਼ਰਵਰੀ, ੧੯੨੪ ਈ. ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਇੱਕ ਹੋਰ ਜਥਾ ਜੈਤੋ ਨੂੰ ਰਵਾਨਾ ਹੋਇਆ। ੧੪ ਮਾਰਚ, ੧੯੨੪ ਈ. ਨੂੰ ਇਹ ਜਥਾ ਜੈਤੋ ਪਹੁੰਚ ਗਿਆ। ਗੁਰਦੁਆਰੇ ਦੇ ਚਾਰੇ ਪਾਸੇ ਕੰਡਿਆਲੀਆਂ ਤਾਰਾਂ ਲੱਗੀਆਂ ਹੋਈਆਂ ਸਨ। ਸਾਰੇ ਪਾਸੇ ਪੁਲਿਸ ਦਾ ਪਹਿਰਾ ਸੀ। ਗੁਰਦੁਆਰੇ ਦੇ ਪਾਸ ਹੀ ਕਿਲ੍ਹੇ 'ਤੇ ਮਸ਼ੀਨ ਗੰਨਾਂ ਬੀੜ੍ਹੀਆਂ ਹੋਈਆਂ ਸਨ। ਹਰ ਪਾਸੇ ਫੌਜ ਅਤੇ ਪੁਲਿਸ ਬੰਦੂਕਾਂ ਸਿੱਧੀਆਂ ਖੜੀਆਂ ਕਰ ਕੇ ਖੜੀ ਸੀ। ਅੰਗਰੇਜ਼ ਅਫਸਰ ਵਿਲਸਨ ਜਾਹਨਸਟੋਨ ਹੋਰ ਅਧਿਕਾਰੀਆਂ ਨਾਲ ਉਸ ਥਾਂ 'ਤੇ ਮੌਜੂਦ ਸੀ। ਜਦ ਇਹ ਜਥਾ ਗੁਰਦੁਆਰਾ ਗੰਗਸਰ ਤੋਂ ੧੦੦-੧੫੦ ਗਜ਼ ਦੀ ਦੂਰੀ 'ਤੇ ਸੀ ਤਾਂ ਉਸ ਸਮੇਂ ਕਾਂਗਰਸੀ ਨੇਤਾ ਪੰਡਿਤ ਮਦਨ ਮੋਹਨ ਮਾਲਵੀਆ ਵੀ ਮੌਜੂਦ ਸਨ। ਉਨ੍ਹਾਂ ਨੇ ਮਿਸਟਰ ਵਿਲਸਨ ਜਾਹਨਸਟੋਨ ਨੂੰ ਕਿਹਾ, "ਦੇਖ ਲਵੋ ਜਥੇ ਕੋਲ ਕੋਈ ਹਥਿਆਰ ਨਹੀਂ, ਤੁਸੀਂ ਸ਼ਾਂਤਮਈ ਅਤੇ ਨਿਹੱਥੇ ਸਿੰਘਾਂ ਦੇ ਗੋਲੀ ਨਹੀਂ ਚਲਾ ਸਕਦੇ। ਇਹ ਸੁਣ ਕੇ ਜਾਹਨਸਟੋਨ ਚੁੱਪ ਹੋ ਗਿਆ" ਪਰ ਜਦੋਂ ਜਥਾ ਅੱਗੇ ਵਧਣ ਲੱਗਾ ਤਾਂ ਉਸ ਨੇ ਗ੍ਰਿਫ਼ਤਾਰੀ ਦਾ ਹੁਕਮ ਦਿੱਤਾ ਤੇ ਜਥੇ ਦੇ ਸਾਰੇ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ ਤੇ ਦੋ ਤਿੰਨ ਦਿਨ ਜੈਤੋ ਦੇ ਕਿਲ੍ਹੇ ਵਿਚ ਰੱਖਿਆ ਤੇ ਪਿੱਛੋਂ ਉਨ੍ਹਾਂ ਨੂੰ ਨਾਭੇ ਜੇਲ ਵਿਚ ਭੇਜ ਦਿੱਤਾ। ਜੇਲ ਅਧਿਕਾਰੀਆਂ ਵੱਲੋਂ ਗ੍ਰਿਫਤਾਰ ਪ੍ਰਦਰਸ਼ਨਕਾਰੀਆਂ ਨਾਲ ਬਹੁਤ ਹੀ ਮਾੜਾ ਸਲੂਕ ਕੀਤਾ ਜਾਂਦਾ ਸੀ। ਜੈਤੋ ਦਾ ਇਹ ਮੋਰਚਾ ਲਗਪਗ ਇੱਕ ਸਾਲ ਚਲਦਾ ਰਿਹਾ। ੧੭ ਅਪ੍ਰੈਲ, ੧੯੨੫ ਈ. ਤਕ ੫੦੦-੫੦੦ ਅਕਾਲੀਆਂ ਦੇ ੧੭ ਜਥੇ ਜੈਤੋ ਪਹੁੰਚੇ। ਸਰਕਾਰ ਇਨ੍ਹਾਂ 'ਤੇ ਤਸ਼ੱਦਦ ਕਰਦੀ ਰਹੀ ਤੇ ਜੇਲਾਂ ਵਿਚ ਬੰਦ ਕਰਦੀ ਰਹੀ। ਅੰਤ ਵਿਚ ਸਰਕਾਰ ਨੇ ਜੈਤੋ ਦਾ ਗੁਰਦੁਆਰਾ ਅਕਾਲੀਆਂ ਨੂੰ ਸੌਂਪ ਦਿੱਤਾ। ਜੁਲਾਈ, ੧੯੨੫ ਵਿਚ ਗੁਰਦੁਆਰਾ ਐਕਟ ਪਾਸ ਹੋ ਗਿਆ। ਉਸ ਦੇ ਨਾਲ ਇਹ ਮੋਰਚਾ ਵੀ ਖਤਮ ਹੋ ਗਿਆ। ਹੁਣ ਸਰਕਾਰ ਨੇ ਜੈਤੋ ਦੇ ਮੋਰਚੇ ਤੇ ਗ੍ਰਿਫ਼ਤਾਰ ਕੀਤੇ ਹੋਏ ਸਾਰੇ ਅਕਾਲੀਆਂ ਨੂੰ ਰਿਹਾਅ ਕਰ ਦਿੱਤਾ। ਜੁਲਾਈ, ੧੯੨੫ ਈ. ਵਿਚ ਜੈਤੋ ਵਿਖੇ ਅਖੰਡ ਪਾਠ ਕਰਨ ਦੀ ਖੁੱਲ ਦੇ ਦਿੱਤੀ ਗਈ। ੧੦੧ ਅਖੰਡ ਪਾਠਾਂ ਦੀ ਲੜੀ ਸ਼ੁਰੂ ਕੀਤੀ ਗਈ। ਜਿਸ ਦੇ ਭੋਗ ੬ ਅਗਸਤ, ੧੯੨੫ ਈ. ਨੂੰ ਪਾਏ ਗਏ। ਭੋਗ ਉਪਰੰਤ ਸਾਰੇ ਜਥੇ ਜੈਤੋ ਤੋਂ ਚੱਲ ਕੇ ੬ ਅਗਸਤ,੧੯੨੫ ਈ. ਨੂੰ

ਸ੍ਰੀ ਤਰਨ ਤਾਰਨ ਸਾਹਿਬ ਵਿਖੇ ਇਕੱਠੇ ਹੋਏ। ਇੱਥੋਂ ਇਹ ਜਥੇ ਨਗਰ ਕੀਰਤਨ ਦੇ ਰੂਪ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਪਹੁੰਚੇ। ਇੱਥੇ ਇਨ੍ਹਾਂ ਜਥਿਆਂ ਦਾ ਸਨਮਾਨ ਕੀਤਾ ਗਿਆ।

ਹੁਣ ਜੇਕਰ ਅਸੀਂ ਗੱਲ ਕਰਦੇ ਹਾਂ ਜੈਤੋ ਦਾ ਮੋਰਚਾ ਦੂਸਰੇ ਮੋਰਚਿਆਂ ਤੋਂ ਹਟ ਕੇ ਸੀ। ਇਸ ਸਮੇਂ ਦੇ ਦੌਰਾਨ ਸਿੱਖ ਲੋਕ ਬ੍ਰਿਟਿਸ਼ ਰਾਜ ਵਿਰੁੱਧ ਜਾਗ ਚੁੱਕੇ ਸਨ। ੧੮੪੭-੧੮੪੯ ਈ. ਦੇ ਦੌਰਾਨ ਪੰਜਾਬ ਉੱਪਰ ਅੰਗਰੇਜ਼ਾਂ ਦੇ ਕਬਜ਼ੇ ਹੋਣ ਤੋਂ ਪਹਿਲਾਂ ਭਾਈ ਮਹਾਰਾਜ ਸਿੰਘ ਵਰਗੇ ਸੂਰਬੀਰ ਯੋਧਿਆਂ ਨੇ ਅੰਗਰੇਜ਼ਾਂ ਦਾ ਸਖ਼ਤ ਵਿਰੋਧ ਕੀਤਾ ਸੀ ਤੇ ਮਹਾਰਾਜਾ ਦਲੀਪ ਸਿੰਘ ਦੇ ਸਿੱਖ ਰਾਜ ਨੂੰ ਬਚਾਉਣ ਲਈ ਇਕ ਖੁੱਲੀ ਬਗ਼ਾਵਤ ਕੀਤੀ ਸੀ। ਜੈਤੋ ਮੋਰਚੇ ਦਾ ਵੀ ਉਹੀ ਸਰੂਪ ਸੀ। ਭਾਈ ਮਹਾਰਾਜ ਸਿੰਘ ਨੇ ਵੀ ਪਹਿਲਾਂ ਥਾਂ ਥਾਂ ਤੇ ਜਾ ਕੇ ਮਾਝੇ-ਦੁਆਬੇ ਦੇ ਸਿੱਖਾਂ ਨੂੰ ਜਾਗਰੂਕ ਕੀਤਾ ਸੀ ਤੇ ਮਰ ਮਿਟਣ ਦਾ ਪ੍ਰਣ ਲਿਆ। ਫਿਰ ਤਲਵਾਰ ਚੁੱਕ ਕੇ ਅੰਗਰੇਜ਼ਾਂ ਦਾ ਜੰਗ ਦੇ ਮੈਦਾਨ ਵਿਚ ਮੁਕਾਬਲਾ ਕੀਤਾ ਪਰ ਹੁਣ ਜੈਤੋ ਦੇ ਮੋਰਚੇ ਦੇ ਵਿਚ ਸਿੱਖਾਂ ਨੇ ਤਲਵਾਰ ਨਾ ਚੁੱਕ ਕੇ ਆਪਣੇ ਲੋਕਾਂ ਵਿਚ ਜਾਗ੍ਰਤੀ ਲਿਆ ਕੇ ਕੁਰਬਾਨੀਆਂ ਦੇ ਜਜ਼ਬੇ ਤੇ ਸ਼ਾਂਤਮਈ ਤਰੀਕੇ ਦੇ ਨਾਲ ਮਹਾਰਾਜਾ ਰਿਪੂਦਮਨ ਸਿੰਘ ਦੇ ਹੱਕ ਵਿੱਚ ਮੋਰਚੇ ਲਗਾਏ ਸਨ। ਕਿਉਂਕਿ ਹੁਣ ਸਮਾਂ ਬਦਲਿਆ ਹੋਇਆ ਸੀ, ਤਲਵਾਰ ਦੀ ਬਜਾਏ ਕੁਰਬਾਨੀਆਂ ਦੇ ਜਜ਼ਬੇ ਹੀ ਅੰਗਰੇਜ਼ਾਂ ਨੂੰ ਝੁਕਣ ਦੇ ਲਈ ਮਜਬੂਰ ਕਰ ਸਕਦੇ ਸਨ। ਇਸ ਲਈ ਉਨ੍ਹਾਂ ਨੇ ਇਹ ਸ਼ਾਂਤਮਈ ਤੇ ਸ਼ਹੀਦੀਆਂ ਦੇਣ ਦਾ ਤਰੀਕਾ ਅਪਣਾਇਆ। ਪਹਿਲਾਂ ਜਿੰਨੇ ਵੀ ਮੋਰਚੇ ਲੱਗੇ ਸਨ। ਉਨ੍ਹਾਂ ਬਹੁਤ ਸਾਰੇ ਮੋਰਚਿਆਂ ਵਿਚ ਮਹੰਤਾਂ ਦੇ ਕਹਿਣ 'ਤੇ ਬ੍ਰਿਟਿਸ਼ ਸਰਕਾਰ ਨੇ ਉਨ੍ਹਾਂ ਦੇ ਪੱਖ ਵਿਚ ਸਿੱਖਾਂ ਵਿਰੁੱਧ ਕਾਰਵਾਈ ਕੀਤੀ ਸੀ ਪਰ ਜੈਤੋ ਮੋਰਚੇ ਵਿਚ ਤਾਂ ਸਰਕਾਰ ਨੇ ਸਿੱਖਾਂ ਵਿਰੁੱਧ ਸਿੱਧੀ ਕਾਰਵਾਈ ਕੀਤੀ ਸੀ। ਇਥੋਂ ਤਕ ਕਿ ਗੁਰਦੁਆਰੇ ਪਾਸ ਕਿਲ੍ਹੇ ਉੱਪਰ ਮਸ਼ੀਨ ਗੰਨਾਂ ਵੀ ਬੀੜੀਆਂ ਹੋਈਆਂ ਸਨ। ਗੁਰਦੁਆਰੇ ਦੇ ਆਲੇ-ਦੁਆਲੇ ਬੰਦੂਕਾਂ ਨਾਲ ਪੁਲਿਸ ਦੇ ਪਹਿਰੇ ਲੱਗੇ ਹੋਏ ਸਨ। ਜਿਵੇਂ ਕਿ ਅਸੀਂ ਜਾਣਦੇ ਹਾਂ ਜਿਹੜੇ ਸਿੱਖ ਕਨੇਡਾ, ਅਮਰੀਕਾ ਵਿਚ ਗਏ ਹੋਏ ਸਨ, ਉਹ ਵੀ ਅੰਗਰੇਜ਼ੀ ਰਾਜ ਦੇ ਵਿਰੁੱਧ ਸਨ। ਉਨ੍ਹਾਂ ਨੇ ਅੰਗਰੇਜ਼ਾਂ ਵਿਰੁੱਧ ਗ਼ਦਰ ਅੰਦੋਲਨ ਸ਼ੁਰੂ ਕੀਤਾ ਹੋਇਆ ਸੀ। ਉਨ੍ਹਾਂ ਨੇ ਵੀ ਜੈਤੋ ਦੇ ਮੋਰਚੇ ਵਿਚ ਸ਼ਮੂਲੀਅਤ ਕੀਤੀ ਸੀ। ਕਨੇਡਾ ਵਿਚ ਤਾਂ ਜੈਤੋ ਦੇ ਮੋਰਚੇ ਦਾ ਬਹੁਤ ਜ਼ਿਆਦਾ ਅਸਰ ਹੋਇਆ ਸੀ। ਉੱਥੋਂ ਦੇ ਗ਼ਦਰੀਆਂ ਨੇ ਵੀ ਆਪਣਾ ਇੱਕ ਸ਼ਹੀਦੀ ਜਥਾ ਜੈਤੋ ਦੇ ਮੋਰਚੇ ਉੱਤੇ ਭੇਜਣ ਦਾ ਫੈਸਲਾ ਕਰ ਲਿਆ ਸੀ। ੧੯੨੪ ਈ. ਦੇ ਵਿਚ ਕਨੇਡਾ ਤੋਂ ੧੧ ਸਿੰਘਾਂ ਦਾ ਸ਼ਹੀਦੀ ਜਥਾ ਵੈਨਕੂਵਰ ਤੋਂ ਤੁਰਿਆ ਤਾਂ ਰਸਤੇ ਵਿਚ ਸ਼ਿੰਘਾਈ, ਹਾਂਗਕਾਂਗ ਤੇ ਸਿੰਘਾਪੁਰ ਤੋਂ ਹੁੰਦਾ ਹੋਇਆ ਤੇ ਉੱਥੋਂ ਦੇ ਸਿੱਖਾਂ ਨੂੰ ਨਾਲ ਲੈ ਕੇ ੪੨ ਸਿੱਖਾਂ ਦੇ ਨਾਲ ਭਾਰਤ ਪੁੱਜਾ। ਇਨ੍ਹਾਂ ਸਾਰਿਆਂ ਦਾ ਮੁੱਖ ਮੰਤਵ ਬ੍ਰਿਟਿਸ਼ ਰਾਜ ਨੂੰ ਲਲਕਾਰਨਾ ਸੀ ਤਾਂ ਜੋ ਉਹ ਸਿੱਖ ਰਿਆਸਤਾਂ ਦੇ ਮਾਮਲਿਆਂ ਦੇ ਵਿਚ ਆਪਣੀ ਦਖ਼ਲ-ਅੰਦਾਜ਼ੀ ਨੂੰ ਬੰਦ ਕਰਨ ਪਰ ਇਹ ਸਭ ਵਿਚ ਉਨ੍ਹਾਂ ਨੂੰ ਸ਼ਕਤੀ ਖਾਲਸਾ ਪੰਥ ਵੱਲੋਂ ਹੀ ਮਿਲ ਰਹੀ ਸੀ। ਕਿਉਂਕਿ ਸਿੱਖ ਰਾਜਨੀਤੀ ਵਿਚ ਧਰਮ ਦਾ

ਬਹੁਤ ਜ਼ਿਆਦਾ ਮਹੱਤਵ ਸੀ। ਜਿਸ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤੋਰਿਆ ਸੀ। ਇਸ ਲਈ ਹੁਣ ਵੀ ਉਨ੍ਹਾਂ ਨੇ ਮੋਰਚੇ ਦਾ ਸਥਾਨ ਵੀ ਗੁਰਦੁਆਰਾ ਗੰਗਸਰ ਨੂੰ ਹੀ ਲਿਆ ਸੀ ਤਾਂ ਜੋ ਗੁਰੂ ਦੇ ਸ਼ਬਦ ਤੋਂ ਸੇਧ ਲੈ ਕੇ ਸ਼ਹੀਦੀਆਂ ਤੇ ਕੁਰਬਾਨੀਆਂ ਦੇ ਨਾਲ ਇਸ ਮੋਰਚੇ ਨੂੰ ਸਫਲ ਕੀਤਾ ਜਾਵੇ। ਅੰਤ ਵਿਚ ਅਸੀਂ ਕਹਿ ਸਕਦੇ ਹਾਂ ਜੈਤੋ ਦਾ ਮੋਰਚਾ ਦੂਸਰੇ ਅਕਾਲੀ ਮੋਰਚਿਆਂ ਦੇ ਨਾਲੋਂ ਇੱਕ ਵੱਖਰਾ ਸਰੂਪ ਰੱਖਦਾ ਸੀ। ਇਸ ਦਾ ਮੰਤਵ ਧਾਰਮਿਕ ਤੇ ਰਾਜਨੀਤਿਕ ਦੋਨੋਂ ਹੀ ਸੀ ਤੇ ਇਹ ਅੰਗਰੇਜ਼ੀ ਰਾਜ ਨੂੰ ਇੱਕ ਵੰਗਾਰ ਸੀ।

**ਹਵਾਲੇ :**

**੧.** Sukhmani Bal, *Politics of the Central Sikh League* 1919-1929, Unistar publisher, Chandigarh, 2006, P. 84

**੨.** S.S. Johar, *The Heritage of Amritsar,* Sundeep Prakashan, New Delhi, 1981, P. 105

**੩.** G.S. Chhabra, *Advance History of the Punjab,* Vol. II, Prakashan Brother Ludhiana, 1960, P. 477

**੪.** ਮਹਿੰਦਰ ਸਿੰਘ, *ਅਕਾਲੀ ਲਹਿਰ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੧੫, ਪੰਨਾ, ੮੨

**੫.** *ਊਧਮ ਸਿੰਘ, ਸ਼ਹੀਦੀ ਯਾਤਰਾ ਅਥਵਾ ਸਾਕਾ ਜੈਤੋ* (ਨਾਭਾ) ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ੧੯੮੦ ਪੰਨਾ, ੯.

**੬.** ਨਰੈਣ ਸਿੰਘ, *ਅਕਾਲੀ ਮੋਰਚੇ ਅਤੇ ਝੱਬਰ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ੨੦੨੦, ਪੰਨੇ, ੧੫੮-੧੫੯

**੭.** ਕਰਤਾਰ ਸਿੰਘ ਐਮ.ਏ., *ਸਿੱਖ ਇਤਿਹਾਸ* ਭਾਗ ਦੂਜਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ੨੦੦੬ ਪੰਨਾ, ੨੬੮

**੮.** Jawaharlal Lal Nehru, *Gilmpses of World History,* Aisa publishing House, New York, 1967, P.747.

**੯.** ਮਹਿੰਦਰ ਸਿੰਘ, *ਅਕਾਲੀ ਲਹਿਰ,* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੧੫, ਪੰਨਾ, ੯੦.

**੧੦.** ਉਹੀ

**੧੧.** ਊਧਮ ਸਿੰਘ, *ਸ਼ਹੀਦੀ ਯਾਤਰਾ ਅਥਵਾ ਜੈਤੋ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ, ੧੯੮੦ ਪੰਨਾ, ੨੩.

**੧੨.** ਉਹੀ, ਪੰਨਾ, ੩੩.

**੧੩.** ਨਰਾਇਣ ਸਿੰਘ, *ਅਕਾਲੀ ਮੋਰਚੇ ਅਤੇ ਝੱਬਰ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੨੦, ਪੰਨਾ, ੧੬੧

■

**ਨਾਮ ਜਪੋ, ਕਿਰਤ ਕਰੋ, ਵੰਡ ਛਕੋ**

# ਸਮਾਧੀ

*-ਗਿਆਨੀ ਸੰਤ ਸਿੰਘ ਜੀ ਮਸਕੀਨ**

ਮਨੁੱਖ ਦੀ ਸਾਰੀ ਭੱਜ-ਦੌੜ ਬਿਸਰਾਮ ਲਈ ਹੈ। ਬਿਸਰਾਮ ਹੀਣ ਭੱਜ-ਦੌੜ ਤਾਂ ਮੌਤ ਹੈ। ਸਾਰੀ ਭੱਜ-ਦੌੜ ਦਾ ਲਕਸ਼ ਆਰਾਮ ਹੈ। ਆਰਾਮ ਦੀ ਚਾਹਤ ਰੋਮ-ਰੋਮ ਵਿਚ ਪਰੋਈ ਹੈ। ਦਿਨ ਭਰ ਦਾ ਥੱਕਿਆ ਹਾਰਿਆ ਮਨੁੱਖ ਜਦ ਗਹਿਰੀ ਨੀਂਦ ਸੌਂਦਾ ਹੈ ਤਾਂ ਉਹ ਬਿਸਰਾਮ ਮਾਨੋ ਧਰਤੀ ਦਾ ਸਵਰਗ ਹੁੰਦਾ ਹੈ। ਬਿਸਰਾਮ ਦਾ ਮਨ ਦੀ ਹਾਲਤ ਨਾਲ ਗਹਿਰਾ ਸੰਬੰਧ ਹੈ। ਮਨ ਦਾ ਪ੍ਰਭਾਉ ਤਨ ’ਤੇ ਪੈਂਦਾ ਹੈ ਔਰ ਤਨ ਦਾ ਪ੍ਰਭਾਉ ਮਨ ’ਤੇ ਪੈਂਦਾ ਹੈ। ਕੋਈ ਚੋਟ ਲੱਗ ਜਾਵੇ, ਤਨ ਦੇ ਕਿਸੇ ਅੰਗ ਵਿਚ ਘਾਓ ਹੋਵੇ, ਦਰਦ ਹੋਵੇ ਤਾਂ ਮਨ ਪੀੜਾ ਮਹਿਸੂਸ ਕਰ, ਪੀੜਤ ਹੁੰਦਾ ਹੈ। ਮਨ ਬੇਚੈਨ ਹੋਵੇ, ਕੋਈ ਗਹਿਰੀ ਚਿੰਤਾ ਹੋਵੇ ਤਾਂ ਉਸ ਸਮੇਂ ਮਨ ਵਿਚ ਫੁਰਨਿਆਂ ਦਾ ਵੇਗ ਇਤਨਾ ਤਿੱਖਾ ਹੁੰਦਾ ਹੈ ਕਿ ਨੀਂਦ ਸੁਪਨਾ ਹੋ ਜਾਂਦੀ ਹੈ। ਔਰ ਦੇਰ ਨਾਲ ਜਦ ਨੀਂਦ ਆ ਵੀ ਜਾਵੇ ਤਾਂ ਉਥਲੀ ਨੀਂਦ ਆਂਵਦੀ ਹੈ- ਜਿਸ ਨਾਲ ਸਵੇਰੇ ਮਨੁੱਖ ਆਪਣੇ ਆਪ ਨੂੰ ਥੱਕਿਆ-ਟੁੱਟਿਆ ਮਹਿਸੂਸ ਕਰਦਾ ਹੈ ਕਿਉਂਕਿ ਸਰੀਰ ਨੂੰ ਪੂਰਨ ਬਿਸਰਾਮ ਨਹੀਂ ਮਿਲਿਆ, ਕਰਵਟਾਂ ਬਦਲਦਿਆਂ ਰਾਤ ਗੁਜ਼ਰੀ ਤਾਂ ਸਰੀਰ ਰਾਤ ਨੂੰ ਵੀ ਕੰਮ ਕਰਦਾ ਰਿਹਾ, ਜਿਸ ਕਰਕੇ ਸਰੀਰ ਦਿਨ ਨੂੰ ਟੁੱਟਿਆ ਹੋਇਆ ਮਹਿਸੂਸ ਹੁੰਦਾ ਹੈ।

ਸਮਾਧੀ ਪਰਮ ਬਿਸਰਾਮ ਹੈ। ਜਦ ਸਰੀਰ ਪੂਰਨ ਬਿਸਰਾਮ ਵਿਚ ਹੋਵੇ, ਤਾਂ ਉਹ ਨੀਂਦ ਹੈ। ਜਦ ਮਨ ਬਿਸਰਾਮ ਵਿਚ ਹੋਵੇ, ਉਹ ਸਮਾਧੀ ਹੈ। ਜਿਸ ਮਨੁੱਖ ਦੀ ਨੀਂਦ ਪੂਰਨ ਨਾ ਹੋਵੇ, ਉਥੇ ਸਮਾਧੀ ਤਾਂ ਬਹੁਤ ਹੀ ਮੁਸ਼ਕਿਲ ਹੈ। ਨੀਂਦ ਇਤਨੀ ਲਾਜ਼ਮੀ ਹੈ ਕਿ ਲਗਾਤਾਰ ਜਿਸ ਨੂੰ ਤਿੰਨ ਦਿਨ ਨੀਂਦ ਨਾ ਆਵੇ, ਉਸ ਦੀ ਮੌਤ ਹੋ ਸਕਦੀ ਹੈ ਯਾ ਪਾਗਲ ਹੋ ਸਕਦਾ ਹੈ। ਥੋੜ੍ਹਾ ਫੁਰਨਿਆਂ ਦਾ ਵੇਗ ਮੱਧਮ ਹੋਵੇ ਤਾਂ ਨੀਂਦ ਆਂਵਦੀ ਹੈ ਤੇ ਫੁਰਨੇ ਬਿਲਕੁਲ ਮੂਲ-ਰੂਪ ਵਿਚ ਖਤਮ ਹੀ ਹੋ ਜਾਵਣ ਤਾਂ ਸਮਾਧੀ ਫਲਿਤ ਹੁੰਦੀ ਹੈ। ਫੁਰਨਿਆਂ ਦਾ ਖਤਮ ਹੋਣਾ ਹੀ ਮਨ ਦੀ ਮੌਤ ਹੈ ਤੇ ਮਨ ਦੀ ਮੌਤ ਹੀ ਸਮਾਧੀ ਹੈ।

ਅਜੋਕੇ ਯੁੱਗ ਵਿਚ ਜਦ ਨੀਂਦ ਗਹਿਰੀ ਖੋ ਰਹੀ ਹੈ ਤਾਂ ਸਮਾਧੀ ਤਾਂ ਬਹੁਤ ਦੂਰ ਦੀ ਅਵਸਥਾ ਹੈ। ਅੱਜ ਕਈ ਸੰਪੰਨ ਦੇਸ਼ਾਂ ਵਿਚ ਨੀਂਦ ਖੋ ਰਹੀ ਹੈ। ਲੋਕੀਂ ਨੀਂਦ ਦੀਆਂ ਗੋਲੀਆਂ ਖਾ ਕੇ ਨੀਂਦ ਲਿਆ ਰਹੇ ਹਨ। ਜੀਵਨ ਇਤਨਾ ਤਨਾਓ ਤੇ ਉਤਪਾਤ ਨਾਲ ਭਰ ਗਿਆ ਹੈ ਕਿ ਨੀਂਦ ਦੀਆਂ ਗੋਲੀਆਂ ਦੀ ਲੋੜ ਪੈ ਗਈ ਹੈ ਜਾਂ ਨਸ਼ਿਆਂ ਦੀ ਲੋੜ ਹੈ। ਨਸ਼ਿਆਂ ਨਾਲ ਜਾਂ ਗੋਲੀਆਂ ਨਾਲ ਨੀਂਦ ਲਿਆਵਣੀ ਸਰੀਰ ਲਈ ਪੂਰਨ ਲਾਹੇਵੰਦ ਨਹੀਂ ਹੈ।

---

** ਗੁਰਪੁਰਵਾਸੀ*

ਵਿਗਿਆਨੀਆਂ ਨੇ ਨੀਂਦ ਦੀਆਂ ਗੋਲੀਆਂ ਤਾਂ ਬਣਾ ਲਈਆਂ ਪਰ ਸਮਾਧੀ ਦੀਆਂ ਕੋਈ ਗੋਲੀਆਂ ਨਹੀਂ ਹਨ। ਗਹਿਰੀ ਨੀਂਦ ਜਿੱਥੇ ਦਿਨ ਭਰ ਦਾ ਥਕੇਵਾਂ ਲਾਹ ਦਿੰਦੀ ਹੈ- ਸਮਾਧੀ ਜੀਵਨ ਭਰ ਦੀ ਥਕਾਨ ਮਿਟਾ ਦਿੰਦੀ ਹੈ। ਸਮਾਧੀ ਉਦੋਂ ਫਲਿਤ ਹੁੰਦੀ ਹੈ ਜਦ ਕੋਈ ਵੀ ਸਮੱਸਿਆ ਨਾ ਹੋਵੇ ਪਰੰਤੂ ਜੀਵਨ ਵਿਚ ਤਾਂ ਅਨੰਤ ਸਮੱਸਿਆਵਾਂ ਹਨ। ਹਰ ਨਵਾਂ ਦਿਨ ਕਿਸੇ ਨਵੀਂ ਸਮੱਸਿਆ ਨੂੰ ਜਨਮ ਦੇ ਰਿਹਾ ਹੈ। ਪੁਰਾਣੀਆਂ ਸਮੱਸਿਆਵਾਂ ਦਾ ਸਮਾਧਾਨ ਮਿਲਿਆ ਨਹੀਂ- ਨਵੀਆਂ ਹੋਰ ਉਭਰ ਆਂਵਦੀਆਂ ਹਨ। ਜਿੱਥੇ ਸਮੱਸਿਆ ਹੈ, ਉੱਥੇ ਸਮਾਧੀ ਨਹੀਂ ਹੈ। ਸਮਾਧੀ ਤਾਂ ਉੱਥੇ ਹੈ ਜਿਥੇ ਸਮਾਧਾਨ ਹੋਵੇ। ਸਮਾਧਾਨ ਪੂਰਨ ਵਿਸ਼ਰਾਮ ਹੈ- ਜਿੱਥੇ ਮਨ ਮਰ ਗਿਆ ਹੈ। ਮਨ ਦੀ ਮੌਤ ਪਰਮਾਤਮਾ ਦੀ ਪ੍ਰਾਪਤੀ ਹੈ:

*- ਮਨੁ ਮਾਰੇ ਧਾਤੁ ਮਰਿ ਜਾਇ॥*
*ਬਿਨੁ ਮੁਏ ਕੈਸੇ ਹਰਿ ਪਾਇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੫੯)*
*- ਮਨ ਅੰਤਰਿ ਬੋਲੈ ਸਭੁ ਕੋਈ॥*
*ਮਨ ਮਾਰੇ ਬਿਨੁ ਭਗਤਿ ਨ ਹੋਈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੩੨੯)*

ਸਰੀਰ ਵਿਚ ਜੋ ਸਵਾਸਾਂ ਦਾ ਵੇਗ ਚੱਲ ਰਿਹਾ ਹੈ, ਇਹ ਤਨ ਦੀ ਜ਼ਿੰਦਗੀ ਹੈ, ਜੋ ਫੁਰਨਿਆਂ ਦਾ ਵੇਗ ਚੱਲ ਰਿਹਾ ਹੈ- ਇਹ ਮਨ ਦੀ ਜ਼ਿੰਦਗੀ ਹੈ। ਫੁਰਨੇ ਸੰਸਾਰਿਕ ਵਿਕਾਸ ਲਈ ਚਾਹੀਦੇ ਹਨ, ਪਰ ਪਰਮਾਰਥਿਕ ਵਿਕਾਸ ਵਿਚ ਇਹ ਬਾਧਾ ਹਨ। ਜਿਵੇਂ ਜਾਗਣਾ ਵੀ ਹੈ, ਪਰ ਸੌਣਾ ਵੀ ਜ਼ਰੂਰੀ ਹੈ- ਸਿਰਫ ਜਾਗਣਾ ਹੋਵੇ, ਸੋਣਾ ਖੋ ਜਾਵੇ ਤਾਂ ਉਹ ਘਾਤਕ ਹੈ- ਫੁਰਨਿਆਂ ਦਾ ਵੇਗ ਚੱਲੇ ਪਰ ਰੁਕੇ ਨਾ, ਤਾਂ ਇਹ ਘਾਤਕ ਹੈ ਤੇ ਅਧਿਆਤਮਿਕ ਅਨੰਦ ਤੋਂ ਵਾਂਝਾ ਹੈ, ਜੀਵਨ ਦਾ ਸਾਰਾ ਸੰਤੁਲਨ ਖੋ ਜਾਂਦਾ ਹੈ।

ਅੰਤਮ ਸਮੇਂ ਜਦ ਸੁਆਸਾਂ ਦੀ ਡੋਰੀ ਟੁੱਟਦੀ ਹੈ, ਮਗਰ ਫੁਰਨਿਆਂ ਦੀ ਡੋਰੀ ਨਾ ਟੁੱਟੀ ਤਾਂ ਐਸਾ ਮਨੁੱਖ ਫਿਰ ਜਨਮ ਲੈਂਦਾ ਹੈ। ਸੁਆਸਾਂ ਦੀ ਡੋਰੀ ਟੁੱਟਣ ਤੋਂ ਪਹਿਲੇ ਜਿਸ ਦੀ ਫੁਰਨਿਆਂ ਦੀ ਡੋਰੀ ਟੁੱਟ ਗਈ ਹੈ, ਉਹ ਜੀਵਨ-ਮੁਕਤ ਹੈ। ਉਹ ਹਰ ਵਕਤ ਪ੍ਰਭੂ ਅਕਾਲ ਪੁਰਖ ਦੀ ਰਜ਼ਾ ਵਿਚ ਰਹਿੰਦਾ ਹੈ:

*ਪ੍ਰਭ ਕੀ ਆਗਿਆ ਆਤਮ ਹਿਤਾਵੈ॥*
*ਜੀਵਨ ਮੁਕਤਿ ਸੋਊ ਕਹਾਵੈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੭੫)*

ਅਗਰ ਅੰਤਿਮ ਸਮੇਂ ਤਕ ਵੀ ਫੁਰਨੇ ਸ਼ਾਂਤ ਨਹੀਂ ਹੋਏ ਤਾਂ ਫਿਰ ਇਹ ਦੁਬਾਰਾ ਜਨਮ ਲਵੇਗਾ। ਫੁਰਨੇ ਅਗਲੇ ਜਨਮ ਦਾ ਬੀਜ ਹਨ। ਸੁਆਸਾਂ ਦੀ ਡੋਰੀ ਟੁੱਟ ਜਾਵੇ ਤਾਂ ਲੋਕੀਂ ਕਹਿੰਦੇ ਹਨ- ਫਲਾਣਾ ਸ਼ਾਂਤ ਹੋ ਗਿਆ ਹੈ। ਪਰ ਸ਼ਾਂਤ ਤਾਂ ਉਦੋਂ ਹੁੰਦਾ ਹੈ, ਜਦ ਫੁਰਨੇ ਸ਼ਾਂਤ ਹੁੰਦੇ ਹਨ। ਫੁਰਨੇ ਸ਼ਾਂਤ ਹੁੰਦਿਆਂ ਮਨੁੱਖ ਪੂਰਨ ਹੋ ਜਾਂਦਾ ਹੈ। ਫੁਰਨੇ ਤਾਂ ਅਧੂਰੇ ਹੋਣ ਦਾ ਸਬੂਤ ਹਨ। ਮਰੇ ਹੋਏ ਨੂੰ ਲੋਕੀਂ ਕਹਿੰਦੇ ਹਨ ਪੂਰਾ ਹੋ ਗਿਆ ਹੈ। ਪਰ ਮਰ ਕੇ ਕੋਈ ਪੂਰਾ ਨਹੀਂ ਹੁੰਦਾ। ਜਿਤਨੇ ਤਕ ਜੀਂਵਦੇ ਜੀ ਪੂਰਾ ਨਾ ਹੋਵੇ। ਜ਼ਿੰਦਗੀ ਵਿਚ ਜਿਸ ਵਸਤੂ ਦੀ ਪਕੜ ਬਹੁਤ ਜ਼ਿਆਦਾ ਹੋਵੇ ਤਾਂ ਸਾਰਾ ਦਿਨ ਉਸ ਦੇ ਫੁਰਨੇ ਚੱਲਦੇ ਹਨ, ਮਰਨ ਲੱਗਿਆਂ ਉਹੀ

ਯਾਦ ਆਂਵਦੇ ਹਨ, ਜਿਨ੍ਹਾਂ ਨੂੰ ਜ਼ਿੰਦਗੀਭਰ ਜੀਵਨ ਦਾ ਲਕਸ਼ ਸਮਝਿਆ ਸੀ। ਸੰਸਾਰ ਦੇ ਕਿਸੇ ਪੱਖ ਦੀ ਯਾਦ ਅਗਰ ਅੰਤਿਮ ਸਮੇਂ ਵੀ ਚੱਲ ਰਹੀ ਹੈ ਤਾਂ ਐਸਾ ਪ੍ਰਾਣੀ ਸੰਸਾਰ ਵਿਚ ਹੀ ਰਹਿੰਦਾ ਹੈ। ਉਸ ਦੀ ਮੌਤ ਇਕ ਹੋਰ ਨਵਾਂ ਜਨਮ ਹੁੰਦੀ ਹੈ:

*ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥*
*ਸਰਪ ਜੋਨਿ ਵਲਿ ਵਲਿ ਅਉਤਰੈ॥੧॥*
*ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ॥ ਰਹਾਉ॥*
*ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥*
*ਬੇਸਵਾ ਜੋਨਿ ਵਲਿ ਵਲਿ ਅਉਤਰੈ॥੨॥*
*ਅੰਤਿ ਕਾਲਿ ਜੋ ਲੜਿਕੇ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥*
*ਸੂਕਰ ਜੋਨਿ ਵਲਿ ਵਲਿ ਅਉਤਰੈ॥੩॥*
*ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ॥੪॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੫੨੬)*

ਜਿਸ ਨੇ ਜੀਵਨ ਦਾ ਨਿਸ਼ਾਨਾ ਪ੍ਰਭੂ ਨੂੰ ਰੱਖਿਆ ਤਾਂ ਪਰਮਾਤਮਾ ਦੀ ਯਾਦ ਹੀ ਜੀਵਨ ਵਿਚ ਪ੍ਰਧਾਨ ਯਾਦ ਰਹਿੰਦੀ ਹੈ। ਉਹੋ ਅੰਤਿਮ ਸਮੇਂ ਵੀ ਪਰਮਾਤਮਾ ਨੂੰ ਹੀ ਯਾਦ ਕਰੇਗਾ। ਪਰਮਾਤਮਾ ਦੀ ਯਾਦ ਪਰਮਾਤਮਾ ਵਿਚ ਸਦੀਵੀ ਲੀਨ ਕਰ ਦੇਵੇਗੀ:

*ਅੰਤਿ ਕਾਲਿ ਨਾਰਾਇਣੁ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ॥*
*ਬਦਤਿ ਤਿਲੋਚਨੁ ਤੇ ਨਰ ਮੁਕਤਾ ਪੀਤੰਬਰੁ ਵਾ ਕੇ ਰਿਦੈ ਬਸੈ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੨੬)*

ਅੰਤ ਸਮੇਂ ਨੂੰ ਇਮਤਿਹਾਨ ਮੰਨਿਆ ਗਿਆ ਹੈ। ਜੀਵਨ-ਭਰ ਜੋ ਕੁਛ ਕੀਤਾ ਹੈ, ਉਹ ਮਰਨ ਲੱਗਿਆਂ ਸਾਹਮਣੇ ਆਵੇਗਾ ਤੇ ਮੌਤ ਜੀਵਨ ਦੀ ਸਫਲਤਾ ਜਾਂ ਨਾਕਾਮੀ ਦਾ ਰੂਪ ਪੇਸ਼ ਕਰੇਗੀ।

ਪ੍ਰਭੂ-ਚਿੰਤਨ ਚਿੰਤਾਵਾਂ ਦਾ ਅੰਤ ਕਰਦਾ ਹੈ। ਪ੍ਰਭੂ-ਚਿੰਤਨ ਨਾਲ ਚੰਗੀਆਂ ਮੰਗਾਂ ਦੇ ਫੁਰਨੇ ਪੂਰਨ ਹੋ ਜਾਂਦੇ ਹਨ। ਮਾੜੀਆਂ ਮੰਗਾਂ ਦੇ ਫੁਰਨੇ ਸ਼ਾਂਤ ਹੋ ਜਾਂਦੇ ਹਨ। ਇਸ ਵਾਸਤੇ ਕੋਈ ਸਮੱਸਿਆ ਨਹੀਂ। ਜਿੱਥੇ ਸਮੱਸਿਆ ਨਹੀਂ ਹੈ, ਉੱਥੇ ਸਮਾਧੀ ਹੈ। ਬੁਰੇ ਫੁਰਨੇ ਮਿਟ ਗਏ, ਚੰਗੇ ਪੂਰੇ ਹੋ ਗਏ- ਐਸੀ ਅਫੁਰ ਅਵਸਥਾ ਵਿਚ ਸਮਾਧੀ ਘਟਿਤ ਹੁੰਦੀ ਹੈ। ਜਨਮਾਂ-ਜਨਮਾਂ ਦੀ ਥਕਾਨ ਦੂਰ ਹੋ ਜਾਂਦੀ ਹੈ। ਰਾਤ ਗਹਿਰੀ ਨੀਂਦ ਪਿੱਛੇ ਸਵੇਰੇ ਜੋ ਤਾਜ਼ਗੀ ਮਹਿਸੂਸ ਹੁੰਦੀ ਹੈ, ਉਹ ਨੀਂਦ ਵੱਲੋਂ ਮਿਲਿਆ ਇਕ ਮਹਾਨ ਤੋਹਫਾ ਹੈ- ਪਰ ਫੁਰਨਿਆਂ ਦੇ ਸ਼ਾਂਤ ਹੋਣ ਨਾਲ ਜਦ ਸਮਾਧੀ ਘਟਿਤ ਹੁੰਦੀ ਹੈ, ਜੋ ਪਰਮ ਤਾਜ਼ਗੀ, ਹਲਕਾਪਨ, ਫੁੱਲਾਂ ਦੀ ਮਹਿਕ ਦੀ ਹਲਕੀ ਜ਼ਿੰਦਗੀ ਤੇ ਵਿਸਮਾਦ ਉਪਲਬਧ ਹੁੰਦਾ ਹੈ- ਉਹ ਅਕੱਥ ਹੈ, ਕਹਿਣ ਤੋਂ ਪਰ੍ਹੇ ਹੈ:

*- ਬਿਸਮ ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ॥*

*ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੦੨)*

*- ਕਥਨ ਕਹਣ ਕਉ ਸੋਝੀ ਨਾਹੀ ਜੋ ਪੇਖੈ ਤਿਸੁ ਬਣਿ ਆਵੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੮੩)*

*- ਕਿਆ ਕਹੀਐ ਕਿਛੁ ਕਹੀ ਨ ਜਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੨੫)*

ਜੀਵਨ-ਧਾਰਾ ਜਦ ਪਰਮਾਤਮਾ-ਰੂਪੀ ਸਾਗਰ ਵਿਚ ਲੀਨ ਹੋ, ਪਰਮਾਤਮਾ ਰੂਪ ਹੋ ਜਾਂਦੀ ਹੈ, ਉਹ ਸਮਾਧੀ-ਅਵਸਥਾ ਹੈ। ਮਰੇ ਹੋਏ ਦੀ ਕਬਰ, ਮੜ੍ਹੀ ਬਣਾ ਲੋਕੀਂ ਕਹਿੰਦੇ ਹਨ। ਇਹ ਫਲਾਣੇ ਦੀ ਸਮਾਧੀ ਹੈ। ਪਰ ਸਮਾਧੀ ਧਰਤੀ ਵਿਚ ਲੀਨ ਹੋਣ ਨਾਲ ਨਹੀਂ ਮਿਲਦੀ। ਇਹ ਪਰਮਾਤਮਾ ਵਿਚ ਲੀਨ ਹੋਣ ਨਾਲ ਮਿਲਦੀ ਹੈ। (੧੨/੨੦੦੪)

■

**ਛੋਟੇ ਸਾਹਿਬਾਜ਼ਾਦਿਆਂ ਦੀ ਸ਼ਹਾਦਤ...** ***ਸਫਾ ੨੯ ਦਾ ਬਾਕੀ***

ਸਾਹਿਬਜ਼ਾਦਿਆਂ ਦੀ ਸ਼ਹਾਦਤ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਸ਼ਹਾਦਤਾਂ ਉਨ੍ਹਾਂ ਸਿਧਾਂਤਾਂ-ਉਪਦੇਸ਼ਾਂ ਦਾ ਸ਼ੁਧ ਅਮਲ ਹੈ ਜਿਸ ਦੀ ਸਿਰਜਣਾ ਗੁਰੂ ਸਾਹਿਬਾਨ ਵੱਲੋਂ ਹੋ ਰਹੀ ਸੀ। ਸੋ ਗੁਰੂ ਸਾਹਿਬਾਨ ਦੇ ਪਰਗਟ ਸਰੂਪ (ਦੇਹ ਸਰੂਪ) ਵਿਚ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਸਮੁੱਚਾ ਅਮਲ ਇਸ ਧਰਤੀ 'ਤੇ ਲਾਸਾਨੀ, ਅਦੁੱਤੀ ਅਤੇ ਨਿਆਰਾ ਹੈ। ਜੇ ਰਾਜਨੀਤਿਕ ਪੈਂਤੜੇ ਤੋਂ ਦੇਖੀਏ ਤਾਂ ਇਕ ਸਰਕਾਰ (ਮੁਗ਼ਲ) ਵੱਲੋਂ ਸਾਹਿਬਜ਼ਾਦਿਆਂ ਨੂੰ ਬੇਹੱਦ ਅੱਤਿਆਚਾਰਾਂ ਨਾਲ ਸ਼ਹੀਦ ਕੀਤਾ ਗਿਆ ਤੇ ਇਕ ਸਰਕਾਰ (ਮੌਜੂਦਾ) ਉਨ੍ਹਾਂ ਦੀ ਸ਼ਹਾਦਤ ਨੂੰ ਬਾਲ ਦਿਵਸ ਰੂਪ ਵਿਚ ਮਨਾਉਂਦੀ ਹੈ। ਕੀ ਸਰਕਾਰੀ ਪੱਧਰ 'ਤੇ ਇਹ ਵੀ ਦਰਸਾਇਆ ਜਾਵੇਗਾ ਕਿ ਸਾਹਿਬਜ਼ਾਦੇ ਸਰਕਾਰ ਦੇ ਜਬਰ-ਜ਼ੁਲਮ ਖ਼ਿਲਾਫ ਲੜਦੇ ਸ਼ਹੀਦ ਹੋਏ ਸਨ ਤੇ ਸਾਨੂੰ ਹੁਣ ਵੀ ਸਰਕਾਰਾਂ ਦੇ ਜਬਰ-ਜ਼ੁਲਮ ਖ਼ਿਲਾਫ ਲੜਨ ਦੀ ਉਨ੍ਹਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ ? ਪਰ ਮੌਜੂਦਾ ਸਰਕਾਰ ਦਾ ਸਿਵਾਇ ਇਹ ਕਹਿਣ ਦੇ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ 'ਰਾਸ਼ਟਰ' ਦੀ ਮਜਬੂਤੀ ਲਈ ਸੀ, ਹੋਰ ਕੁਝ ਨਹੀਂ। ਕੀ ਵਰਤਮਾਨ ਵਿਚ ਉਨ੍ਹਾਂ ਸ਼ਹਾਦਤਾਂ ਦਾ ਹੋਰ ਅਰਥ ਹੈ? ਦੇਸ਼ ਦੇ ਕੁਝ ਹਿੱਸਿਆਂ ਵਿਚ ੨੬ ਦਸੰਬਰ ਨੂੰ ਛੋਟੇ ਸਾਹਿਬਜ਼ਾਦਿਆਂ ਦੀ ਨਕਲ ਕਰਨ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ। ਅਜਿਹੇ ਵਿਗਾੜ ਪੈਣ ਦੀ ਸੰਭਾਵਨਾ ਬਣੀ ਹੀ ਰਹੇਗੀ। ਜੋ ਸਿੱਖ ਸਿਧਾਂਤਾਂ, ਪਰੰਪਰਾ ਅਤੇ ਮਰਯਾਦਾ ਵਿਚ ਪ੍ਰਵਾਨ ਨਹੀਂ। ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਬਿਰਤਾਂਤ ਨੂੰ ਸਹੀ ਅਰਥਾਂ ਵਿਚ ਸਮਝਾਉਣ/ ਦਰਸਾਉਣ ਲਈ ਸਿੱਖ ਪਰੰਪਰਾ ਦੀ ਜੁਗਤੀ ਹੀ ਕਾਰਗਰ ਹੈ। ਇਹ ਅਤਿਕਥਨੀ ਨਹੀਂ ਕਿ ਸਾਡਾ ਅਵੇਸਲਾਪਨ, ਬੇਇਤਫਾਕੀ ਤੇ ਆਪਸੀ ਖਾਨਾਜੰਗੀ ਕਰਕੇ ਪੰਥ ਦੀਆਂ ਮਹਾਨ ਸ਼ਹਾਦਤਾਂ ਨੂੰ ਹਕੂਮਤ ਵਰਤ ਰਹੀ ਹੈ। ਸੋ ਇਹ ਪੰਥ ਲਈ ਸੋਚਣ ਦਾ ਵੇਲਾ ਹੈ।

■

# ਗੁਰਬਾਣੀ ਦੀ ਟੀਕਾਕਾਰੀ: ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ

*-ਡਾ. ਧਰਮ ਸਿੰਘ**

ਕਿਸੇ ਮੁਸ਼ਕਿਲ ਸ਼ਬਦ ਜਾਂ ਸਤਰ ਦੀ ਸਰਲ ਭਾਸ਼ਾ ਵਿਚ ਕੀਤੀ ਗਈ ਵਿਆਖਿਆ ਜਾਂ ਤਸ਼ਰੀਹ (ਖੋਲ੍ਹ ਕੇ ਬਿਆਨ ਕਰਨਾ) ਨੂੰ ਟੀਕਾ ਆਖਿਆ ਜਾਂਦਾ ਹੈ। ਸਟੀਕ ਦਾ ਅਰਥ ਵੀ ਚੰਗੀ ਤਰ੍ਹਾਂ ਕੀਤੀ ਗਈ ਵਿਆਖਿਆ ਹੈ। ਕਈ ਤਰ੍ਹਾਂ ਦੀਆਂ ਸਮਾਜਿਕ-ਸੱਭਿਆਚਾਰਕ, ਭਾਸ਼ਾਈ ਅਤੇ ਸਾਹਿਤਕ ਤਬਦੀਲੀਆਂ ਕਰਕੇ ਪੁਰਾਣੇ ਗ੍ਰੰਥਾਂ ਦੇ ਟੀਕਿਆਂ ਦੀ ਲੋੜ ਪੈਂਦੀ ਹੈ। ਟੀਕੇ ਦੇ ਹੋਰ ਰੂਪਾਂ ਵਿਚ ਪ੍ਰਯਾਯ, ਕੋਸ਼, ਪਰਮਾਰਥ, ਸਰਲਾਰਥ, ਸ਼ਬਦਾਰਥ, ਭਾਸ਼, ਸਾਰ ਅਤੇ ਨਿਰੁਕਤ ਆਦਿ ਹਨ। ਏਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਟੀਕੇ ਪੁਰਾਣੇ ਸਮਿਆਂ ਤੋਂ ਹੀ ਹੁੰਦੇ ਆ ਰਹੇ ਹਨ। ਭਾਈ ਗੁਰਦਾਸ ਜੀ ਨੂੰ ਗੁਰਬਾਣੀ ਦਾ ਪਹਿਲਾ ਟੀਕਾਕਾਰ ਹੋਣ ਦਾ ਮਾਣ ਪ੍ਰਾਪਤ ਹੈ, ਏਸੇ ਲਈ ਉਨ੍ਹਾਂ ਦੀਆਂ ਵਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਕਹਿ ਕੇ ਸਨਮਾਨਿਆ ਗਿਆ ਹੈ। ਮੱਧਕਾਲ ਵਿਚ ਕਈਆਂ ਸੰਪਰਦਾਵਾਂ ਦੀ ਵਿਸ਼ੇਸ਼ਤਾ ਦਾ ਖੇਤਰ ਉਨ੍ਹਾਂ ਵੱਲੋਂ ਕੀਤੇ ਗਏ ਟੀਕੇ ਹਨ। ਟੀਕਾਕਾਰੀ ਦੀ ਇਹ ਪਰੰਪਰਾ ਵੀਹਵੀਂ ਸਦੀ ਵਿਚ ਭਾਈ ਵੀਰ ਸਿੰਘ ਤਕ ਪਹੁੰਚਦੀ ਹੈ।

ਗੁਰਬਾਣੀ ਦੀ ਟੀਕਾਕਾਰੀ ਵਿਚ ਭਾਈ ਵੀਰ ਸਿੰਘ ਦਾ ਵਧੇਰੇ ਕੰਮ 'ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ' ਅਤੇ 'ਪੰਜ ਗ੍ਰੰਥੀ ਸਟੀਕ' ਮਿਲਦਾ ਹੈ। ਇਸ ਕੰਮ ਵਿਚ ਭਾਈ ਜੀ ਨੂੰ ਆਪਣੇ ਛੋਟੇ ਭਰਾ ਡਾ. ਬਲਬੀਰ ਸਿੰਘ ਦਾ ਸਹਿਯੋਗ ਪ੍ਰਾਪਤ ਰਿਹਾ ਹੈ, ਬੇਸ਼ੱਕ ਉਨ੍ਹਾਂ ਆਪਣੇ ਨਿਮਰ ਸੁਭਾਅ ਕਰਕੇ ਆਪਣਾ ਨਾਂ ਕਿਧਰੇ ਵੀ ਨਹੀਂ ਦਿੱਤਾ। ਭਾਈ ਵੀਰ ਸਿੰਘ ਦਾ ਦੇਹਾਂਤ ੧੯੫੭ ਈ. ਵਿਚ ਹੋਇਆ ਜਦ ਕਿ ਸੰਥਯਾ ਪਹਿਲੀ ਵਾਰ ੧੯੫੮ ਈ. ਵਿਚ ਛਪੀ। ਇੱਥੇ ਇਹ ਜ਼ਿਕਰ ਕਰਨਾ ਬਣਦਾ ਹੈ ਕਿ ਡਾ. ਬਲਬੀਰ ਸਿੰਘ ਕੇਵਲ ਟੀਕਾਕਾਰੀ ਵਿਚ ਹੀ ਭਾਈ ਜੀ ਦੇ ਸਹਾਇਕ ਨਹੀਂ ਰਹੇ, ਸਗੋਂ ਉਨ੍ਹਾਂ ਇਸ ਟੀਕੇ ਦੀ ਭੂਮਿਕਾ ਵੀ ਲਿਖੀ ਹੈ ਜਿਸ ਵਿਚ ਪਹਿਲਾਂ ਹੋ ਚੁੱਕੇ ਟੀਕਿਆਂ ਦਾ ਵੇਰਵਾ ਵੀ ਹੈ। ਸੰਥਯਾ ਤੋਂ ਬਾਅਦ 'ਪੰਜ ਗ੍ਰੰਥੀ ਸਟੀਕ' ਹੈ। ਇਸ ਸਟੀਕ ਦਾ ਕੋਈ ਸਫ਼ਾ ਅਜਿਹਾ ਨਹੀਂ ਜਿਸ ਉੱਪਰ ਪੈਰ-ਟਿੱਪਣੀਆਂ ਨਾ ਹੋਣ। ਇਹ ਟਿੱਪਣੀਆਂ ਡਾ. ਬਲਬੀਰ ਸਿੰਘ ਦੀਆਂ ਹਨ, ਭਾਈ ਵੀਰ ਸਿੰਘ ਦੀਆਂ ਨਹੀਂ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਕ ਟੀਕਾ 'ਫਰੀਦਕੋਟੀ ਟੀਕਾ' ਨਾਂ ਨਾਲ ਮਸ਼ਹੂਰ ਹੈ ਜਿਸ ਦਾ ਦੂਜਾ ਸੋਧਿਆ ਹੋਇਆ ਸੰਸਕਰਣ ਡਾ. ਬਲਬੀਰ ਸਿੰਘ ਦੁਆਰਾ

** #੧੧੦, ਰੋਜ਼ ਐਵੀਨਿਊ, ਰਾਮ ਤੀਰਥ ਰੋਡ, ਸ੍ਰੀ ਅੰਮ੍ਰਿਤਸਰ। ਮੋ. ੯੮੮੮੯੩੯੮੦੮*

ਹੀ ਤਿਆਰ ਕੀਤਾ ਗਿਆ ਸੀ। ਡਾ. ਬਲਬੀਰ ਸਿੰਘ ਦੀ ਦਰਸ਼ਨ ਸ਼ਾਸਤਰ ਵਿਚ ਵੀ ਗਹਿਰੀ ਦਿਲਚਸਪੀ ਸੀ। ਇਸੇ ਲਈ ਉਨ੍ਹਾਂ ਦੀ ਵਾਰਤਕ ਰਚਨਾ ਵਿਚ ਦਰਸ਼ਨ ਤੋਂ ਬਿਨਾਂ ਇਤਿਹਾਸ, ਵਿਗਿਆਨ, ਸਾਹਿਤ ਸ਼ਾਸਤਰ ਅਤੇ ਭਾਸ਼ਾ ਵਿਗਿਆਨ ਇਕ ਜਾਨ ਹੋਏ ਮਿਲਦੇ ਹਨ।

ਗੁਰਬਾਣੀ ਦੀ ਟੀਕਾਕਾਰੀ ਵਿਚ ਡਾ. ਬਲਬੀਰ ਸਿੰਘ ਦੀ ਸਭ ਤੋਂ ਵੱਧ ਕੁਸ਼ਲਤਾ 'ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ' (ਦੋ ਜਿਲਦਾਂ) ਵਿਚ ਵੇਖੀ ਜਾ ਸਕਦੀ ਹੈ। ਨਿਰੁਕਤ ਦਾ ਆਪਣਾ ਸੀਮਿਤ ਖੇਤਰ ਹੁੰਦਾ ਹੈ ਪਰ ਇਸ ਦੀ ਆਪਣੀ ਇਕ ਵਿਧੀ ਵੀ ਹੈ। ਡਾ. ਬਲਬੀਰ ਸਿੰਘ ਦੇ ਟੀਕਾਕਾਰੀ ਦੇ ਲੰਮੇ ਤਜਰਬੇ, ਅਭਿਆਸ, ਅਨੁਭਵ ਅਤੇ ਮੁਹਾਰਤ ਕਰਕੇ ਇਸ ਵਿਚ ਕਾਫੀ ਪੁਖਤਗੀ ਆ ਚੁੱਕੀ ਸੀ। ਪ੍ਰਤੀਤ ਹੁੰਦਾ ਹੈ ਕਿ ਉਹ ਟੀਕਾਕਾਰੀ ਵਿਚ ਸੰਪੂਰਨਤਾ (perfections) ਅਤੇ ਨਿਪੁੰਨਤਾ ਲਿਆਉਣ ਖਾਤਰ ਜਿਹੜੀਆਂ ਬਾਰੀਕੀਆਂ ਲਿਆਉਣਾ ਚਾਹੁੰਦੇ ਸਨ, ਉਹ ਸੰਥਯਾ ਅਤੇ ਸਟੀਕ ਵਿਚ ਨਹੀਂ ਆ ਸਕੀਆਂ ਸਨ। ਇਸੇ ਲਈ ਉਨ੍ਹਾਂ ਨਵੇਂ ਸਿਰਿਓਂ ਨਿਰੁਕਤ ਤਿਆਰ ਕਰਨ ਦਾ ਕੰਮ ਆਰੰਭਿਆ। ਡਾ. ਬਲਬੀਰ ਸਿੰਘ ਨੂੰ ਇਹ ਕੰਮ ਕਿਉਂ ਸੌਂਪਿਆ ਗਿਆ? ਇਸ ਸੰਬੰਧੀ ਨਿਰਮਲ ਸਿੰਘ ਨਾਰੰਗ ਹੁਰਾਂ ਨੇ ਨਿਰੁਕਤ ਦੀ ਭੂਮਿਕਾ ਵਿਚ ਇਸ਼ਾਰਾ ਕੀਤਾ ਹੈ। ਉਹ ਲਿਖਦੇ ਹਨ, ਭਾਈ ਵੀਰ ਸਿੰਘ ਦੀ ਕੀਤੀ ਵਿਆਖਿਆ ਵਿਚ ਇਸ ਵੇਲੇ ਇਕ ਨਵੀਂ ਚੀਜ਼ ਭਾਸੀ। ਤੁਕਾਂ ਦੇ ਅਰਥ ਤਾਂ ਹੁੰਦੇ ਹੀ ਹਨ ਪਰ ਵਿਆਖਿਆ ਵਿਚ ਅਰਥ ਦੇ ਵਿਸਥਾਰ ਤੋਂ ਅੱਡਰੀ ਇਕ ਹੋਰ ਤਾਸੀਰ ਨਜ਼ਰ ਆਈ। ਉਸ ਵੇਲੇ ਪਤਾ ਲੱਗਾ ਕਿ ਲਫ਼ਜ਼ਾਂ ਦੇ ਸਿਰਫ ਅਰਥ ਹੀ ਨਹੀਂ ਹੁੰਦੇ, ਅਰਥਾਂ ਦੇ ਚਮਤਕਾਰ ਵਿਚ ਇਕ ਹੋਰ ਚੀਜ਼ ਲੁਕੀ ਹੋਈ ਹੁੰਦੀ ਹੈ। ਇਸ ਲੁਕੀ ਹੋਈ ਚੀਜ਼ ਨੂੰ ਪ੍ਰਗਟ ਕਰਨਾ ਨਿਰੁਕਤ ਦਾ ਟੀਚਾ ਮਿਥਿਆ ਗਿਆ। ਡਾ. ਬਲਬੀਰ ਸਿੰਘ ਇਕ ਪ੍ਰਮਾਣਿਕ ਖੋਜਕਾਰ ਵੀ ਸੀ ਅਤੇ ਇਕ ਸੱਚੇ ਖੋਜਕਾਰ ਦੀ ਨਿਸ਼ਾਨੀ ਹੁੰਦੀ ਹੈ ਕਿ ਉਹ ਡੂੰਘੇ ਤੋਂ ਡੂੰਘੇਰੇ ਉੱਤਰਨਾ ਚਾਹੁੰਦਾ ਹੈ, ਅੱਗੇ ਤੋਂ ਅਗੇਰੇ ਜਾਣਾ ਚਾਹੁੰਦਾ ਹੈ। ਡਾ. ਬਲਬੀਰ ਸਿੰਘ ਦੀ ਖੋਜ ਦਾ ਇਕ ਉੱਤਮ ਨਮੂਨਾ ਨਿਰੁਕਤ (ਜਿਲਦ ਪਹਿਲੀ) ਦੀ ਭੂਮਿਕਾ ਹੈ ਜਿਸ ਵਿਚ ਉਨ੍ਹਾਂ ਦੇ ਉਦੋਂ ਤਕ ਪ੍ਰਾਪਤ ਟੀਚਿਆਂ ਦੇ ਵਿਵਰਣ ਵਿਚ ਉਨ੍ਹਾਂ ਦੀਆਂ ਖੂਬੀਆਂ ਬਾਰੇ ਟਿੱਪਣੀਆਂ ਹਨ।

ਗੁਰਬਾਣੀ ਦੀ ਟੀਕਾਕਾਰੀ ਵਿਚ ਡਾ. ਬਲਬੀਰ ਸਿੰਘ ਦੀ ਸਭ ਤੋਂ ਵੱਧ ਅਤੇ ਭਰਵੀਂ ਕੁਸ਼ਲਤਾ ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ (ਦੋ ਜਿਲਦਾਂ) ਵਿਚ ਦੇਖੀ ਜਾ ਸਕਦੀ ਹੈ। ਨਿਰੁਕਤ ਤਿਆਰ ਕਰਨ ਦੀ ਵਿਉਂਤ ਇਸ ਤਰ੍ਹਾਂ ਬਣੀ ਕਿ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ ਦੀ ਸਲਾਹਕਾਰ ਕਮੇਟੀ ਵਿਚ ਡਾ. ਬਲਬੀਰ ਸਿੰਘ ਨੇ ਸੁਝਾਅ ਦਿੱਤਾ ਕਿ ਭਾਈ ਵੀਰ ਸਿੰਘ ਦੀ ਟੀਕਾਕਾਰੀ ਦੇ ਕੰਮ ਨੂੰ ਹੋਰ ਵਿਸਥਾਰ ਵਿਚ ਕਰਕੇ ਇਸ ਨੂੰ ਵਧੇਰੇ

ਉਪਯੋਗੀ ਬਣਾਇਆ ਜਾ ਸਕਦਾ ਹੈ। ਕਮੇਟੀ ਨੂੰ ਇਹ ਸੁਝਾਅ ਪਸੰਦ ਆ ਗਿਆ ਅਤੇ ਉਨ੍ਹਾਂ ਨਿਰੁਕਤ ਤਿਆਰ ਕਰਨ ਦੀ ਜ਼ਿੰਮੇਵਾਰੀ ਡਾ. ਬਲਬੀਰ ਸਿੰਘ ਹੁਰਾਂ ਨੂੰ ਹੀ ਸੰਭਾਲਣ ਲਈ ਕਹਿ ਦਿੱਤਾ। ਇੰਜ ਕੰਮ ਅਰੰਭ ਹੋ ਗਿਆ। ਡਾ. ਬਲਬੀਰ ਸਿੰਘ ਦੀ ਨਜ਼ਰ ਵਿਚ ਪਹਿਲਾਂ ਹੋ ਚੁੱਕੇ ਟੀਕੇ ਜਾਂ ਵਿਆਖਿਆਕਾਰੀ ਵੀ ਸੀ, ਸੋ ਉਨ੍ਹਾਂ ਵਿਚਲ੍ਹੀਆਂ ਲੱਭਤਾਂ ਨੂੰ ਦੁਹਰਾਉਣ ਦੀ ਲੋੜ ਨਹੀਂ ਸੀ। ਭਾਈ ਵੀਰ ਸਿੰਘ ਨੇ ਸਭ ਤੋਂ ਪਹਿਲਾਂ ਆਪਣੇ ਨਾਨਾ ਗਿਆਨੀ ਹਜ਼ਾਰਾ ਸਿੰਘ ਦੀ ਅਗਵਾਈ ਵਿਚ ੧੮੯੭ ਈ. ਵਿਚ ਜੈਤਸਰੀ ਦੀ ਵਾਰ ਦਾ ਟੀਕਾ ਕੀਤਾ ਜੋ ਸਹਿਜੇ-ਸਹਿਜੇ ੧੯੫੮ ਵਿਚ ਸੰਥਯਾ ਦੇ ਰੂਪ ਵਿਚ ਛਪਿਆ। ਨਿਰੁਕਤ ਦੀ ਪਹਿਲੀ ਜਿਲਦ ੧੯੭੨ ਈ. ਵਿਚ ਛਪੀ। ਇੰਝ ਦੋਹਾਂ ਦਰਮਿਆਨ ਤਕਰੀਬਨ ਅੱਧੀਂ ਸਦੀ ਦਾ ਵਕਫਾ ਪੈ ਜਾਂਦਾ ਹੈ। ਇਸ ਅੱਧੀ ਸਦੀ ਵਿਚ ਕਈ ਹਵਾਲਾ ਪੁਸਤਕਾਂ ਅਤੇ ਕੋਸ਼ ਆਦਿ ਛਪੇ ਜਿਨ੍ਹਾਂ ਦੀ ਮਦਦ ਨਾਲ ਹੋਰ ਕਈ ਘੁੰਡੀਆਂ ਖੁੱਲ ਸਕਦੀਆਂ ਸਨ। ਸੋ ਨਿਰੁਕਤ ਲਈ ਨਾ ਕੇਵਲ ਟੀਕਿਆਂ, ਸਗੋਂ ਹੋਰ ਵੀ ਪੁਸਤਕਾਂ ਦੀ ਮਦਦ ਲਈ ਗਈ।

ਨਿਰੁਕਤ ਸੰਸਕ੍ਰਿਤ ਦਾ ਸ਼ਬਦ ਹੈ, ਜਿਸ ਦੇ ਅਰਥ ਹਨ- ਨਿਸਚੇ ਕਰ ਕੇ ਕਹੀ ਹੋਈ ਗੱਲ, ਨਿਰੁਕਤ ਕੀਤਾ ਹੋਇਆ ਰੂਪ ਅਰਥਾਤ ਕਿਸੇ ਸ਼ਬਦ ਦੀ ਛਾਣਬੀਣ ਕਰ ਕੇ ਉਸ ਦਾ ਠਹਿਰਾਇਆ ਹੋਇਆ ਅਰਥ ਰੂਪ। (ਜਿਲਦ ਪਹਿਲੀ, ਪੰਨਾ ਗ) ਡਾ. ਬਲਬੀਰ ਸਿੰਘ ਵੱਲੋਂ ਗੁਰਬਾਣੀ ਦੀ ਵਿਆਖਿਆਕਾਰੀ ਲਈ ਨਿਰੁਕਤ ਤਿਆਰ ਕਿਉਂ ਕਰਨਾ ਪਿਆ? ਇਸ ਵੱਲ ਸੰਕੇਤ ਕਰਦਿਆਂ ਉਨ੍ਹਾਂ ਲਿਖਿਆ ਹੈ, "ਨਿਰੁਕਤ ਇਕ ਐਸੀ ਚੀਜ਼ ਹੋਣੀ ਚਾਹੀਦੀ ਹੈ ਜੋ ਆਮ ਜਨਤਾ ਲਈ ਰੌਚਕ ਹੋਵੇ, ਗੁਰਬਾਣੀ ਦੇ ਪ੍ਰੇਮੀਆਂ ਲਈ ਪ੍ਰੇਰਨਾ-ਭਰਪੂਰ ਅਤੇ ਕਥਾ ਕਰਨ ਵਾਲਿਆਂ ਲਈ ਪ੍ਰਮਾਣਾਂ ਦਾ ਮੂਲ ਸਰੋਤ ਹੋਵੇ। ਇਨ੍ਹਾਂ ਤਿੰਨਾਂ ਪਹਿਲੂਆਂ ਨੂੰ ਮੁੱਖ ਰੱਖ ਕੇ ਇਸ ਗੱਲ ਵੱਲ ਵੀ ਖਿਆਲ ਰੱਖਿਆ ਗਿਆ ਹੈ ਕਿ ਜਿੱਥੇ ਕਿਤੇ ਪਹਿਲਾਂ ਕੀਤੇ ਗਏ ਅਰਥਾਂ ਵਿਚ ਊਣਤਾਈ ਰਹਿ ਗਈ ਹੋਵੇ, ਉਸ ਨੂੰ ਸੋਧਿਆ ਜਾਵੇ।

ਨਿਰੁਕਤ ਰਚੇ ਜਾਣ ਦੀ ਇਕ ਨਿਸ਼ਚਿਤ ਵਿਧੀ ਹੈ। ਇਸ ਵਿਧੀ ਅਨੁਸਾਰ ਸਭ ਤੋਂ ਪਹਿਲਾਂ ਉਸ ਸ਼ਬਦ ਵਿਸ਼ੇਸ਼ ਦੇ ਅਰਥ ਹਨ, ਫਿਰ ਉਸ ਦੇ ਬਣਨ ਵਾਲੀਆਂ ਅਗਲੇਰੀਆਂ, ਸ਼ਬਦ ਬਣਤਰਾਂ ਅਤੇ ਉਨ੍ਹਾਂ ਪ੍ਰਸੰਗਾਨਕੂਲ ਅਰਥ ਹਨ। ਉਦਾਹਰਨ ਵਜੋਂ 'ਉਦਾਸੀ' ਸ਼ਬਦ ਦੇ ਛੇ ਅਰਥ ਹਨ ਅਤੇ ਉਸ ਸ਼ਬਦ ਦੀ ਵੱਖ-ਵੱਖ ਥਾਵਾਂ ਅਤੇ ਸੰਦਰਭਾਂ ਵਿਚ ਵਰਤੋਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਏਸੇ ਤਰ੍ਹਾਂ 'ਅੱਖਰ' ਸ਼ਬਦ ਦੇ ਸੋਲਾਂ ਅਰਥ ਦੱਸ ਕੇ ਉਨ੍ਹਾਂ ਦੀ ਭਿੰਨ-ਭਿੰਨ ਸਰੋਤਾਂ ਵਿਚ ਨਾ ਰਹਿ ਕੇ 'ਦਰਸ਼ਨ ਕੋਸ਼', 'ਇਤਿਹਾਸ-ਕੋਸ਼', 'ਸਾਹਿਤ ਕੋਸ਼', 'ਮਿਥਿਹਾਸ ਕੋਸ਼', 'ਸਾਹਿਤ ਇਤਿਹਾਸ' ਕੋਸ਼ ਅਤੇ 'ਸ਼ਬਦਾਵਲੀ ਕੋਸ਼' ਵੀ ਬਣ ਗਿਆ ਹੈ ਇਸ ਦੀ ਵਰਤੋਂ ਬਹੁ-ਮੰਤਵੀ ਬਣ ਨਿਬੜੀ ਹੈ। **ਬਾਕੀ ਸਫਾ ੭੧ 'ਤੇ**

# ਸਦਾਚਾਰ

*-ਪ੍ਰਿੰ. ਕੁਲਦੀਪ ਸਿੰਘ ਹਉਰਾ**

ਵਿਗਿਆਨ ਦੇ ਵਿਕਾਸ ਕਾਰਨ ਮਨੁੱਖ ਨੇ ਬਹੁਤ ਤਰੱਕੀ ਕਰ ਲਈ ਹੈ ਪਰ ਇਸ ਦੇ ਬਾਵਜੂਦ ਵੀ ਮਨੁੱਖੀ ਜੀਵਨ ਉੱਤੇ ਇਕ ਸਹਿਮ ਜਿਹਾ ਛਾਇਆ ਹੋਇਆ ਹੈ। ਕਦੇ-ਕਦੇ ਇਹ ਸਹਿਮ ਇਕ ਗੱਲ 'ਤੇ ਭਿਅੰਕਰ ਰੂਪ ਧਾਰਨ ਕਰ ਜਾਂਦਾ ਹੈ। ਇਸ ਤੋਂ ਚਿਤਾਵਨੀ ਮਿਲਦੀ ਹੈ ਕਿ ਮਨੁੱਖਤਾ ਦਾ ਭਵਿੱਖ ਸੰਦੇਹ ਭਰਪੂਰ ਹੈ ਆਖਰ ਇਹ ਸਭ ਕੁਝ ਕਿਉਂ ਹੈ? ਇਸ ਲਈ ਕਿ ਅਸੀਂ ਸਦਾਚਾਰਕ ਕੀਮਤਾਂ ਛੱਡੀ ਚੱਲੇ ਜਾ ਰਹੇ ਹਾਂ ਜਾਂ ਬਹੁਤ ਹੱਦ ਤਕ ਉਨ੍ਹਾਂ ਵੱਲੋਂ ਮੂੰਹ ਫੇਰ ਬੈਠੇ ਹਾਂ। ਫਲਸਰੂਪ ਵਿਸ਼ਵਾਸ ਘੱਟ ਰਿਹਾ ਹੈ ਤੇ ਅਵਿਸ਼ਵਾਸ ਦੀ ਭਾਵਨਾ ਵੱਧ ਰਹੀ ਹੈ। ਇਖਲਾਕੀ ਕੀਮਤਾਂ ਡਿੱਗ ਰਹੀਆਂ ਹਨ। ਸਮੁੱਚੇ ਤੌਰ 'ਤੇ ਮਨੁੱਖਤਾ ਦਾ ਪਤਨ ਹੋ ਰਿਹਾ ਹੈ। ਇਹ ਬੜੀ ਗੰਭੀਰ ਸਮੱਸਿਆ ਹੈ। ਜੇ ਇਸ ਦਾ ਹੱਲ ਜਲਦੀ ਨਾ ਲੱਭਿਆ ਗਿਆ ਤਾਂ ਖ਼ਤਰਾ ਹੈ ਕਿ ਸਦੀਆਂ ਪੁਰਾਣਾ ਬਹੁਮੁੱਲਾ ਵਿਰਸਾ ਤਬਾਹ ਤੇ ਬਰਬਾਦ ਹੋ ਸਕਦਾ ਹੈ।

ਅਸਲ ਵਿਚ ਇਹ ਸਮੱਸਿਆ ਧਾਰਮਿਕ ਜੀਵਨ ਤੋਂ ਬੇਮੁੱਖ ਹੋਣ ਕਰਕੇ ਖੜੀ ਹੋਈ ਹੈ। ਧਰਮ ਜੀਵਨ ਦੀ ਬੁਨਿਆਦੀ ਲੋੜ ਹੈ। ਇਸ ਨੂੰ ਜੀਵਨ ਤੋਂ ਅੱਡ ਨਹੀਂ ਕੀਤਾ ਜਾ ਸਕਦਾ। ਧਰਮ ਹੀ ਮਨੁੱਖ ਨੂੰ ਸਹੀ ਜੀਵਨ-ਜਾਚ ਸਿਖਾਉਂਦਾ ਹੈ। ਸਭ ਧਰਮਾਂ ਨੇ ਮਨੁੱਖ ਨੂੰ ਆਦਰਸ਼ਕ ਜੀਵਨ ਜੀਣ ਦੀ ਪ੍ਰੇਰਨਾ ਦਿੱਤੀ ਹੈ ਪਰ ਵਿਅਕਤੀਗਤ ਲਾਭ ਦੀ ਖਿੱਚ ਮਨੁੱਖ ਅੰਦਰ ਆਪ-ਹੁਦਰਾਪਨ ਪੈਦਾ ਕਰ ਦਿੰਦੀ ਹੈ, ਜਿਸ ਨਾਲ ਵਿਅਕਤੀ ਸਦਾਚਾਰ ਨੂੰ ਛੱਡ ਕੇ ਗ਼ਲਤ ਕੀਮਤਾਂ ਦਾ ਧਾਰਨੀ ਹੋ ਜਾਂਦਾ ਹੈ। ਇਸ ਲਈ ਧਰਮ ਦੀ ਮਹਾਨਤਾ ਤੋਂ ਮੁਖ ਮੋੜਨਾ ਹਾਨੀਕਾਰਨ ਅਣਗਹਿਲੀ ਹੈ। ਧਰਮ ਦੀ ਮਹਾਨਤਾ ਤੇ ਅਸਲੀਅਤ ਨੂੰ ਸਵੀਕਾਰ ਕਰਨਾ ਹੀ ਜੀਵਨ ਵਿਚ ਯਥਾਰਥ ਦ੍ਰਿਸ਼ਟੀ ਦਾ ਸੂਚਕ ਹੈ।

ਅੱਜ ਜੋ ਇਹ ਪ੍ਰਚਾਰ ਹੋ ਰਿਹਾ ਹੈ ਕਿ ਧਰਮ ਹਰ ਵਿਅਕਤੀ ਦੀ ਜ਼ਾਤੀ ਚੀਜ਼ ਹੈ। ਇਹ ਵਿਚਾਰ ਬੜਾ ਹਾਨੀਕਾਰਕ ਹੈ। ਇਸ ਵਿਚਾਰ ਦੇ ਅਧੀਨ ਹਰ ਕੋਈ ਕਹਿ ਸਕਦਾ ਹੈ ਕਿ ਮੈਂ ਘੱਟ ਤੋਲਾਂ ਜਾਂ ਚੀਜ਼ਾਂ ਵਿਚ ਰਲਾ ਪਾਵਾਂ ਤਾਂ ਇਹ ਮੇਰਾ ਨਿੱਜੀ ਕੰਮ ਹੈ। ਇਸ ਵਿਚ ਦੂਸਰੇ ਨੂੰ ਦਖ਼ਲ ਦੇਣ ਦਾ ਕੋਈ ਅਧਿਕਾਰ ਨਹੀਂ। ਇਸ ਲਈ ਧਰਮ ਦੀਆਂ ਪ੍ਰਵਾਨਿਤ ਜੀਵਨ ਕੀਮਤਾਂ ਨੂੰ ਵਿਅਕਤੀਗਤ ਨਹੀਂ ਸਗੋਂ ਸਮੂਹਿਕ ਰੂਪ ਵਿਚ ਸਮੁੱਚੀ ਸਮਾਜਿਕ ਉੱਨਤੀ ਦੇ ਸੰਦਰਭ ਵਿਚ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਹੀ ਸਮਾਜਿਕ ਹਿੱਤਾਂ ਦੀ ਰਾਖੀ ਹੋ ਸਕਦੀ ਹੈ। ਆਪਣਾ ਕਰਤੱਵ ਨੇਕ ਨੀਅਤੀ ਨਾਲ ਨਿਭਾਉਣਾ ਹੀ ਨੈਤਿਕਤਾ ਹੈ, ਸਦਾਚਾਰ ਹੈ। ਜੇਕਰ ਧਾਰਮਿਕ ਕਦਰਾਂ-ਕੀਮਤਾਂ ਦੀ ਗ਼ਲਤ ਵਰਤੋਂ

** ਗੁਰਪੁਰਵਾਸੀ*

ਹੋਵੇਗੀ ਤਾਂ ਉਹ ਮਨੁੱਖਤਾ ਦੇ ਸਰਵਨਾਸ਼ ਦਾ ਕਾਰਨ ਵੀ ਬਣ ਸਕਦੀ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਦੇ ਕਥਨ ਅਨੁਸਾਰ 'ਨਿਮਰਤਾ' ਜਿੰਨੀ ਕੋਈ ਸੁਖਾਵੀਂ ਗੱਲ ਨਹੀਂ ਤੇ 'ਹਉਮੈ'' ਵਰਗੀ ਦੁਖਦਾਈ ਹੋਰ ਕੋਈ ਵਸਤੂ ਨਹੀਂ। ਇਸੇ ਕਰਕੇ ਨਿਮਰ ਮਨੁੱਖ ਨੂੰ ਉਨ੍ਹਾਂ ਨੇ 'ਗਉਰਾ' ਤੇ ਹੰਕਾਰੀ ਨੂੰ 'ਰੋਗੀ' ਆਖਿਆ ਹੈ। ਉਨ੍ਹਾਂ ਦੇ ਬਚਨ ਹਨ:

*...ਨਿਵੈ ਸੁ ਗਉਰਾ ਹੋਇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੪੭੦)*

*ਹਉਮੈ ਦੀਰਘ ਰੋਗੁ ਹੈ...* *(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੬)*

ਧਰਮ ਤੋਂ ਭਾਵ ਫਰਜ਼-ਸ਼ਨਾਸੀ ਹੈ ਤੇ ਇਹ ਗੁਣ ਆਪਣੇ ਆਪ ਵਿਚ ਬੜਾ ਸੁਖਦਾਇਕ ਤੇ ਲਾਹੇਵੰਦ ਹੈ। ਜੇਕਰ ਵਿਅਕਤੀ ਨਿੱਜੀ ਧਰਮ ਨੂੰ ਕਲਿਆਣਕਾਰੀ ਤੇ ਦੂਸਰੇ ਧਰਮਾਂ ਨੂੰ ਵਿਨਾਸ਼ਕਾਰੀ ਸਮਝਣ ਲੱਗ ਪਵੇ ਤਾਂ ਗੱਲ ਵਿਗੜ ਜਾਂਦੀ ਹੈ। ਜਿਸ ਕੌਮ ਦੇ ਜੀਵਨ ਵਿੱਚੋਂ ਸਹਿਣਸ਼ੀਲਤਾ ਵਾਲੀ ਚੂਲ ਢਿੱਲੀ ਹੋ ਜਾਵੇ, ਉਸ ਕੌਮ ਦਾ ਆਚਾਰ ਕਮਜ਼ੋਰ, ਨਿਕਾਰਾ ਤੇ ਹੀਣਾ ਹੋ ਜਾਂਦਾ ਹੈ ਤੇ ਕੌਮ ਦੁਰਾਚਾਰ ਵੱਲ ਵਧਣ ਲੱਗਦੀ ਹੈ। ਸਹਿਣਸ਼ੀਲਤਾ ਵਾਲੀ ਚੂਲ ਉਦੋਂ ਢਿੱਲੀ ਹੁੰਦੀ ਹੈ ਜਦੋਂ ਦੂਜੇ ਧਰਮਾਂ ਦੀ ਅਸਲੀਅਤ ਦਾ ਅਗਿਆਨ ਸਾਡੇ ਮਨਾਂ ਉੱਤੇ ਛਾ ਜਾਂਦਾ ਹੈ ਤੇ ਸਾਡੇ ਮਨ ਵਿਚ ਉਨ੍ਹਾਂ ਪ੍ਰਤੀ ਸਤਿਕਾਰ ਕਾਇਮ ਨਹੀਂ ਰਹਿੰਦਾ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮਹਾਨ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਸੰਸਾਰ ਨੂੰ ਦਿੱਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚਲੀ ਬਾਣੀ ਦੇ ਅਧਿਐਨ ਦੇ ਚਾਨਣ ਤੋਂ ਜਦੋਂ ਪੱਖਪਾਤੀ ਤੇ ਸੰਪਰਦਾਇਕ ਰੁਚੀਆਂ ਵਾਲਾ ਹਨੇਰਾ ਅਲੋਪ ਹੋ ਜਾਂਦਾ ਹੈ ਤਾਂ ਵਿਅਕਤੀ ਸੱਚ ਦੇ ਚਾਨਣ ਵਿਚ ਸਚਿਆਰਾ ਬਣ ਜਾਂਦਾ ਹੈ। ਸਚਿਆਰ ਮਨੁੱਖ ਹੀ ਸਦਾਚਾਰੀ ਹੋ ਸਕਦਾ ਹੈ। ਸਦਾਚਾਰੀ ਦੇ ਲੱਛਣ ਸੱਚਾ ਹੋਣਾ ਤੇ ਫਰਜ਼ਾਂ ਦੀ ਪਹਿਚਾਣ ਕਰਨਾ ਹੈ। ਜੋ ਸੱਚ ਦਾ ਪੱਲਾ ਫੜ੍ਹ ਲੈਂਦਾ ਹੈ ਤੇ ਸੱਚ ਦੀ ਖਾਤਰ ਜਾਨ ਤਕ ਵਾਰ ਦੇਂਦਾ ਹੈ, ਉਹ ਮਨੁੱਖ ਹੀ ਆਚਾਰਵੰਤ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਦਾ ਬਚਨ ਹੈ- *ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥* ਸਭ ਗੁਣਾਂ ਤੋਂ ਵੱਡਾ ਗੁਣ 'ਸਚ ਆਚਾਰ' ਦਾ ਹੈ।

ਸਮੁੱਚੀ ਗੁਰਬਾਣੀ ਵਿਚ ਭੇਖ ਦਾ ਖੰਡਨ ਤਾਂ ਹੈ ਪਰ ਕਿਸੇ ਧਰਮ ਦੀ ਆਲੋਚਨਾ ਨਹੀਂ। ਵਿਸ਼ਵ ਦੇ ਧਾਰਮਿਕ ਇਤਿਹਾਸ ਵਿਚ ਇਕ ਅਨੋਖਾ ਤੇ ਬੇ-ਮਿਸਾਲ ਤਜਰਬਾ ਹੈ ਕਿ ਸਮੁੱਚਾ ਭਾਈਚਾਰਾ, ਜੋ ਗੁਰਬਾਣੀ ਵਿਚ ਵਿਸ਼ਵਾਸ ਰੱਖਦਾ ਹੈ, ਬਿਨਾਂ ਕਿਸੇ ਪੱਖਪਾਤ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਮਿਲਤ ਬਾਣੀ, ਜੋ ਸਿੱਖ ਗੁਰੂ ਸਾਹਿਬਾਨ ਤੋਂ ਇਲਾਵਾ ਭਗਤ ਸ਼ੇਖ ਫਰੀਦ ਜੀ, ਭਗਤ ਰਾਮਾਨੰਦ ਜੀ, ਭਗਤ ਜੈਦੇਵ ਜੀ, ਭਗਤ ਕਬੀਰ ਜੀ, ਭਗਤ ਰਵਿਦਾਸ ਜੀ ਤੇ ਭਗਤ ਨਾਮਦੇਵ ਜੀ ਆਦਿ ਮਹਾਨ ਵਿਅਕਤੀਆਂ ਦੀ ਰਚਨਾ ਹੈ, ਨੂੰ ਬੜੇ ਸਤਿਕਾਰ ਤੇ ਪਿਆਰ ਨਾਲ ਮੱਥਾ

ਟੇਕਦਾ ਹੈ। ਅਜਿਹਾ ਕਰਨ ਵਾਲਾ ਵਿਅਕਤੀ ਸਹੀ ਅਰਥਾਂ ਵਿਚ ਸਦਾਚਾਰੀ ਹੈ, ਕਿਉਂਕਿ ਉਸ ਦਾ ਵੈਰੀ ਕੋਈ ਨਹੀਂ, ਉਸ ਲਈ ਬੇਗ਼ਾਨਾ ਕੋਈ ਨਹੀਂ, ਉਸ ਦੀ ਤਾਂ ਸਮੁੱਚੀ ਮਨੁੱਖਤਾ ਨਾਲ ਸਾਂਝ ਹੈ। ਸ੍ਰੀ ਗੁਰੂ ਅਰਜਨ ਸਾਹਿਬ ਦਾ ਕਥਨ ਹੈ:

*ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੯੯)*

ਐਸਾ ਵਿਅਕਤੀ ਸਭ ਵਿਚ ਇਕ ਬ੍ਰਹਮ ਨੂੰ ਵੇਖਦਾ ਹੈ ਤੇ ਸਮੁੱਚੀ ਮਨੁੱਖਤਾ ਦਾ ਵਿਕਾਸ ਵੇਖ ਕੇ ਪ੍ਰਸੰਨ ਹੁੰਦਾ ਹੈ:

*ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੯੯)*

ਇਹ ਲੱਛਣ ਸਦਾਚਾਰ ਵਾਲੇ ਵਿਅਕਤੀ ਦੇ ਹਨ। ਉਹ ਸਮਦਰਸੀ ਹੁੰਦਾ ਹੈ ਤੇ ਨਿਰਮਾਣ ਹੋ ਕੇ ਆਖਦਾ ਹੈ:

*ਹਮ ਨਹੀ ਚੰਗੇ ਬੁਰਾ ਨਹੀ ਕੋਇ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੭੨੮)*

ਗੁਰਬਾਣੀ ਵਿਚ ਬੁਨਿਆਦੀ ਆਦਰਸ਼ਕ ਕਦਰਾਂ-ਕੀਮਤਾਂ ਦੀ ਹੋਂਦ ਨੂੰ ਪ੍ਰਵਾਨ ਕੀਤਾ ਗਿਆ ਹੈ। ਮੁਸਲਮਾਨ ਨੂੰ ਨੇਕ ਮੁਸਲਮਾਨ, ਹਿੰਦੂ ਨੂੰ ਚੰਗਾ ਹਿੰਦੂ, ਯੋਗੀ ਜਾਂ ਸੰਨਿਆਸੀ ਨੂੰ ਸੱਚਾ ਯੋਗੀ ਜਾਂ ਸੰਨਿਆਸੀ ਬਣਨ ਦੀ ਪ੍ਰੇਰਨਾ ਹੈ। ਹਰ ਧੰਦਾ (ਕਿਰਤ) ਕਰਨ ਵਾਲੇ ਨੂੰ ਨੇਕ (ਕਿਰਤ) ਧੰਦਾ ਕਰਨ, ਦਸਾਂ ਨਹੁੰਆਂ ਦੀ ਕਿਰਤ ਕਰਨ ਦੀ ਸਲਾਹ ਦਿੱਤੀ ਗਈ ਹੈ।

ਕਿਰਸਾਨ ਆਪਣੇ ਮਨ ਵਿਚ ਨਾਮ ਦਾ ਬੀਜ ਬੀਜ ਕੇ, ਸੰਤੋਖ ਦਾ ਸੁਹਾਗਾ ਫੇਰੇ ਤੇ ਗਰੀਬੀ ਵੇਸ ਧਾਰਨ ਕਰੇ, ਭਾਵ ਨਿਮਰਤਾ ਰੱਖੇ ਤਾਂ ਉਹ ਸਫ਼ਲ ਕਿਰਸਾਨ ਹੈ। ਹੱਟੀ ਕਰਨ ਵਾਲਾ ਹਟਵਾਣੀਆਂ ਸੱਚੇ ਨਾਮ ਦੀ ਕਿਰਤ ਕਰੇ। ਸੌਦਾਗਰ ਚੰਗਿਆਈਆਂ ਦਾ ਖਰਚਾ ਪੱਲੇ ਬੰਨ੍ਹੇ ਤੇ ਬਦੀਆਂ ਦਾ ਤਿਆਗ ਕਰੇ ਤਾਂ ਬਾਬਾ ਨਾਨਕ ਆਖਦੇ ਹਨ, ਫੇਰ ਸਭ ਕਾਰਜਾਂ ਵਿਚ 'ਚੜੈ ਚਵਗਣ ਵੰਨ' ਵਾਲਾ ਨਤੀਜਾ ਹੁੰਦਾ ਹੈ। ਇਨ੍ਹਾਂ ਢੰਗਾਂ ਨੂੰ ਅਪਣਾਉਣ ਵਾਲਾ ਵਿਅਕਤੀ ਹੀ ਸਦਾਚਾਰਕ ਜੀਵਨ ਜਿਉਂਦਾ ਹੈ ਤੇ ਸਦਾਚਾਰੀ ਅਖਵਾਉਂਦਾ ਹੈ।

ਗੁਰਬਾਣੀ ਰਾਹੀਂ ਮਨੁੱਖ ਨੂੰ ਜੀਵਨ ਵਿਚ ਸਫ਼ਲ ਹੋਣ ਦਾ ਇਕ ਅਜਿਹਾ 'ਨੁਸਖਾ' ਦੱਸਿਆ ਗਿਆ ਹੈ, ਜਿਸ ਨੂੰ ਸਭ ਧਰਮਾਂ ਨੇ ਪ੍ਰਵਾਨ ਕੀਤਾ ਹੈ। ਉਹ ਨੁਸਖਾ ਹੈ 'ਸਤਿਨਾਮੁ' ਦਾ ਹੈ। ਉਹ ਨਾਮ ਜੋ ਸੱਚਾ ਹੈ। ਉਹ ਸੱਚਾਈ ਜੋ Universal Truth ਹੈ, ਜੋ ਅਟੱਲ ਹੈ, ਜੋ ਸਦਾ ਇਕ ਰੰਗ ਰਹਿੰਦੀ ਹੈ। ਉਸ ਬਾਰੇ ਜਪੁ ਜੀ ਸਾਹਿਬ ਵਿਚ ਫ਼ੁਰਮਾਨ ਹੈ:

*ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ,੧)*

ਗੁਰੂ ਸਾਹਿਬ ਨੇ ਏਥੇ ਸੱਚੇ ਦੇ ਸਰੀਰਕ ਹੋਂਦ ਨਹੀਂ ਸਗੋਂ ਸੱਚਾਈ ਦੇ ਵਿਚਾਰ ਵੱਲ ਸੰਕੇਤ ਕੀਤਾ ਹੈ। ਜਿਸ ਨੇ ਇਸ ਸੱਚਾਈ ਦੇ ਵਿਚਾਰ ਨੂੰ ਸਮਝ ਲਿਆ, ਉਹ ਸਚਿਆਰ ਹੋ ਗਿਆ। ਸਚਿਆਰ ਮਨੁੱਖ ਦਾ ਆਚਾਰ ਸਦਾ ਹੀ ਨਮੂਨੇ ਦਾ ਹੁੰਦਾ ਹੈ ਉਹ ਆਚਾਰ ਹੀ ਸਦਾਚਾਰ ਅਖਵਾਉਂਦਾ ਹੈ। ਉਸ ਵਿਅਕਤੀ ਦਾ ਆਚਰਣ ਪਹਾੜ ਵਾਂਗ ਮਜ਼ਬੂਤ ਹੁੰਦਾ ਹੈ, ਜਿਸ ਨੂੰ ਸੰਸਾਰਕ ਲੋਭ ਲਾਲਚ ਜਾਂ ਸਰੀਰਕ ਦੁੱਖ ਤਕਲੀਫਾਂ ਡੇਗ ਨਹੀਂ ਸਕਦੇ। ਉਹ *ਝਖੜ ਵਾਉ ਨ ਡੋਲਈ ਪਰਬਤ ਮੇਰਾਣੁ* ਵਾਂਗ ਸਦਾਚਾਰ ਦੇ ਆਸਰੇ ਅਹਿਲ ਤੇ ਅਡੋਲ ਰਹਿੰਦਾ ਹੈ। ਉਹ ਦੁੱਖ ਵਿਚ ਦੁਖੀ ਨਹੀਂ ਹੁੰਦਾ ਤੇ ਸੁੱਖ ਵਿਚ ਵਾਹਿਗੁਰੂ ਦੀ ਹੋਂਦ ਨੂੰ ਨਹੀਂ ਭੁੱਲਦਾ, ਸਗੋਂ ਹਰ ਹਾਲਤ ਵਿਚ ਇਕ ਸਮਾਨ ਰਹਿੰਦਾ ਹੈ। ਉਸ ਅੱਗੇ ਸੋਨਾ, ਮਿੱਟੀ ਸਮਾਨ ਹੁੰਦਾ ਹੈ। ਉਹ ਇਸ ਕਥਨ ਦਾ ਧਾਰਨੀ ਹੁੰਦਾ ਹੈ:

*ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥*
*ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੬੩੩)*

ਉਸ ਨੂੰ ਨਿੰਦਾ ਉਸਤਤਿ, ਮਾਨ ਅਪਮਾਨ ਦੀ ਪ੍ਰਵਾਹ ਨਹੀਂ ਹੁੰਦੀ। ਉਸ ਵਾਸਤੇ ਰਾਜ- ਸਿੰਘਾਸਨ ਤੇ ਗੜੀ-ਗੋਦੜੀ ਇਕ ਸਮਾਨ ਹੁੰਦੀ ਹੈ। ਉਹ ਮਿਲੇ ਅਧਿਕਾਰਾਂ ਦੀ ਦੁਰਵਰਤੋਂ ਨਹੀਂ ਕਰਦਾ, ਸਗੋਂ ਸੇਵਾ ਸਮਝ ਕੇ ਆਪਣਾ ਫਰਜ਼ ਨਿਭਾਉਂਦਾ ਹੈ। ਉਹ ਆਚਰਣ ਦੀ ਸਿਖਰ 'ਤੇ ਪੁੱਜਿਆ ਹੋਇਆ ਰਜ਼ਾ ਵਿਚ ਰਾਜ਼ੀ ਰਹਿੰਦਾ ਹੈ ਤੇ ਸ਼ੁਕਰਾਨੇ ਵਜੋਂ ਕਹਿੰਦਾ ਹੈ:

*ਜੌ ਰਾਜੁ ਦੇਹਿ ਤ ਕਵਨ ਬਡਾਈ॥*
*ਜੌ ਭੀਖ ਮੰਗਾਵਹਿ ਤ ਕਿਆ ਘਟਿ ਜਾਈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੫੨੫)*

ਉਹ ਆਚਰਣ ਦੀ ਉੱਚਤਾ ਕਾਰਨ ਹਰ ਹਾਲਤ ਵਿਚ ਪ੍ਰਸੰਨ ਚਿੱਤ ਰਹਿੰਦਾ ਹੈ। ਗੁਰੂ ਕਥਨ ਹੈ:

*ਕਰਿ ਆਚਾਰੁ ਸਚੁ ਸੁਖੁ ਹੋਈ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੯੩੧)*

ਪਰ ਸੱਚਾ ਆਚਾਰ-ਬਿਉਹਾਰ ਸਿੱਖਣ ਵਾਸਤੇ, ਸਦਾਚਾਰੀ ਬਣਨ ਵਾਸਤੇ ਮਨੁੱਖ ਨੂੰ ਗੁਰੂ ਦੀ ਸ਼ਰਨ ਵਿਚ ਜਾ ਕੇ ਨਾਮ ਦੀ ਦਾਤ ਪ੍ਰਾਪਤ ਕਰਨੀ ਪੈਂਦੀ ਹੈ। ਨਾਮ ਹੀ ਮਨੁੱਖੀ ਸ਼ਖ਼ਸੀਅਤ ਵਿਚ ਸਦਾਚਾਰਕ ਗੁਣ ਪੈਦਾ ਕਰਦਾ ਹੈ।

ਜਦੋਂ ਸਦਾਚਾਰਕ ਗੁਣ ਮਨੁੱਖੀ ਹਿਰਦੇ ਵਿਚ ਪ੍ਰਵੇਸ਼ ਕਰ ਜਾਂਦੇ ਹਨ ਤਾਂ ਮਨੁੱਖ ਵੱਡੀਆਂ-ਵੱਡੀਆਂ ਔਕੜਾਂ ਨੂੰ ਮਹਿਸੂਸ ਹੀ ਨਹੀਂ ਕਰਦਾ। ਉਸ ਨੂੰ ਦੁਨਿਆਵੀ ਪਦਾਰਥ ਲੁਭਾਇਮਾਨ ਨਹੀਂ ਕਰਦੇ ਪਰ ਇਨ੍ਹਾਂ ਗੁਣਾਂ ਨੂੰ ਪ੍ਰਾਪਤ ਕਰਨ ਲਈ ਵਿਅਕਤੀ ਨੂੰ ਗੁਰੂ ਦੀ ਸ਼ਰਨ ਵਿਚ ਜਾਣ ਦੀ ਲੋੜ ਹੈ। ਗੁਰੂ ਕਥਨ ਹੈ:

*ਗੁਰ ਮਿਲਿ ਚਜੁ ਅਚਾਰੁ ਸਿਖੁ ਤੁਧੁ ਕਦੇ ਨ ਲਗੈ ਦੁਖੁ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੫੦)*

(੬/੧੯੮੩)

# ਸਿੱਖੀ ਵਿਰਸੇ ਨੂੰ ਭੁੱਲੀ ਬੈਠੀ ਭੈਣ ਨੂੰ ਇਕ ਖ਼ਤ

*-ਸ. ਜਸਪਾਲ ਸਿੰਘ ਮਿਸ਼ਨਰੀ**

ਜਾਨ ਤੋਂ ਵੱਧ ਪਿਆਰੀਏ, ਭੁੱਲੜ ਭੈਣੇ!

ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਹ॥

ਭੈਣ! ਨਾਂ ਤੇਰਾ ਇਸ ਕਰਕੇ ਨਹੀਂ ਲਿਖਿਆ ਕਿਉਂਕਿ ਜੋ ਤੂੰ ਅੱਜ ਆਪਣਾ ਨਾਂ ਰੱਖ ਬੈਠੀ ਏਂ, ਲੈਂਦੇ ਨੂੰ ਮੈਨੂੰ ਸ਼ਰਮ ਆਉਂਦੀ ਏ। ਭੈਣੇ ਲਗਦਾ ਹੈ ਕਿ ਤੇਰਾ ਵੀ ਕੋਈ ਕਸੂਰ ਨਹੀਂ। ਜਿਸ ਦੇ ਵੀਰ ਹੀ ਪਤਿਤ ਹੋਣ, ਉਹ ਭੈਣ ਨੂੰ ਕਿਵੇਂ ਰੋਕਣ? ਪਰ ਭੈਣ, ਤੂੰ ਤਾਂ ਉਸ ਦੀ ਪੁੱਤਰੀ ਸੈਂ, ਜਿਸ ਮਾਤਾ ਨੇ ਆਪਣੇ ਭਟਕੇ ਹੋਏ ਵੀਰਾਂ ਨੂੰ ਪ੍ਰੇਰ-ਪ੍ਰੇਰ ਕੇ ਸ਼ਹੀਦੀ ਦੀ ਸਪਿਰਟ ਭਰੀ ਤੇ ਉਨ੍ਹਾਂ ਖਿਦਰਾਣੇ ਦੀ ਢਾਬ 'ਤੇ ਜਾ ਕੇ ਗੁਰੂ ਜੀ ਤੋਂ ਮਾਫੀ ਮੰਗੀ। ਪਰ ਪਤਾ ਨਹੀਂ ਲੱਗਾ ਕਿ ਤੂੰ ਕਿਹੜੀ ਗੱਲੋਂ ਡੋਲ ਗਈ ਏਂ?

ਭੈਣੇ! ਮੈਂ ਫੇਰ ਵੀ ਆਖਦਾ ਹਾਂ ਕਿ ਕਸੂਰ ਤੇਰਾ ਨਹੀਂ, ਕਸੂਰ ਤਾਂ ਸਾਡੇ ਮਾਪਿਆਂ ਦਾ, ਅਧਿਆਪਕਾਂ ਦਾ, ਸਾਡੇ ਪ੍ਰਮੁੱਖ ਅਦਾਰਿਆਂ ਦਾ ਅਤੇ ਕੁਰਸੀ ਖਾਤਰ ਧਰਮ ਵੇਚਣ ਵਾਲੇ ਅਖੌਤੀ ਲੀਡਰਾਂ ਦਾ ਹੈ, ਜਿਨ੍ਹਾਂ ਨੇ ਇਹ ਨਹੀਂ ਦੱਸਿਆ ਕਿ, ਤੈਨੂੰ ਇਸ ਧਾਰਮਿਕ ਜਗਤ ਵਿਚ ਸ਼ੂਦਰ, ਤਾੜਨ ਦੀ ਅਧਿਕਾਰੀ, ਬਘਿਆੜਨ, ਅਗਿਆਨਣ, ਪੈਰ ਦੀ ਜੁੱਤੀ, ਝੂਠ ਦੀ ਮੂਰਤ, ਪਾਪਾਂ ਤੇ ਦੁੱਖਾਂ ਦਾ ਕਾਰਨ, ਮਾਰੂ ਜ਼ਹਿਰ, ਨਸ਼ੀਲੀ ਸ਼ਰਾਬ ਅਤੇ ਹੋਰ ਪਤਾ ਨਹੀਂ ਕੀ ਕਹਿ-ਕਹਿ ਕੇ ਦੁਰਕਾਰਿਆ ਗਿਆ! ਤੂੰ ਮਨੁੱਖ ਦੀ ਦਾਸੀ ਬਣ ਕੇ ਸੇਵਾ ਕਰਦੀ ਰਹੀ, ਮਰੇ ਪਤੀ ਨਾਲ ਸੜ ਕੇ ਸਤੀ ਹੁੰਦੀ ਰਹੀ! ਦੇਵ ਦਾਸੀ ਬਣ ਕੇ ਪੁਜਾਰੀਆਂ ਦੀ ਹਵਸ ਦਾ ਸ਼ਿਕਾਰ ਹੁੰਦੀ ਰਹੀ ਅਤੇ ਤੈਨੂੰ ਪਸ਼ੂਆਂ ਦੀ ਤਰ੍ਹਾਂ ਖਰੀਦਿਆ ਅਤੇ ਵੇਚਿਆ ਜਾਂਦਾ ਰਿਹਾ। ਤੈਨੂੰ ਪਰਦੇ ਵਿਚ ਰੱਖਿਆ ਗਿਆ ਤੇ ਧਰਮ ਅਸਥਾਨਾਂ ਵਿਚ ਵੜਨ ਨਾ ਦਿੱਤਾ ਗਿਆ! ਤੈਨੂੰ ਧਰਮ ਕਰਮ ਨਾ ਕਰਨ ਦਿੱਤੇ ਗਏ! ਤੈਨੂੰ ਆਖਦੇ ਰਹੇ ਕਿ ਤੂੰ ਮੁਕਤੀ ਹੀ ਪ੍ਰਾਪਤ ਨਹੀਂ ਕਰ ਸਕਦੀ!

ਭੈਣੇ! ਤੈਨੂੰ ਕਿਸੇ ਨੇ ਇਹ ਵੀ ਨਹੀਂ ਦੱਸਿਆ ਕਿ ਗੁਰੂ ਨਾਨਕ ਸਾਹਿਬ ਜੀ ਨੇ ਸਿੱਖ ਧਰਮ ਵਿਚ ਤੈਨੂੰ ਪੁਰਖ ਦੇ ਬਰਾਬਰ ਦਾ ਦਰਜਾ ਦੇ ਕੇ ਇਕ ਇਨਕਲਾਬੀ ਕੰਮ ਕੀਤਾ। ਤੂੰ ਇਸ ਫੈਸ਼ਨ ਦੇ ਜ਼ਮਾਨੇ ਵਿਚ ਪੜ੍ਹਨ-ਸੁਣਨ ਦੀ ਕੋਸ਼ਿਸ਼ ਨਹੀਂ ਕੀਤੀ ਕਿ ਮਨੁੱਖ ਦੇ ਜੀਵਨ ਵਿਚ ਕਿਸੇ ਨਾ ਕਿਸੇ ਰੂਪ ਵਿਚ ਇਸਤਰੀ ਜਾਤੀ ਦਾ ਬਹੁਤ ਹੀ ਮਹੱਤਵਪੂਰਨ ਰੋਲ ਅਦਾ ਹੋ ਰਿਹਾ ਹੈ। ਤੇਰੀ ਖਾਤਰ ਹੀ ਤਾਂ ਗੁਰੂ ਨੇ ਫੁਰਮਾਇਆ- *ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥*

ਮੇਰੀਏ ਭੈਣੇ! ਸਿੱਖ ਧਰਮ ਨੇ ਤੇਰੇ ਹੱਕ ਵਿਚ ਸਤੀ ਪ੍ਰਥਾ ਦਾ ਘੋਰ ਵਿਰੋਧ ਕੀਤਾ ਤੇ ਸਿੱਖ ਇਸਤਰੀਆਂ ਨੂੰ ਘੁੰਡ ਦੀ ਮਨਾਹੀ ਕੀਤੀ। ਪਤੀ ਦੀ ਮੌਤ ਮਗਰੋਂ ਹੋਰ ਵਿਆਹ ਦੀ

ਇਜਾਜ਼ਤ ਦਿੱਤੀ। ਸ੍ਰੀ ਗੁਰੂ ਅਮਰਦਾਸ ਜੀ ਨੇ ਇਸਤਰੀਆਂ ਨੂੰ ਪ੍ਰਚਾਰਕ ਨਿਯੁਕਤ ਕੀਤਾ। ਜਿੱਥੇ ਸਿੱਖ ਇਸਤਰੀਆਂ ਅੰਮ੍ਰਿਤ ਛਕਦੀਆਂ ਤੇ ਸਿੱਖੀ ਨਿਭਾਉਂਦੀਆਂ ਹਨ, ਉੱਥੇ ਆਪਣੇ ਭਰਾਵਾਂ ਨਾਲ ਰਲ ਕੇ ਜੰਗਾਂ-ਯੁੱਧਾਂ ਵਿਚ ਵੀ ਹਿੱਸਾ ਲੈਂਦੀਆਂ ਰਹੀਆਂ ਅਤੇ ਰਾਜ-ਕਾਜ ਚਲਾਉਂਦੀਆਂ ਰਹੀਆਂ ਹਨ।

ਪਰ ਭੈਣੇ! ਲਗਦੈ ਤੈਨੂੰ ਵੀ ਅੱਜ ਟੀ. ਵੀ. ਨੇ ਤੇਰੇ ਸਹੀ ਰਸਤੇ ਤੋਂ ਪਰ੍ਹੇ ਕਰ ਦਿੱਤਾ ਹੈ। ਮੈਂ ਤੇਰੇ ਟੀ.ਵੀ. ਦੇਖਣ ਦੇ ਖ਼ਿਲਾਫ ਨਹੀਂ। ਖ਼ਬਰਾਂ ਅਤੇ ਗਿਆਨ-ਵਧਾਊ ਪ੍ਰੋਗਰਾਮ ਵੇਖਣ ਵਿਚ ਕੋਈ ਹਰਜ਼ ਨਹੀਂ। ਪਰ ਭੈਣੇ! ਅੱਜ ਟੀ. ਵੀ. 'ਤੇ ਫਿਲਮਾਂ ਵਿਚ ਪ੍ਰੋਗਰਾਮ ਪੇਸ਼ ਕਰਨ ਵਾਲੀਆਂ ਐਕਟਰੈਸਾਂ, ਜੋ ਖੁਲ੍ਹ ਕੇ ਸਰੀਰ ਦੀ ਨੁਮਾਇਸ਼ ਕਰਦੀਆਂ ਹਨ, ਦੇ ਅਸਰ ਹੇਠ ਆ ਕੇ ਫੈਸ਼ਨਪ੍ਰਸਤੀ ਦੀ ਦੌੜ ਵਿਚ ਸ਼ਾਮਲ ਹੋ ਗਈ ਤੇ ਭਰਵੱਟੇ ਕਟਵਾ ਬੈਠੀ, ਗੁੱਤ ਪਤਾ ਨਹੀਂ ਕਿੱਥੋਂ ਲੁਹਾ ਆਈ ਤੇ ਤੂੰ ਐਸੇ ਪੁੱਠੇ ਸਿੱਧੇ-ਲਿਬਾਸ ਪਹਿਨਣ ਲੱਗ ਪਈ ਜਿਸ ਨੂੰ ਤੱਕ ਕੇ ਤੇਰੇ ਵੀਰਾਂ ਦਾ ਸਿਰ ਨੀਵਾਂ ਹੋ ਗਿਆ।

ਮੇਰੀਏ ਭੈਣੇ! ਇਸ ਸਿੱਖੀ ਦੀ ਖਾਤਰ ਮਾਤਾਵਾਂ ਨੇ ਜ਼ਾਲਮਾਂ ਦੀਆਂ ਜੇਲ੍ਹਾਂ ਅੰਦਰ ਸਵਾ-ਸਵਾ ਮਣ ਦੇ ਪੀਸਣੇ ਪੀਸੇ, ਬੱਚੇ ਟੋਟੇ ਕਰਵਾ ਕੇ ਝੋਲੀਆਂ ਵਿਚ ਪੁਆਏ, ਬੱਚੇ ਮਾਤਾਵਾਂ ਦੇ ਸਾਹਮਣੇ ਨੇਜਿਆਂ 'ਤੇ ਟੰਗੇ ਗਏ, ਗਲਾਂ ਵਿਚ ਬੱਚਿਆਂ ਦੇ ਟੋਟੇ ਕਰਵਾ ਕੇ ਹਾਰ ਪੁਆਏ, ਪਰ ਸਿਦਕ ਨਹੀਂ ਹਾਰਿਆ। ਸਿੱਖੀ ਧਰਮ ਪਾਲਿਆ ਤੇ ਅੱਜ ਸਾਰਾ ਜੱਗ ਉਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ (ਯਾਦ ਕਰਕੇ) 'ਬੋਲੋ ਜੀ ਵਾਹਿਗੁਰੂ' ਕਹਿ ਰਿਹਾ ਹੈ। ਪਰ ਭੈਣੇ! ਤੂੰ ਆਪ ਦੱਸ! ਜਿਹੜੀਆਂ ਭੈਣਾਂ ਨੇ ਸਵਾ-ਸਵ ਮਣ ਪਾਊਡਰ ਲਾਏ, ਬੱਚੇ ਟੈਲੀਵੀਜ਼ਨ ਮੂਹਰੇ ਬਿਠਾਏ, ਬੱਚਿਆਂ ਨੂੰ ਪਟਕੇ-ਟੋਪੀਆਂ ਪੁਆਈਆਂ, ਕੰਨ ਪੜ੍ਹਵਾਏ, ਸਿੱਖੀ ਸਿਦਕ ਹਾਰਿਆ, ਧਰਮ ਨਹੀਂ ਪਾਲਿਆ, ਉਨ੍ਹਾਂ ਨੂੰ ਦੇਖ ਕੇ ਕੀ ਕਹੀਏ.?

ਭੈਣੇ! ਤੂੰ ਹੀ ਦੱਸ, ਜੇ ਮੈਂ ਕਿਸੇ ਭੈਣ ਨੂੰ 'ਸਿਰ ਮੁੰਨੀਂ' ਆਖਾਂ ਜਾਂ 'ਤੇਰੇ ਸਿਰ ਖੇਹ ਪਵੇ', ਕਹਾਂ ਤਾਂ ਮੈਨੂੰ ਕੋਈ ਭੈਣ ਚੰਗਾ ਸਮਝੇਗੀ? ਫਿਰ ਤੂੰ ਸੋਚ, ਸਿਰ ਤੋਂ ਕੇਸ ਕਤਲ ਕਰਵਾ ਕੇ ਤੂੰ ਆਪ ਹੀ ਸਿਰ-ਮੁੰਨੀਂ ਨਹੀਂ ਹੋ ਗਈ ਅਤੇ ਤੂੰ ਹੀ ਦਸ ਗਲੀਆਂ ਬਜ਼ਾਰਾਂ ਵਿੱਚੋਂ ਉਡ ਉਡ ਕੇ ਤੇਰੇ ਨੰਗੇ ਸਿਰ 'ਤੇ ਖੇਹ ਨਹੀਂ ਪੈ ਰਹੀ?

ਮੇਰੀਏ ਭੈਣੇ! ਹੁਣ ਹੀ ਸਮਝ ਤੇ ਛੱਡ ਆਪਣੀਆਂ ਉਨ੍ਹਾਂ ਸਾਥਣਾਂ ਨੂੰ ਜੋ ਤੈਨੂੰ ਸਿੱਖੀ ਤੋਂ ਲਾਂਭੇ ਲੈ ਗਈਆਂ ਹਨ। ਆਪਣੇ ਘਰ ਆ ਤੇ ਪਤਿਤ ਹੋਏ ਵੀਰਾਂ ਨੂੰ ਵੀ ਮਾਤਾ ਭਾਗ ਕੌਰ ਵਾਂਗ ਪ੍ਰੇਰ। ਇਹ ਕਾਰਜ ਤੂੰ ਫੇਰ ਹੀ ਕਰ ਸਕਦੀ ਏਂ, ਜੇ ਪਹਿਲਾਂ ਆਪ ਖੰਡੇ ਦੀ ਪਾਹੁਲ ਲਵੇਂ ਤੇ ਸਿੱਖੀ ਵਿਚਾਰਧਾਰਾ ਨਾਲ ਜੁੜੇਂ। ਸਿਆਣਿਆਂ ਦਾ ਕਹਿਣਾ ਹੈ ਕਿ ਸਵੇਰ ਦਾ ਭੁੱਲਿਆ ਜੇ ਸ਼ਾਮ ਨੂੰ ਘਰ ਆ ਜਾਵੇ ਤਾਂ ਉਸ ਨੂੰ ਭੁੱਲਿਆ ਨਹੀਂ ਕਹਿੰਦੇ। ਤੇਰੇ ਘਰ ਆਉਣ ਵਿਚ ਤੇਰੇ ਵੀਰ ਦਾ ਸਿਰ ਉੱਚਾ ਹੈ!

ਤੇਰਾ ਵੀਰ,

ਜਸਪਾਲ ਸਿੰਘ (ਮਿਸ਼ਨਰੀ)

ਜਨਵਰੀ ੨੦੨੫ ਦਾ ਬਾਕੀ:

# ਇਤਿਹਾਸ ਸਿੱਖ ਰਹਿਤ ਮਰਯਾਦਾ

## (ਰਹਿਤਨਾਮਿਆਂ ਤੋਂ ਸਿੱਖ ਰਹਿਤ ਮਰਯਾਦਾ ਤਕ ਦਾ ਸਫ਼ਰ)

*-ਸ. ਗੁਰਚਰਨਜੀਤ ਸਿੰਘ ਲਾਂਬਾ**

### ੧ ਅਕਤੂਬਰ, ੧੯੩੨

ਪ੍ਰੋ. ਤੇਜਾ ਸਿੰਘ ਜੀ, ਕਨਵੀਨਰ, ਰਹੁ-ਰੀਤ ਸਬ-ਕਮੇਟੀ ਨੇ ਖਰੜੇ 'ਤੇ ਪ੍ਰਾਪਤ ਹੋਏ ਸੁਝਾਵਾਂ ਦੇ ਅਨਰੂਪ ਆਪਣੀ ਰਿਪੋਰਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪੀ।

### ੨੯ ਅਕਤੂਬਰ, ੧੯੩੩

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ੧੯੩੩ ਦੀ ਦੂਜੀ ਇਕੱਤ੍ਰਤਾ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸ. ਪਰਤਾਪ ਸਿੰਘ ਜੀ ਦੀ ਪ੍ਰਧਾਨਗੀ ਹੇਠ ਅਰੰਭ ਹੋਈ ਜਿਸ ਵਿਚ ੧੧੮ ਮੈਂਬਰ ਸ਼ਾਮਲ ਸਨ। ਸ. ਪਰਤਾਪ ਸਿੰਘ ਕੇਂਦਰੀ ਮੰਤਰੀ ਸਰਦਾਰ ਸਵਰਨ ਸਿੰਘ ਦੇ ਪਿਤਾ ਸਨ।

ਇਸ ਇਕੱਤ੍ਰਤਾ ਵਿਚ ਪ੍ਰਿੰਸੀਪਲ ਗੰਗਾ ਸਿੰਘ ਜੀ ਦੀ ਤਜਵੀਜ਼ 'ਤੇ ਸ. ਦਲਜੀਤ ਸਿੰਘ ਜੀ ਦੀ ਤਾਈਦ 'ਤੇ ਪੇਸ਼ ਹੋ ਕੇ ਪ੍ਰਵਾਨ ਹੋਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹਰ ਇਕ ਮੈਂਬਰ ਪ੍ਰਣ ਕਰੇਗਾ ਕਿ ਮੈਂ ਸ਼ਰਾਬ, ਭੰਗ ਅਤੇ ਅਫ਼ੀਮ ਨਹੀਂ ਪੀਂਦਾ ਜਾਂ ਖਾਂਦਾ ਅਤੇ ਮੈਂ ਬਾਣੀ ਪੜ੍ਹਿਆ ਕਰਾਂਗਾ। ਇਸ ਦੇ ਨਾਲ ਹੀ ਇਹ ਵੀ ਪ੍ਰਵਾਨ ਕੀਤਾ ਗਿਆ ਕਿ ਜਿਹੜਾ ਮੈਂਬਰ ਇਹ ਪ੍ਰਣ-ਪੱਤਰ ਨਹੀਂ ਭਰੇਗਾ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਵਾਈ ਵਿਚ ਹਿੱਸਾ ਨਹੀਂ ਲੈ ਸਕੇਗਾ।

ਇਸ ਤੋਂ ਉਸ ਸਮੇਂ ਗੁਰਦੁਆਰਾ ਪ੍ਰਬੰਧ ਲਈ ਚੁਣੇ ਜਾਣ ਵਾਲੇ ਪ੍ਰਬੰਧਕਾਂ ਦੇ ਮਿਆਰ ਦਾ ਅੰਦਾਜ਼ਾ ਲਗਦਾ ਹੈ। *(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੰਜਾਹ ਸਾਲਾ ਇਤਿਹਾਸ, ਪੰਨਾ ੧੦੮)*

### ੩੦ ਦਸੰਬਰ, ੧੯੩੩

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਉਚੇਚਾ ਜਨਰਲ ਸਮਾਗਮ ਅਤੇ ਆਲ ਪਾਰਟੀ ਕਾਨਫ਼ਰੰਸ ੩੦ ਦਸੰਬਰ, ੧੯੩੩ ਈ. ਮੁਤਾਬਿਕ ੧੬ ਪੋਹ, ੪੬੫ ਨਾਨਕਸ਼ਾਹੀ, ਸ਼ਨਿਚਰਵਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਰਦਾਰ ਪ੍ਰਤਾਪ ਸਿੰਘ ਜੀ ਸ਼ੰਕਰ ਦੀ ਪ੍ਰਧਾਨਗੀ ਹੇਠ ਹੋਇਆ। ਇਸ ਦੇ ਨਾਲ ਹੀ ਇਸ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦੇ ਇਲਾਵਾ ਵੱਖ-ਵੱਖ ਜਥੇਬੰਦੀਆਂ, ਸੰਪ੍ਰਦਾਵਾਂ, ਵਿਦਵਾਨਾਂ ਆਦਿ

** New Jersey. USA. Mo: +1 9736990950 Email: santsipahi@gmail.com*

ਨੇ ਹਾਜ਼ਰੀ ਭਰੀ। ਇਸ ਵਿਚ ਸ਼ਾਮਲ ਹੋਣ ਵਾਲੇ ਇਸ ਤਰ੍ਹਾਂ ਸਨ:-

੧. ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਹਿਸਾਰ, ਅੰਬਾਲਾ, ਕਾਂਗੜਾ, ਹੁਸ਼ਿਆਰਪੁਰ, ਲੁਧਿਆਣਾ, ਫ਼ੀਰੋਜ਼ਪੁਰ, ਲਾਹੌਰ, ਅੰਮ੍ਰਿਤਸਰ, ਗੁਰਦਾਸਪੁਰ, ਸਿਆਲਕੋਟ, ਗੁਜਰਾਂਵਾਲਾ, ਸ਼ੇਖੂਪੁਰਾ, ਗੁਜਰਾਤ, ਸ਼ਾਹਪੁਰ, ਰਾਵਲਪਿੰਡੀ, ਮਿੰਟਗੁਮਰੀ, ਲਾਇਲਪੁਰ, ਮੁਜ਼ੱਫਰਗੜ੍ਹ ਤੇ ਡੇਰਾ ਇਸਮਾਈਲ ਖਾਂ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ੮੦ ਮੈਂਬਰ ਹਾਜ਼ਰ ਹੋਏ।

੨. ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੀਤ ਜਥੇਦਾਰ ਮੋਹਨ ਸਿੰਘ ਜੀ, ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਭਾਈ ਸਾਹਿਬ ਭਾਈ ਕਰਤਾਰ ਸਿੰਘ ਜੀ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਪ੍ਰਤਾਪ ਸਿੰਘ ਜੀ ਵੀ ਸ਼ਾਮਲ ਹੋਏ।

੩. ਰਿਆਸਤ ਪਟਿਆਲਾ ਵੱਲੋਂ ਸ. ਆਤਮਾ ਸਿੰਘ ਜੀ ਅਤੇ ਦੋ ਨਾਮਜ਼ਦ ਮੈਂਬਰ ਸ਼ਾਮਲ ਹੋਏ।

੪. ਇਸ ਦੇ ਨਾਲ ਹੀ ਵੱਖ-ਵੱਖ ਜਥਿਆਂ ਖਾਲਸਾ ਦੀਵਾਨ ਬਾਰ, ਗੜਗੱਜ ਅਕਾਲੀ ਦੀਵਾਨ, ਸੈਂਟਰਲ ਮਾਝਾ ਦੀਵਾਨ, ਗੁਰੂ ਨਾਨਕ ਖ਼ਾਲਸਾ ਕਾਲਜ ਗੁਜਰਾਂਵਾਲਾ, ਖ਼ਾਲਸਾ ਕਾਲਜ ਅੰਮ੍ਰਿਤਸਰ, ਉਦਾਸੀਨ ਮਹਾਂ ਮੰਡਲ, ਖ਼ਾਲਸਾ ਬਰਾਦਰੀ ਅੰਮ੍ਰਿਤਸਰ, ਸ਼੍ਰੋਮਣੀ ਖ਼ਾਲਸਾ ਮਾਲਵਾ ਦੀਵਾਨ, ਖ਼ਾਲਸਾ ਯੂਥ ਲੀਗ, ਮੁੜ ਵਿਚਾਰਨੀ ਸਭਾ ਦੇ ਨੁਮਾਇੰਦੇ ਸ਼ਾਮਲ ਸਨ।

੫. ਸ਼੍ਰੋਮਣੀ ਅਕਾਲੀ ਦਲ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ।

੬. ਰਹੁ-ਰੀਤੀ ਕਮੇਟੀ ਦੇ ਮੈਂਬਰ।

੭. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਚਾਰਕ ਤੇ ਪੁਰਾਣੇ ਵਿਦਿਆਰਥੀ।

੮. ਅਕਾਲੀ ਜਥੇ।

੯. ਸਿੰਘ ਸਭਾਵਾਂ।

੧੦. ਅਖ਼ਬਾਰਾਂ ਦੇ ਨੁਮਾਇੰਦੇ।

੧੧. ਨਾਮਜ਼ਦ ਮੈਂਬਰ।

## (ੳ) ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

### ਜ਼ਿਲ੍ਹਾ ਹਿਸਾਰ

੧. ਸ. ਮੇਹਰ ਸਿੰਘ ਜੀ

੨. ਸ. ਕਿਸ਼ਨ ਸਿੰਘ ਜੀ

### ਜ਼ਿਲ੍ਹਾ ਅੰਬਾਲਾ

੩. ਸ. ਬਚਨ ਸਿੰਘ ਜੀ, ੪. ਸ. ਅਜੀਤ ਸਿੰਘ ਜੀ ਜ਼ਿਲ੍ਹਾ ਕਾਂਗੜਾ, ੫. ਸ. ਵਲੀ ਸਿੰਘ ਜੀ, ੬. ਸ. ਠੋਹਲਾ ਸਿੰਘ ਜੀ, ੭. ਸ. ਦਲੀਪ ਸਿੰਘ ਜੀ, ੮. ਸ. ਬਤਨ ਸਿੰਘ ਜੀ, ੯. ਸ. ਮਾਲਾ ਸਿੰਘ ਜੀ ਜ਼ਿਲ੍ਹਾ ਜਲੰਧਰ, ੧੦. ਸ. ਭੋਲਾ ਸਿੰਘ ਜੀ, ੧੧.

ਸ. ਨਰਿੰਦਰ ਸਿੰਘ ਜੀ, ੧੨. . ਲਾਭ ਸਿੰਘ ਜੀ, ੧੩. ਸ. ਥੰਮਣ ਸਿੰਘ ਜੀ, ੧੪. ਸ. ਰਛਪਾਲ ਸਿੰਘ ਜੀ, ੧੫. ਸ. ਬਖਸ਼ੀਸ਼ ਸਿੰਘ ਜੀ, ੧੬. ਸ. ਬਲਵੰਤ ਸਿੰਘ ਜੀ

## ਜ਼ਿਲ੍ਹਾ ਲੁਧਿਆਣਾ

੧੭. ਸ. ਰਾਮ ਸਿੰਘ ਜੀ, ੧੮. ਸ. ਹਰਦਿਤ ਸਿੰਘ ਜੀ, ੧੯. ਸ. ਸੁੰਦਰ ਸਿੰਘ ਜੀ, ੨੦. ਸ. ਲਾਲ ਸਿੰਘ ਜੀ, ੨੧. ਸ. ਗੁਰਨਾਮ ਸਿੰਘ ਜੀ, ੨੨. ਸ. ਅਲਬੇਲ ਸਿੰਘ ਜੀ, ੨੩. ਸ. ਮੰਗਲ ਸਿੰਘ ਜੀ, ੨੪, ਸ. ਸੁਖਦੇਵ ਸਿੰਘ ਜੀ

## ਜ਼ਿਲ੍ਹਾ ਫਿਰੋਜ਼ਪੁਰ

੨੫. ਸ. ਨਰਿੰਜਨ ਸਿੰਘ ਜੀ, ੨੬. ਗਿ. ਸ਼ੇਰ ਸਿੰਘ ਜੀ, ੨੭. ਸ. ਦੇਵ ਸਿੰਘ ਜੀ, ੨੮. ਸ. ਟਹਿਲ ਸਿੰਘ ਜੀ, ੨੯. ਸ. ਗੰਗਾ ਸਿੰਘ ਜੀ, ੩੦. ਸ. ਈਸ਼ਰ ਸਿੰਘ ਜੀ, ੩੧. ਸ. ਕੁੰਢਾ ਸਿੰਘ ਜੀ, ੩੨, ਸ. ਦਰਬਾਰਾ ਸਿੰਘ ਜੀ, ੩੩. ਸ. ਈਸ਼ਰ ਸਿੰਘ ਜੀ

## ਜ਼ਿਲ੍ਹਾ ਲਾਹੌਰ

੩੪. ਸ. ਹਰਨਾਮ ਸਿੰਘ ਜੀ, ੩੫. ਸ. ਆਸਾ ਸਿੰਘ ਜੀ, ੩੬. ਸ. ਵਰਿਆਮ ਸਿੰਘ ਜੀ, ੩੭, ਸ. ਜਗਤ ਸਿੰਘ ਜੀ, ੩੮. ਸ. ਤੇਜਾ ਸਿੰਘ ਜੀ, ੩੯. ਸ. ਲਛਮਣ ਸਿੰਘ ਜੀ, ੪੦. ਸ. ਚੰਨਣ ਸਿੰਘ ਜੀ

## ਜ਼ਿਲ੍ਹਾ ਸ੍ਰੀ ਅੰਮ੍ਰਿਤਸਰ

੪੧. ਸ. ਮੱਘਰ ਸਿੰਘ ਜੀ, ੪੨. ਸ. ਰੂੜ ਸਿੰਘ ਜੀ, ੪੩. ਸ. ਜਗਤ ਸਿੰਘ ਜੀ, ੪੪. ਸ. ਸਰਮੁਖ ਸਿੰਘ ਜੀ, ੪੫. ਸ. ਸੁੰਦਰ ਸਿੰਘ ਜੀ, ੪੬. ਸ. ਗੁਰਬਖਸ਼ ਸਿੰਘ ਜੀ, ੪੭. ਸ. ਕਰਤਾਰ ਸਿੰਘ ਜੀ, ੪੮. ਭਾਈ ਮੋਹਨ ਸਿੰਘ ਜੀ, ੪੯. ਸ. ਜਸਵੰਤ ਸਿੰਘ ਜੀ ਝਬਾਲ, ੫੦. ਸ. ਪ੍ਰਤਾਪ ਸਿੰਘ ਜੀ ਜ਼ਿਲ੍ਹਾ ਗੁਰਦਾਸਪੁਰ, ੫੧. ਸ. ਭਾਗ ਸਿੰਘ ਜੀ ਵਕੀਲ, ੫੨. ਸ. ਸ਼ਿਵ ਸਿੰਘ ਜੀ, ੫੩. ਸ. ਗੁਰਦਿਤ ਸਿੰਘ ਜੀ, ੫੪. ਸ. ਤੇਜਾ ਸਿੰਘ ਜੀ ਅਕਰਪੁਰੀ, ੫੫. ਸ. ਮੇਹਰ ਸਿੰਘ ਜੀ ਜ਼ਿਲ੍ਹਾ ਸਿਆਲਕੋਟ, ੫੬. ਸ. ਸੁੰਦਰ ਸਿੰਘ ਜੀ ਰਸਾਲਦਾਰ, ੫੭. ਸ. ਬਲਵੰਤ ਸਿੰਘ ਜੀ, ੫੮. ਸ. ਗੁਰਬਖਸ਼ ਸਿੰਘ ਜੀ, ੫੯, ਸ. ਗੁਰਚਰਨ ਸਿੰਘ ਜੀ ਵਕੀਲ

## ਜ਼ਿਲ੍ਹਾ ਗੁਜਰਾਂਵਾਲਾ

੬੦, ਸ. ਅਵਤਾਰ ਸਿੰਘ ਜੀ ਬੈਰਿਸਟਰ

੬੧. ਸ. ਤਾਰਾ ਸਿੰਘ ਜੀ

## ਜ਼ਿਲ੍ਹਾ ਸ਼ੇਖ਼ੂਪੁਰਾ

੬੨. ਭਾਈ ਕਰਤਾਰ ਸਿੰਘ ਜੀ ਝੱਬਰ, ੬੩. ਸ. ਰਾਮ ਸਿੰਘ ਜੀ, ੬੪. ਸ. ਗਹਿਣਾ ਸਿੰਘ ਜੀ

## ਜ਼ਿਲ੍ਹਾ ਗੁਜਰਾਤ

੬੫. ਸ. ਜਗਤ ਸਿੰਘ ਜੀ ਵਾ ਜ਼ਿਲ੍ਹਾ ਸ਼ਾਹ ਪੁਰ, ੬੬. ਸ. ਲਾਭ ਸਿੰਘ ਜੀ, ੬੭. ਸ. ਬਲਬੀਰ ਸਿੰਘ ਜੀ ਵਕੀਲ

**ਜ਼ਿਲ੍ਹਾ ਰਾਵਲਪਿੰਡੀ**

੬੮. ਸ. ਬਲਵੰਤ ਸਿੰਘ ਜੀ

੬੯. ਸ. ਗੁਪਾਲ ਸਿੰਘ ਜੀ

**ਜ਼ਿਲ੍ਹਾ ਮਿੰਟਗੁਮਰੀ**

੭੦. ਸ. ਸਤਵੰਤ ਸਿੰਘ ਜੀ, ੭੧. ਸ. ਮੱਲ ਸਿੰਘ ਜੀ, ੭੨. ਸ. ਸ਼ੇਰ ਸਿੰਘ ਜੀ ਜ਼ਿਲ੍ਹਾ ਲਾਇਲਪੁਰ

**ਜ਼ਿਲ੍ਹਾ ਲਾਇਲਪੁਰ**

੭੩. ਸ. ਪਸ਼ੌਰਾ ਸਿੰਘ ਜੀ, ੭੪. ਸ. ਗੁਪਾਲ ਸਿੰਘ ਜੀ, ੭੫. ਸ. ਦੀਦਾਰ ਸਿੰਘ ਜੀ, ੭੬. ਸ. ਉਜਾਗਰ ਸਿੰਘ ਜੀ, ੭੭. ਸ. ਜਵਾਲਾ ਸਿੰਘ ਜੀ, ੭੮. ਸ. ਤਾਰਾ ਸਿੰਘ ਜੀ, ੭੯. ਸ. ਦਲਜੀਤ ਸਿੰਘ ਜੀ

**ਜ਼ਿਲ੍ਹਾ ਮੁਜ਼ੱਫ਼ਰ ਗੜ੍ਹ ਤੋਂ ਡੇਰਾ ਇਸਮਾਈਲ ਖਾਂ**

੮੦. ਸ. ਅਜਾਇਬ ਸਿੰਘ ਜੀ

**ਹੈੱਡ ਮਨਿਸਟਰਸ**

੮੧. ਭਾਈ ਸਾਹਿਬ ਕਰਤਾਰ ਸਿੰਘ ਜੀ, ਸ੍ਰੀ ਦਰਬਾਰ ਸਾਹਿਬ, ੮੨. ਭਾਈ ਮੋਹਣ ਸਿੰਘ ਜੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ੮੩. ਜਥੇਦਾਰ ਪ੍ਰਤਾਪ ਸਿੰਘ ਜੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ

**ਰਿਆਸਤ ਪਟਿਆਲਾ**

੮੪. ਸ. ਆਤਮਾ ਸਿੰਘ ਜੀ

**ਨਾਮਜ਼ਦ ਮੈਂਬਰ**

੮੫. ਸ. ਅਮਰ ਸਿੰਘ ਜੀ, ੮੬, ਸ. ਤਾਰਾ ਸਿੰਘ ਜੀ, ੮੭. ਸ. ਪ੍ਰਤਾਪ ਸਿੰਘ ਜੀ, ੮੮. ਪ੍ਰੋ. ਗੰਗਾ ਸਿੰਘ ਜੀ, ੮੯. ਸ. ਨਰੈਣ ਸਿੰਘ ਜੀ, ੯੦. ਭਾਈ ਪਿਆਰਾ ਸਿੰਘ ਜੀ, ੯੧. ਸ. ਅਮਰ ਸਿੰਘ ਜੀ

**(ਅ) ਹੋਰ ਜਥਿਆਂ ਵੱਲੋਂ ਸ਼ਾਮਲ ਹੋਏ ਪ੍ਰਤੀਨਿਧ**

**ਖਾਲਸਾ ਦੀਵਾਨ ਬਾਰ**

੯੨. ਭਾ. ਰਣਜੀਤ ਸਿੰਘ ਜੀ, ੯੩. ਡਾ. ਇੰਦਰ ਸਿੰਘ ਜੀ, ੯੪. ਸ. ਸਰਦੂਲ ਸਿੰਘ ਜੀ

**ਗੜਗੱਜ ਅਕਾਲੀ ਦੀਵਾਨ**

੯੫, ਭਾਈ ਤੇਜਾ ਸਿੰਘ ਜੀ, ੯੬. ਭਾਈ ਲਾਭ ਸਿੰਘ ਜੀ, ੯੭, ਭਾਈ ਲਛਮਣ ਸਿੰਘ ਜੀ, ੯੮. ਭਾਈ ਮੋਹਰ ਸਿੰਘ ਜੀ ਸੈਂਟਰਲ ਮਾਝਾ ਦੀਵਾਨ, ੯੯.

ਸ. ਲੋਚਨ ਸਿੰਘ ਜੀ, ੧੦੦. ਸ. ਕ੍ਰਿਪਾਲ ਸਿੰਘ ਜੀ

**ਗੁਰੂ ਨਾਨਕ ਖ਼ਾਲਸਾ ਕਾਲਜ ਗੁਜਰਾਂਵਾਲਾ**

੧੦੧. ਸ. ਨਰੈਣ ਸਿੰਘ ਜੀ

**ਖ਼ਾਲਸਾ ਕਾਲਜ ਅੰਮ੍ਰਿਤਸਰ**

੧੦੨. ਸ. ਗੰਡਾ ਸਿੰਘ ਜੀ ਕੇਵਲ, ੧੦੩. ਪ੍ਰੋ. ਤੇਜਾ ਸਿੰਘ ਜੀ

**ਉਦਾਸੀਨ ਮਹਾਂ ਮੰਡਲ**

੧੦੪. ਸਵਾਮੀ ਰਾਜ ਕੁਮਾਰ ਤੀਰਥ ਐਡੀਟਰ 'ਮਹਾਤਮਾ ਸਮਾਚਾਰ' ਅੰਮ੍ਰਿਤਸਰ

**ਖ਼ਾਲਸਾ ਬਰਾਦਰੀ ਅੰਮ੍ਰਿਤਸਰ**

੧੦੫. ਸ. ਲੱਖਾ ਸਿੰਘ ਜੀ

**ਸ਼੍ਰੋਮਣੀ ਖ਼ਾਲਸਾ ਮਾਲਵਾ ਦੀਵਾਨ**

੧੦੬. ਭਾਈ ਮਹਿੰਦਰ ਸਿੰਘ ਜੀ, ੧੦੭. ਭਾਈ ਜਗਜੀਤ ਸਿੰਘ ਜੀ, ੧੦੮. ਭਾਈ ਬਚਿਤ੍ਰ ਸਿੰਘ ਜੀ ਖ਼ਾਲਸਾ ਯੂਥ ਲੀਗ, ੧੦੯. ਸ. ਜਗਜੀਤ ਸਿੰਘ ਜੀ ਫ਼ਿਰੋਜ਼ਪੁਰ, ਸ਼੍ਰੋਮਣੀ ਰਾਧਾ ਸਵਾਮੀ ਮਤ ਵਿਚਾਰਨੀ ਸਭਾ, ੧੧੦. ਗਿ. ਹਰਚਰਨ ਸਿੰਘ ਜੀ, ੧੧੧. ਗਿ. ਭਗਤ ਸਿੰਘ ਜੀ

**(ੲ) ਹੋਰ ਪ੍ਰਤਿਸ਼ਠਤ ਸੱਜਣ**

੧੧੨, ਗਿ. ਸਾਹਿਬ ਸਿੰਘ ਜੀ ਧਮਧਾਨ, ੧੧੩. ਸ. ਉਜਾਗਰ ਸਿੰਘ ਜੀ, ੧੧੪. ਸ. ਜਗਤ ਸਿੰਘ ਜੀ ਮੋਗਾ, ੧੧੫. ਭਾਈ ਅਮਰੀਕ ਸਿੰਘ ਜੀ ਚੂਨੇ ਵਾਲਾ, ਗੁਜਰਾਂਵਾਲਾ, ੧੧੬. ਭਾਈ ਅਮਰ ਸਿੰਘ ਜੀ 'ਖ਼ਾਲਸਾ', ੧੧੭. ਸ. ਸਾਹਿਬ ਸਿੰਘ ਜੀ ਖਾ: ਕਾਲਜ, ੧੧੮. ਪ੍ਰੋ. ਸ਼ਮਸ਼ੇਰ ਸਿੰਘ ਜੀ ਪਸਰੂਰ

**(ਸ) ਰਹੁ-ਰੀਤ ਕਮੇਟੀ ਦੇ ਮੈਂਬਰ**

੧੧੯. ਗਿ. ਠਾਕੁਰ ਸਿੰਘ ਜੀ ਅੰਮ੍ਰਿਤਸਰ, ੧੨੦. ਭਾਈ ਕਾਹਨ ਸਿੰਘ ਜੀ ਨਾਭਾ, ੧੨੧. ਭਾਈ ਸਾਹਿਬ ਲਾਭ ਸਿੰਘ ਜੀ, ਗ੍ਰੰਥੀ ਦਰਬਾਰ ਸਾਹਿਬ, ੧੨੨. ਬਾਵਾ ਹਰਕਿਸ਼ਨ ਸਿੰਘ ਜੀ ਪ੍ਰਿੰਸੀਪਲ, ਗੁ: ਨਾ: ਖਾ: ਕਾ:, ਗੁਜਰਾਂਵਾਲਾ, ੧੨੩. ਪ੍ਰੋ. ਜੋਧ ਸਿੰਘ ਜੀ ਐਮ. ਏ., ੧੨੪. ਸ. ਵਸਾਵਾ ਸਿੰਘ ਜੀ, ਜ਼ਿਲ੍ਹਾ ਗੁਰਦਾਸਪੁਰ, ੧੨੫. ਗਿ. ਨਾਹਰ ਸਿੰਘ ਜੀ, ਐਡੀਟਰ, ਸਿਖ ਸੇਵਕ, ੧੨੬. ਸੰਤ ਤੇਜਾ ਸਿੰਘ ਜੀ, ਹੈੱਡ ਗ੍ਰੰਥੀ ਸ੍ਰੀ ਨਨਕਾਣਾ ਸਾਹਿਬ, ੧੨੭. ਸ. ਧਰਮਾਨੰਤ ਸਿੰਘ ਜੀ, ਪ੍ਰਿੰਸੀਪਲ ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ, ੧੨੮. ਮਾਸਟਰ ਮਹਿਤਾਬ ਸਿੰਘ ਜੀ

**(ਹ) ਸ਼੍ਰੋਮਣੀ ਅਕਾਲੀ ਦਲ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰ**

੧੨੯. ਜਥੇਦਾਰ ਊਧਮ ਸਿੰਘ ਜੀ, ੧੩੦. ਸ. ਸਾਧੂ ਸਿੰਘ ਜੀ ਚਕ ੩੦

ਲਾਇਲਪੁਰ, ੧੩੧. ਗਿ. ਕਰਤਾਰ ਸਿੰਘ ਜੀ ਲਾਇਲਪੁਰੀ, ੧੩੨. ਗਿ. ਗੁਰਮੁਖ ਸਿੰਘ ਜੀ 'ਮੁਸਾਫ਼ਰ', ੧੩੩. ਸ. ਮੋਤਾ ਸਿੰਘ ਜੀ, ੧੩੪. ਸ. ਸੋਹਣ ਸਿੰਘ ਜੀ ਜਲਾਲ ਉਸਮਾਂ, ੧੩੫. ਸ. ਭਗਵਾਨ ਸਿੰਘ ਜੀ ਦੋਸਾਂਝ ਕਲਾਂ, ੧੩੬. ਸ. ਸਰਦੂਲ ਸਿੰਘ ਜੀ, ੧੩੭, ਸ. ਜਾਤਾ ਸਿੰਘ ਜੀ ਅੰਬਾਲਾ, ੧੩੮. ਸ. ਸੁੰਦਰ ਸਿੰਘ ਜੀ ਮੁਰੀਦ ਕੇ (ਗੁਰਦਾਸਪੁਰ), ੧੩੯. ਸ. ਗੁਲਬਦਨ ਸਿੰਘ ਜੀ ਲੁਧਿਆਣਾ, ੧੪੦. ਸ. ਲਛਮਨ ਸਿੰਘ ਜੀ ਕਪੂਰਥਲਾ, ੧੪੧. ਸ. ਗਰਜਾ ਸਿੰਘ ਜੀ ਸਿਆਲਕੋਟ, ੧੪੨. ਸ. ਭਗਤ ਸਿੰਘ ਜੀ ਜਾਮਣੇ, ੧੪੩. ਸ. ਦਰਸ਼ਨ ਸਿੰਘ ਜੀ ਫੇਰੂਮਾਨ, ੧੪੪. ਸ. ਪ੍ਰੀਤਮ ਸਿੰਘ ਜੀ ਸਰਗੋਧਾ।

**(ਕ) ਅਖ਼ਬਾਰਾਂ ਦੇ ਐਡੀਟਰ**

੧੪੫. ਸ. ਅਮਰ ਸਿੰਘ ਜੀ 'ਸ਼ੇਰਿ ਪੰਜਾਬ' ਲਾਹੌਰ, ੧੪੬. ਭਾਈ ਮੇਵਾ ਸਿੰਘ ਜੀ 'ਖਾਲਸਾ ਸਮਾਚਾਰ', ੧੪੭, ਭਾਈ ਰਾਜਿੰਦਰ ਸਿੰਘ ਜੀ ਖਾਲਸਾ ਐਡਵੋਕੇਟ, ੧੪੮. ਸ. ਵੈਦ ਨੌਰੰਗ ਸਿੰਘ ਜੀ 'ਤਾਂਘੀ' ਐਡੀਟਰ, ਸੁਤੰਤ੍ਰ, ੧੪੯. ਡਾ. ਹਰੀ ਸਿੰਘ ਜੀ ਐਡੀਟਰ ਡਾਕਟਰ, ੧੫੦. ਸ. ਗੁਰਬਖਸ਼ ਸਿੰਘ ਜੀ ਐਡੀਟਰ ਪੰਜਾਬੀ ਪੰਚ, ੧੫੧. ਸ. ਬੀਰ ਸਿੰਘ ਜੀ ਐਡੀਟਰ ਪੰਜਾਬੀ ਭੈਣ, ੧੫੨. ਸ. ਰਾਮ ਸਿੰਘ ਜੀ ਧਾਰੋਵਾਲੀਆ 'ਰਾਮਗੜ੍ਹੀਆ ਪਤ੍ਰਕਾ।'

**(ਖ) ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਚਾਰਕ ਤੇ ਪੁਰਾਣੇ ਵਿਦਿਆਰਥੀ**

੧੫੩, ਗਿ. ਪ੍ਰਤਾਪ ਸਿੰਘ ਜੀ, ੧੫੪. ਭਾਈ ਸ਼ੰਕਰ ਸਿੰਘ ਜੀ, ੧੫੫. ਸ. ਤੀਰਥ ਸਿੰਘ ਜੀ, ੧੫੬. ਸ. ਨਰਿੰਜਨ ਸਿੰਘ ਜੀ ਸਰਲ, ੧੫੭. ਸ. ਵਸਣ ਸਿੰਘ ਜੀ, ੧੫੮. ਸ. ਨਿਹਾਲ ਸਿੰਘ ਜੀ, ੧੫੯, ਸ. ਗੁਰਦਾਸ ਸਿੰਘ ਜੀ।

**(ਗ) ਅਕਾਲੀ ਜਥੇ**

੧੬੦. ਭਾਈ ਗਗੜਵਾਲੀਆ

੧੬੧. ਜਥੇਦਾਰ ਜੀਤ ਸਿੰਘ ਜੀ ਹਿਸਾਰ

**(ਘ) ਸਿੰਘ ਸਭਾਵਾਂ**

੧੬੨. ਭਾਈ ਕਰਤਾਰ ਸਿੰਘ ਜੀ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ, ੧੬੩. ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਬੁਤਾਲਾ (ਅੰਮ੍ਰਿਤਸਰ) (ਨਾਮ ਪੜ੍ਹਿਆ ਨਹੀਂ ਗਿਆ), ੧੬੪. ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਫ਼ਿਰੋਜ਼ਪੁਰ ਸ਼ਹਿਰ (ਨਾਮ ਪੜ੍ਹਿਆ ਨਹੀਂ ਗਿਆ), ੧੬੫. ਭਾਈ ਖੁਸ਼ਹਾਲ ਸਿੰਘ ਜੀ ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਵਜ਼ੀਰਾਬਾਦ, ੧੬੬. ਭਾਈ ਮੋਹਨ ਸਿੰਘ ਜੀ ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ ਪਸਰੂਰ (ਸਿਆਲਕੋਟ), ੧੬੭. ਭਾਈ ਰਾਜ ਸਿੰਘ ਜੀ ਨਾਨਕਸਰ ਸਿੰਘ ਸਭਾ ਟੋਬਾ ਟੇਕ ਸਿੰਘ, ੧੬੮. ਡਾਕਟਰ ਹਰਭਜਨ ਸਿੰਘ ਜੀ ਸਿੰਘ ਸਭਾ ਆਗਰਾ, ੧੬੯. ਭਾਈ ਭਗਵਾਨ ਸਿੰਘ ਜੀ ਸਿੰਘ ਸਭਾ ਬਿਲਗਾ (ਜਲੰਧਰ), ੧੭੦. ਭਾਈ ਸ਼ਰਧਾ ਸਿੰਘ ਜੀ ਸਿੰਘ ਸਭਾ ਰਾਵਲਪਿੰਡੀ।

**ਚਲਦਾ...**

ਕੰਚਨ ਕਾਇਆ:

# ਦੁਖੁ ਦਰਵਾਜਾ ਰੋਹੁ ਰਖਵਾਲਾ ਆਸਾ ਅੰਦੇਸਾ ਦੁਇ ਪਟ ਜੜੇ

*-ਡਾ. ਸ਼ਿਆਮ ਸੁੰਦਰ ਦੀਪਤੀ**

ਦੁੱਖ-ਸੁੱਖ ਜ਼ਿੰਦਗੀ ਦੇ ਦੋ ਪਹਿਲੂ ਹਨ, ਇਹ ਇਕ ਸਿੱਕੇ ਦੇ ਦੋ ਪਾਸਿਆਂ ਵਾਂਗ ਹਨ ਅਤੇ ਇਸ ਵਿੱਚੋਂ ਮਨੁੱਖ ਦਾ ਸਾਰਾ ਜੀਵਨ ਲੰਘਦਾ ਹੈ। ਗੁਰੂ ਸਾਹਿਬ ਦਾ ਫੁਰਮਾਨ ਹੈ ਕਿ ਦੁਨੀਆ ਇਕ ਸਮੁੰਦਰ ਹੈ ਜਿਸ ਨੂੰ ਲੰਘੇ ਬਿਨਾਂ ਤੁਸੀਂ ਆਪਣੀ ਮੰਜ਼ਿਲ 'ਤੇ ਨਹੀਂ ਪਹੁੰਚ ਸਕਦੇ। ਇਹ ਮੰਜ਼ਿਲ ਕੀ ਹੈ? ਗੁਰੂ ਸਾਹਿਬਾਨ ਵੱਲੋਂ ਇਹ ਗੱਲ ਅਧਿਆਤਮਕ ਨਜ਼ਰੀਏ ਤੋਂ ਸਮਝਾਈ ਗਈ ਹੈ। ਮੌਜੂਦਾ ਸਮੇਂ ਇਹ ਸਭ ਮਨੁੱਖਾਂ ਵੱਲੋਂ ਆਪਣੇ ਜੀਵਨ ਵਿਚ ਨਿਰਧਾਰਿਤ ਕੀਤੀ ਜਾਂਦੀ ਹੈ। ਇਹ ਮੰਜ਼ਿਲ ਕਿਸੇ ਲਈ ਅਕਾਦਮਿਕ ਪ੍ਰਾਪਤੀ ਹੋ ਸਕਦੀ ਹੈ ਕਿਸੇ ਲਈ ਇਕ ਵਧੀਆ ਨੌਕਰੀ ਪ੍ਰਾਪਤੀ ਹੋ ਸਕਦੀ ਹੈ ਤੇ ਕਿਸੇ ਲਈ ਉਹ ਗੁਰੂ ਗਿਆਨ ਨਾਲ ਪਰਮਾਤਮਾ ਦਾ ਮਿਲਾਪ ਹੋ ਸਕਦਾ ਹੈ।

ਸਿਹਤ ਦੇ ਹਵਾਲੇ ਤੋਂ ਗੱਲ ਕਰੀਏ ਤਾਂ ਉਹ ਨਿਰੋਗ ਜੀਵਨ ਜਿਊਣਾ ਮਨੁੱਖ ਦੀ ਪ੍ਰਾਪਤੀ ਹੈ ਜੋ ਕਿ ਕੋਈ ਔਖਾ ਟੀਚਾ ਨਹੀਂ ਹੈ ਕਿਉਂਕਿ ਬਹੁਤ ਲੰਮਾ ਸਮਾਂ ਮਨੁੱਖ ਨਿਰੋਗ ਅਵਸਥਾ ਵਿਚ ਹੀ ਰਿਹਾ ਹੈ। ਇਹ ਤਾਂ ਹੁਣ ਹੀ ਕੁਝ ਕੁ ਸਾਲਾਂ ਤੋਂ ਕਹਿ ਲਉ ਸਿਹਤ ਵਿਗਿਆਨ ਦੀਆਂ ਖੋਜਾਂ ਹੋਣ ਕਾਰਨ ਅਸੀਂ ਬਿਮਾਰੀਆਂ ਤੋਂ ਬਚਣਾ ਵੀ ਸਿੱਖਿਆ ਹੈ ਤੇ ਬੀਮਾਰੀਆਂ ਦੇ ਜੰਜਾਲ ਵਿਚ ਫਸੇ ਵੀ ਹਾਂ। ਬਿਮਾਰੀਆਂ ਦੇ ਜੰਜਾਲ ਵਿਚ ਫਸਣ ਦਾ ਇਕ ਪ੍ਰਮੁੱਖ ਕਾਰਨ ਜੇ ਤਲਾਸ਼ਣਾ ਹੋਵੇ ਤਾਂ ਉਹ ਹੈ ਆਪਣੇ-ਆਪ ਨੂੰ ਕੁਦਰਤ ਤੋਂ ਤੋੜਨਾ ਤੇ ਆਪਣੇ ਨਵੇਂ ਰਾਹ ਬਣਾਉਣੇ, ਇੱਥੇ ਅਸੀਂ ਆਪਣੀ ਸਿਆਣਪ ਨਹੀਂ ਵਰਤੀ ਕਿ ਇਹ ਰਾਹ ਸਾਨੂੰ ਰੋਗੀ ਬਣਾਉਣ ਵਾਲੇ ਹਨ।

ਸਿਹਤ ਵਿਗਿਆਨ ਨੇ ਸਿਹਤ ਅਤੇ ਬਿਮਾਰੀਆਂ ਦੇ ਵਰਗੀਕਰਨ ਵਿਚ ਕਈ ਤਰ੍ਹਾਂ ਦੀ ਸਿਹਤ ਬਾਰੇ ਗੱਲ ਕੀਤੀ ਹੈ। ਭਾਵੇਂ ਸਿਹਤ ਇਕ ਵਿਆਪਕ ਸੰਕਲਪ ਹੈ, ਸਿਹਤ ਨੂੰ ਸਮੁੱਚਤਾ ਵਿਚ ਸਮਝਣ ਦੀ ਲੋੜ ਹੈ ਜਦੋਂ ਕਿ ਵਿਸ਼ਵ ਪੱਧਰੀ ਸੰਸਥਾਵਾਂ ਨੇ ਇਸ ਨੂੰ ਸਰੀਰਕ, ਮਾਨਸਿਕ ਅਤੇ ਸਮਾਜਿਕ ਸਿਹਤ ਵਿਚ ਵੰਡਿਆ ਹੈ। ਕਿਸੇ ਚੀਜ਼ ਨੂੰ ਡੂੰਘਾਈ ਵਿਚ ਸਮਝਣ ਲਈ ਅਤੇ ਉਸ ਦੇ ਹਰ ਪੱਖ ਨੂੰ ਜਾਂਚਣ-ਪਰਖਣ ਲਈ ਵਰਗੀਕਰਨ ਮਦਦ ਜ਼ਰੂਰ ਕਰਦਾ ਹੈ, ਪਰ ਅੰਤ ਨੂੰ ਸਰੀਰ ਇਕ ਇਕਾਈ ਹੈ ਤੇ ਇਸ ਨੂੰ ਸੰਪੂਰਨ ਰੂਪ ਵਿਚ ਸਮਝਣਾ ਅਤੇ ਪਰਖਣਾ ਚਾਹੀਦਾ ਹੈ। ਇਹ ਠੀਕ ਹੈ ਕਿ ਹੁਣ ਇੱਕ-ਇੱਕ ਅੰਗ ਅਤੇ ਪ੍ਰਣਾਲੀ ਦੇ ਮਾਹਿਰ ਆ ਗਏ ਹਨ ਪਰ ਇਨ੍ਹਾਂ ਦੀ ਹੱਦ-ਬੰਦੀ ਬਾਰੇ ਗੱਲ ਕਰੀਏ ਤਾਂ ਖ਼ੂਨ ਦੀਆਂ ਨਾੜਾ ਅਤੇ ਨਸਾਂ ਦੀ ਕੋਈ ਇਕ ਅੰਗ ਨਾਲ ਜਾਂ ਪ੍ਰਣਾਲੀ ਨਾਲ ਜੁੜੀ ਸੀਮਾ ਨਹੀਂ ਹੈ। ਇਹ ਸਾਰੇ ਸਰੀਰ ਵਿਚ ਇੱਕੋ

**੯੭-ਗੁਰੂ ਨਾਨਕ ਐਵੀਨਿਊ, ਮਜੀਠਾ ਰੋਡ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. ੯੮੧੫੮-੦੮੫੦੬*

ਵੇਲੇ ਨਿਰੰਤਰ ਅਤੇ ਇਕ ਸਮਾਨ ਜੁੜੀਆਂ ਅਤੇ ਅਸਰ-ਅੰਦਾਜ਼ ਹੁੰਦੀਆਂ ਹਨ।

ਸਿਹਤ ਵਿਵਸਥਾ ਦੇ ਵਿਚ ਜਦ ਤਕ ਸਰੀਰ, ਮਨ ਅਤੇ ਸਮਾਜਿਕ ਰਿਸ਼ਤਿਆਂ ਨੂੰ ਇੱਕਠਿਆਂ ਨਹੀਂ ਵਿਚਾਰਿਆ ਜਾਵੇਗਾ ਤਾਂ ਉਸ ਰੋਗ ਦਾ ਤਸੱਲੀਬਖਸ਼ ਇਲਾਜ ਨਹੀਂ ਹੋ ਸਕੇਗਾ। ਮਨ, ਸਰੀਰ ਅਤੇ ਆਪਸੀ ਰਿਸ਼ਤੇ ਇਕ-ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਜੇ ਆਪਸੀ ਰਿਸ਼ਤਿਆਂ ਵਿਚ ਮਨ-ਮੁਟਾਵ ਹੋਵੇਗਾ, ਵਿਚਾਰਾਂ ਦਾ ਟਕਰਾਅ ਹੋਵੇਗਾ ਤਾਂ ਮਨ ਪ੍ਰੇਸ਼ਾਨ ਰਹੇਗਾ ਅਤੇ ਪ੍ਰੇਸ਼ਾਨ ਮਨ ਸਰੀਰ ਉੱਪਰ ਆਪਣਾ ਪ੍ਰਭਾਵ ਪਾਵੇਗਾ ਹੀ। ਅੱਜ ਆਧੁਨਿਕ ਵਿਗਿਆਨ ਨੇ ਵੀ ਸਾਬਤ ਕਰ ਦਿਤਾ ਹੈ ਕਿ ਬੇਚੈਨ ਤੇ ਪ੍ਰੇਸ਼ਾਨ ਮਨ ਪੇਟ ਵਿਚ ਤੇਜ਼ਾਬ ਤੋਂ ਲੈ ਕੇ ਦਿਲ ਦੀ ਧੜਕਣ ਅਤੇ ਦਿਮਾਗ ਦੀਆਂ ਨਸਾਂ ਨੂੰ ਆਪਣੀ ਲਪੇਟ ਵਿਚ ਲੈ ਲੈਂਦਾ ਹੈ।

ਸਿਰਲੇਖ ਦੀ ਪੰਕਤੀ ਵਿਚ ਹੀ ਦੁੱਖ ਨੂੰ ਲੈ ਕੇ ਇਕ ਹੋਰ ਪੱਖ ਸ਼ਾਮਲ ਹੈ ਕਿ ਪੀੜ ਇਕ ਦਰਵਾਜ਼ਾ ਹੈ। ਇਸ ਨੂੰ ਆਸ ਅਤੇ ਫਿਕਰ ਦੇ ਦੋ ਤਖਤੇ ਜੋੜ ਕੇ ਰੱਖਦੇ ਹਨ ਮਤਲਬ ਕਿ ਜਿਵੇਂ ਕਿਹਾ ਜਾਂਦਾ ਹੈ ਕਿ ਦੁੱਖ-ਸੁੱਖ ਜ਼ਿੰਦਗੀ ਦਾ ਹਿੱਸਾ ਹਨ। ਪਰ ਨਾਲ ਹੀ ਇਕ ਫਿਕਰ ਹੁੰਦਾ ਹੈ ਤੇ ਦੂਜਾ ਆਸ ਵੀ ਹਮੇਸ਼ਾਂ ਨਾਲ ਜੁੜੀ ਰਹਿੰਦੀ ਹੈ। ਫਿਕਰ ਜਿੱਥੇ ਡਰਾਉਂਦਾ ਹੈ ਤੇ ਬਿਮਾਰੀ ਨਾਲ ਜੁੜੀ ਹਰ ਵਿਵਸਥਾ ਇੱਥੋਂ ਤਕ ਕਿ ਮੌਤ ਦੇ ਰਾਹ ਵੀ ਦਿਖਾਉਂਦਾ ਹੈ, ਨਾਲ ਹੀ ਇਕ ਆਸ ਵੀ ਹੁੰਦੀ ਹੈ ਕਿ ਇਹ ਸਮਾਂ ਟੱਪ ਜਾਣਾ ਹੈ। ਗੁਰਬਾਣੀ ਇਸ ਨੂੰ ਦੁਨਿਆਵੀ ਸਮੁੰਦਰ ਕਹਿੰਦੀ ਹੈ ਤੇ ਇਸ ਨੂੰ ਪਾਰ ਕਰਨ ਦੇ ਰਾਹ ਵੀ ਸੁਝਾਉਂਦੀ ਹੈ। ਜ਼ਿੰਦਗੀ ਵਿਚ ਵਿਸ਼ਵਾਸ ਮਨੋਵਿਗਿਆਨਕ ਪੱਖ ਹੈ ਅਤੇ ਗਿਆਨ ਅਤੇ ਆਸ ਨਾਲ ਇਹ ਰਾਹ ਸੌਖਿਆਂ ਹੀ ਪਾਰ ਕੀਤਾ ਜਾ ਸਕਦਾ ਹੈ। ਇਸ ਰਾਹ ਨੂੰ ਪਾਰ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵੱਲੋਂ ਸੁਝਾਏ ਗਏ ਕਿੰਨੇ ਹੀ ਢੰਗ-ਤਰੀਕੇ ਹਨ। ਇਸੇ ਤਰ੍ਹਾਂ ਹੀ ਆਧੁਨਿਕ ਵਿਗਿਆਨ ਦੇ ਮਨੋਵਿਗਿਆਨਕ ਪੱਖ ਨੇ ਕਈ ਤਰੀਕੇ ਖੋਜੇ ਅਤੇ ਸਾਹਮਣੇ ਲਿਆਂਦੇ ਹਨ।

ਇਨ੍ਹਾਂ ਸਾਰੇ ਪੱਖਾਂ ਵਿੱਚੋਂ ਜੋ ਅੱਜ ਵਰਗੀਕਰਨ ਦੇ ਵਿਰੁੱਧ ਸੰਪੂਰਨ ਸਿਹਤ ਦੀ ਸਮਝ ਵਾਲਾ ਪੱਖ ਹੈ, ਉਹ ਸਮਝਿਆ ਅਤੇ ਪ੍ਰਚਾਰਿਆ ਜਾ ਰਿਹਾ ਹੈ ਭਾਵੇਂ ਵਿਗਿਆਨ ਨੇ ਆਪਣਾ ਗਿਆਨ ਵਧਾਉਣ ਲਈ ਦੁਨੀਆ ਦੇ ਹਰ ਪੱਖ ਨੂੰ ਆਪਣੇ ਨਜ਼ਰੀਏ ਤੋਂ ਸਮਝਣ ਲਈ ਵਰਗੀਕਰਨ ਦਾ ਤਰੀਕਾ ਅਪਣਾਇਆ ਹੋਇਆ ਹੈ। ਅੱਜ ਲੋੜ Holistic Approch (ਸੰਪੂਰਨ ਸਮਝ) ਦੀ ਹੈ।

ਜਿਵੇਂ ਕਿ ਹਥਲੇ ਲੇਖ ਦੇ ਸਿਰਲੇਖ ਦੀ ਸ਼ੁਰੂਆਤ ਦੁਖ ਦਰਵਾਜੇ ਤੋਂ ਕੀਤੀ ਗਈ ਹੈ ਤੇ ਸੁਖ ਅਤੇ ਦੁੱਖ ਨੂੰ ਜ਼ਿੰਦਗੀ ਦਾ ਹਿੱਸਾ ਮੰਨਿਆ ਗਿਆ ਹੈ। ਭਗਤ ਸ਼ੇਖ ਫਰੀਦ ਜੀ ਦਾ ਸਲੋਕ ਹੈ:

*ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ॥*
*ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੮੨)*

ਇਸ ਸਲੋਕ ਵਿਚ ਭਗਤ ਸ਼ੇਖ ਫਰੀਦ ਜੀ ਜੋ ਘਰ ਘਰ ਵਿਚ ਦੁਖ ਹੋਣ ਦੀ ਗੱਲ ਕਰਦੇ ਹਨ ਤਾਂ ਉਹ ਸਰੀਰਕ ਨਹੀਂ ਹੈ ਬਲਕਿ ਉਹ ਰੂਹਾਨੀ ਕਿਸਮ ਦਾ ਹੈ।

ਇਹ ਨਹੀਂ ਕਿ ਹਰ ਘਰ ਦੁਖ ਹੀ ਹੈ ਜੇ ਹੈ ਵੀ ਤਾਂ ਇਸ ਦਾ ਮਤਲਬ ਇਹ ਨਹੀਂ ਕਿ ਉਸਦਾ ਕੋਈ ਉਪਾਅ ਨਹੀਂ ਹੈ। ਗੁਰੂ ਸਾਹਿਬਾਨ ਨੇ ਇਸ ਦਾ ਹੱਲ ਕਈ ਸਦੀਆਂ ਪਹਿਲਾਂ ਦੱਸ ਦਿੱਤਾ ਹੈ। ਇਸੇ ਆਧਾਰ 'ਤੇ ਦਾਰਸ਼ਨਿਕ ਤੇ ਹੋਰ ਵਿਦਵਾਨਾਂ ਨੇ ਆਧੁਨਿਕ ਵਿਗਿਆਨੀਆਂ ਨਾਲ ਮਿਲ ਕੇ ਕਈ ਰਾਹ ਲੱਭੇ ਅਤੇ ਸੁਝਾਏ ਹਨ, ਜੋ ਉਸ ਮਨ ਅਤੇ ਸਰੀਰ ਨੂੰ ਨਿਰੋਆ ਬਣਾ ਸਕਦੇ ਹਨ। ਇਹ ਵੀ ਦੇਖਿਆ ਗਿਆ ਹੈ ਕਿ ਦੁੱਖ ਦਾ ਵੱਡਾ ਕਾਰਨ ਅਜੋਕੇ ਸਮੇਂ ਦਾ ਤਨਾਅ ਵੀ ਹੈ। ਇਹ ਤਨਾਅ ਹੀ ਹੈ ਜੋ ਮਨੁੱਖ ਨੂੰ ਸਹਿਜ ਨਾਲ ਨਹੀਂ ਬਹਿਣ ਦਿੰਦਾ। ਦੂਜਾ, ਖਾਣ-ਪੀਣ ਦਾ ਢੰਗ-ਤਰੀਕਾ, ਸਾਡਾ ਜਿਊਣ ਢੰਗ ਵਿਚ ਗੈਰ-ਕੁਦਰਤੀ ਪ੍ਰਗਟਾਵੇ ਸਗੋਂ ਕੁਰਾਹੇ ਵੱਧ ਪਾਉਂਦੇ ਹਨ ਅਤੇ ਦੁੱਖ ਨੂੰ ਵਧਾਉਂਦੇ ਹਨ। ਚਾਹੀਦਾ ਤਾਂ ਹੈ ਜੋ ਸਿਹਤਮੰਦ ਲੀਹਾਂ ਗੁਰੂ ਸਾਹਿਬਾਨ, ਭਗਤ ਸਾਹਿਬਾਨ ਅਤੇ ਆਧੁਨਿਕ ਵਿਗਿਆਨੀਆਂ ਨੇ ਪਾਈਆਂ ਹਨ ਉਨ੍ਹਾਂ 'ਤੇ ਤੁਰਿਆ ਜਾਵੇ ਤੇ ਇਸ ਸਮੁੱਚੇ ਗਿਆਨ ਨੂੰ ਜੀਵਨ ਦਾ ਆਧਾਰ ਬਣਾਇਆ ਜਾਵੇ। ■

**ਗੁਰਬਾਣੀ ਦੀ ਟੀਕਾਕਾਰੀ...** ***ਸਫਾ ੫੬ ਦਾ ਬਾਕੀ***

ਨਿਰੁਕਤ ਵਿਚ ਜੇਕਰ ਕੋਈ ਵਿਸ਼ੇਸ਼ ਨਾਂ/ਥਾਂ ਆ ਗਿਆ ਹੈ ਤਾਂ ਉਸ ਦਾ ਇਤਿਹਾਸ, ਉਸ ਦੀ ਮਹੱਤਤਾ, ਉਸ ਸੰਬੰਧੀ ਪਹਿਲਾਂ ਤੋਂ ਚੱਲ ਰਹੀਆਂ ਭ੍ਰਾਂਤੀਆਂ ਦਾ ਨਿਵਾਰਣ ਵੀ ਕੀਤਾ ਗਿਆ ਹੈ। ਉਦਾਹਰਨ ਵਜੋਂ ਸ੍ਰੀ ਗੁਰੂ ਅਮਰਦਾਸ ਜੀ ਦੀ ਕੁਰਕਸ਼ੇਤਰ ਫੇਰੀ ਦੀ ਮਿਤੀ ਨੂੰ ਲੈ ਕੇ ਕਾਫੀ ਵਿਵਾਦ ਸੀ ਪਰ ਡਾ. ਬਲਬੀਰ ਸਿੰਘ ਦੇ ਆਪਣੀਆਂ ਦਲੀਲਾਂ ਅਤੇ ਬੁਧਿ-ਬਿਬੇਕ ਰਾਹੀਂ ਇਸ ਭ੍ਰਾਂਤੀ ਦਾ ਨਿਵਾਰਣ ਕਰਨ ਦੀ ਕੋਸ਼ਿਸ਼ ਕੀਤੀ ਹੈ। ਡਾ. ਤਾਰਨ ਸਿੰਘ ਨੇ ਕੇਵਲ ਇਸ ਗੱਲ ਦੀ ਪ੍ਰਸੰਸਾ ਕੀਤੀ ਹੈ ਸਗੋਂ ਇਸ ਵਿਧੀ ਰਾਹੀਂ ਇਤਿਹਾਸ ਅਤੇ ਸਿੱਖ ਇਤਿਹਾਸ ਦੇ ਹੋਰ ਮਸਲੇ ਸੁਲਝਾਉਣ ਦੀ ਸਲਾਹ ਵੀ ਦਿੱਤੀ ਹੈ। ਉਨ੍ਹਾਂ ਦੇ ਸ਼ਬਦ ਹਨ- 'ਇਸ ਪੋਥੀ ਦੀ ਖਾਸ ਮਾਅਰਕੇ ਦੀ ਗੱਲ ਹੈ। ਡਾ. ਸਾਹਿਬ ਇਕ ਨਵਾਂ ਰਾਹ ਦਿਖਾ ਗਏ ਹਨ। ' ਆਪ ਜ਼ੁਬਾਨੀ ਕਹਿੰਦੇ ਸਨ ਕਿ ਐਸੇ ਹੋਰ ਵੀ ਕੁਝ ਸੰਕੇਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਨ ਜਿਨ੍ਹਾਂ ਤੋਂ ਭਾਰਤੀ ਇਤਿਹਾਸ ਅਤੇ ਸਿੱਖ ਇਤਿਹਾਸ ਦੀਆਂ ਕਈ ਥਿਤਾਂ ਨਿਸ਼ਚਿਤ ਰੂਪ ਵਿਚ ਨਛੱਤਰਾਂ ਆਦਿ ਦੀ ਜੋਤਸ਼-ਗਣਨਾ ਦੁਆਰਾ ਲੱਭੀਆਂ ਜਾ ਸਕਦੀਆਂ ਹਨ। ਆਪ ਦੀ ਦਿੱਤੀ ਸੇਧ ਅਨੁਸਾਰ ਕੰਮ ਕਰਨ ਦੀ ਲੋੜ ਹੈ (ਜਿਲਦ ਦੂਜੀ) ਏਸੇ ਜਿਲਦ ਦੀ ਭੂਮਿਕਾ ਵਜੋਂ ਲਿਖਿਆ ਗਿਆ ਨਿਬੰਧ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਵਿਸ਼ੇਸ਼ਤਾ' ਇਸ ਦੀਆਂ ਦਾਰਸ਼ਨਿਕ ਰਮਜ਼ਾਂ ਨੂੰ ਸਮਝਣ ਵਿਚ ਸਹਾਈ ਹੁੰਦਾ ਹੈ। ਤਕਰੀਬਨ ਇਕ ਹਜ਼ਾਰ ਸਫੇ ਵਾਲੀਆਂ ਦੋ ਜਿਲਦਾਂ ਵਿਚ ਫੈਲਿਆ ਨਿਰੁਕਤ ਡਾ. ਬਲਬੀਰ ਸਿੰਘ ਦੀ ਵਿਆਖਿਅਕਾਰੀ ਦਾ ਇਕ ਉੱਤਮ ਨਮੂਨਾ ਮੰਨਿਆ ਜਾ ਸਕਦਾ ਹੈ। ■

# ਬਾਬਾ ਸ਼ਾਮ ਸਿੰਘ ਸਿੱਧਵਾਂ ਕਲਾਂ

*-ਸ. ਜੋਗਿੰਦਰ ਸਿੰਘ 'ਧਾਲੀਵਾਲ'**

ਬਾਬਾ ਸ਼ਾਮ ਸਿੰਘ ਸਿੱਧਵਾਂ ਕਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਤੇ ਸ਼੍ਰੋਮਣੀ ਅਕਾਲੀ ਦਲ ਦੇ ਮੋਢੀ ਸੰਸਥਾਪਕਾਂ ਵਿੱਚੋਂ ਇਕ ਸਨ। ਇਨ੍ਹਾਂ ਦਾ ਜਨਮ ਛੇਵੇਂ ਪਾਤਸ਼ਾਹ ਦੀ ਚਰਨ-ਛੋਹ ਪ੍ਰਾਪਤ ਨਗਰ ਸਿੱਧਵਾਂ ਕਲਾਂ ਵਿਖੇ ਸਿੱਖੀ ਵਿਚ ਪਰਪੱਕ ਪਰਵਾਰ ਵਿਚ ਪਿਤਾ ਗੋਪਾਲ ਸਿੰਘ ਤੇ ਮਾਤਾ ਰਤਨ ਕੌਰ ਦੇ ਗ੍ਰਿਹ ਵਿਖੇ ਹੋਇਆ। ਬਾਬਾ ਜੀ ਹੁਰੀਂ ਤਿੰਨ ਭਾਈ ਸਨ, ਵਰਿਆਮ ਸਿੰਘ, ਸ਼ਾਮ ਸਿੰਘ ਤੇ ਗੁਰਨਾਮ ਸਿੰਘ। ਸ. ਗੁਰਨਾਮ ਸਿੰਘ ਦੀ ੧੯੧੭ ਈ. ਵਿਚ ਪਲੇਗ ਨਾਲ ਮੌਤ ਹੋ ਗਈ ਸੀ।

ਪਹਿਲੀ ਸੰਸਾਰ ਜੰਗ ਵਿਚ ਬਾਬਾ ਸ਼ਾਮ ਸਿੰਘ ਤੇ ਉਨ੍ਹਾਂ ਦੇ ਭਤੀਜੇ ਬੁੱਧ ਸਿੰਘ ਨੇ ਹਿੱਸਾ ਲਿਆ ਸੀ। ਕਈ ਸਾਲਾਂ ਬਾਅਦ ਜਦ ਘਰ ਵਾਪਸ ਆਏ ਤਾਂ ਜਲ੍ਹਿਆਂਵਾਲਾ ਬਾਗ਼ ਦੇ ਸਾਕੇ ਤੇ ਗ਼ਦਰੀ ਬਾਬਿਆਂ ਦੇ ਪ੍ਰਭਾਵ ਹੇਠ ਉਨ੍ਹਾਂ ਉੱਪਰ ਦੇਸ਼-ਭਗਤੀ ਦੀ ਰੰਗਣ ਚੜ੍ਹ ਚੁੱਕੀ ਸੀ। ਸ਼ਾਮ ਸਿੰਘ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਵਿਚ ਹਿੱਸਾ ਲੈਣ ਲੱਗੇ। ਸ਼ਾਮ ਸਿੰਘ ਹੁਰਾਂ ਦੇ ਸੁਭਾਅ ਵਿਚ ਗੁਰਮੁਖਤਾਈ ਵਾਲੇ ਗੁਣ ਸੀ। ਇਹ ਮਰਜੀਵੜਾ ਉਨ੍ਹਾਂ ਵਿੱਚੋਂ ਸੀ, ਜਿਨ੍ਹਾਂ ਦਾ ਨਾਹਰਾ ਹੁੰਦਾ ਸੀ, "ਪੰਥ ਵੱਸੇ ਮੈਂ ਉੱਜੜਾ, ਮਨ ਚਾਉ ਘਨੇਰਾ"। ਬਾਬਾ ਸ਼ਾਮ ਸਿੰਘ ਜਦ ਫੌਜ ਵਿਚ ਭਰਤੀ ਹੋਏ ਉਸ ਸਮੇਂ ਅਜੇ ਕੁੰਵਾਰੇ ਸੀ। ਜਦ ਮਾਂ-ਬਾਪ ਨੇ ਸ਼ਾਦੀ ਦੀ ਗੱਲ ਚਲਾਈ ਤਾਂ ਬਾਬਾ ਸ਼ਾਮ ਸਿੰਘ ਨੇ ਕਿਹਾ ਕਿ ਮੈਂ ਤਾਂ ਸਿੰਘ ਸਜ ਗਿਆ ਹਾਂ। ਉਨ੍ਹਾਂ ਸਮਿਆਂ ਵਿਚ ਸਿੰਘ ਸਜਣ ਤੋਂ ਭਾਵ ਹੁੰਦਾ ਸੀ ਕਿ ਆਪਣਾ ਜੀਵਨ ਪੰਥ ਦੇ ਲੇਖੇ ਲਗਾਉਣਾ। ਮਾਂ-ਬਾਪ ਵੀ ਕਿਹਾ ਕਰਦੇ ਸਨ ਕਿ ਪੁੱਤ ਤਾਂ ਸੁਖ ਨਾਲ ਤਿੰਨ ਹਨ, ਇਕ ਸਿੰਘ ਸਜ ਗਿਆ ਹੈ। ਪੰਜਾਬ ਦੀ ਧਰਤੀ ਭਰਪੂਰ ਫ਼ਸਲਾਂ ਦੇ ਨਾਲ ਨਾਲ ਸਿਰ ਦੇਣ ਵਾਲੇ ਯੋਧਿਆਂ ਦੀ ਫ਼ਸਲ ਵੀ ਪੈਦਾ ਹੁੰਦੀ ਰਹਿੰਦੀ ਹੈ। ਬਾਬਾ ਸ਼ਾਮ ਸਿੰਘ 'ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ' ਵਿਚ ਵੱਧ-ਚੜ੍ਹ ਕੇ ਹਿੱਸਾ ਲੈਣ ਲੱਗੇ।

ਬਾਬਾ ਸ਼ਾਮ ਸਿੰਘ ਨੇ 'ਗੁਰੂ ਕੇ ਬਾਗ' ਤੇ 'ਜੈਤੋ ਮੋਰਚੇ' ਦੇ ਪਹਿਲੇ ਸ਼ਹੀਦੀ ਜਥੇ ਵਿਚ ਸ਼ਮੂਲੀਅਤ ਕੀਤੀ। ਜੈਤੋ ਦੇ ਪਹਿਲੇ ਜਥੇ ਵਿਚ ਬਹੁਤੇ ਸਿੰਘ ਉਹ ਸਨ ਜਿਹੜੇ ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਕੈਦ ਹੋ ਚੁੱਕੇ ਸਨ ਤੇ ਸਾਰੇ ਸਿੰਘ ਸੇਵਾ-ਮੁਕਤ ਫੌਜੀ ਸਨ। ੫੦੦ ਸਿੰਘਾਂ ਦਾ ਜਥਾ ੯ ਫ਼ਰਵਰੀ, ੧੯੨੪ ਈ. ਨੂੰ ਸ੍ਰੀ ਅਕਾਲ

---

** ਪਿੰਡ ਲੱਖਾ, ਤਹਿਸੀਲ ਜਗਰਾਓਂ, ਜ਼ਿਲ੍ਹਾ ਲੁਧਿਆਣਾ-੧੪੨੦੩੧; ਮੋ. ੯੪੬੪੪-੨੩੬੨੫*

ਤਖਤ ਸਾਹਿਬ ਤੋਂ ਅਰਦਾਸ ਕਰ ਕੇ ਚੱਲਿਆ। ਵੱਖ-ਵੱਖ ਨਗਰਾਂ ਵਿਚ ਰਾਤਾਂ ਠਹਿਰਦਾ ਹੋਇਆ ੨੧ ਫ਼ਰਵਰੀ ਨੂੰ ਜੈਤੋ ਪਹੁੰਚਿਆ। ਜਥੇ 'ਤੇ ਡਾਂਗਾਂ ਤੇ ਗੋਲੀਆਂ ਚੱਲੀਆਂ। ਇਕ ਰਿਪੋਰਟ ਮੁਤਾਬਕ ੬੦ ਸਿੰਘ ਸ਼ਹੀਦ ਹੋਏ ਤੇ ਸੈਂਕੜੇ ਫੱਟੜ ਹੋਏ। ਜ਼ਖ਼ਮੀ ਹਾਲਤ ਵਿਚ ਬਾਬਾ ਜੀ ਨੂੰ ਫੜ ਕੇ ਨਾਭੇ ਜੇਲ੍ਹ ਵਿਚ ਕੈਦ ਕੀਤਾ ਗਿਆ। ਨਾਭਾ ਜੇਲ੍ਹ ਵਿਚ ਸੱਪਾਂ ਦੀ ਭਰਮਾਰ ਸੀ। ਸੱਪਾਂ ਦੇ ਡੰਗਣ ਨਾਲ ਵੀ ਕਈ ਸਿੰਘਾਂ ਦੀ ਮੌਤ ਹੋਈ। ਬਾਬਾ ਜੀ ਨੂੰ ੪ ਸਾਲ ਸਜ਼ਾ ਹੋਈ। ਦੇਸ਼ ਅਜ਼ਾਦ ਹੋ ਜਾਣ 'ਤੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਸਿੰਘਾਂ ਨੂੰ ਪੈਨਸ਼ਨਾਂ ਲਗਾਈਆਂ ਗਈਆਂ। ਬਾਬਾ ਸ਼ਾਮ ਸਿੰਘ ਨੇ ਪੈਨਸ਼ਨ ਲੈਣ ਤੋਂ ਇਨਕਾਰ ਕਰਦਿਆਂ ਕਿਹਾ ਸੀ, "ਅਸੀਂ ਪੈਨਸ਼ਨਾਂ ਦੀ ਖਾਤਰ ਜਾਂ ਕੋਈ ਹੋਰ ਖੱਟੀ ਖੱਟਣ ਲਈ ਨਹੀਂ ਸੀ ਗਏ। ਮੈਂ ਧਰਮ ਦੀ ਖਾਤਰ ਨਿਭਾਏ ਆਪਣੇ ਤੁੱਛ ਜਿਹੇ ਯੋਗਦਾਨ ਦਾ ਕੋਈ ਮੁੱਲ ਨਹੀਂ ਲੈਣਾ।"

ਬਾਬਾ ਸ਼ਾਮ ਸਿੰਘ ਦੇ ਪਰਵਾਰ ਨੂੰ ਟਕਸਾਲੀ ਅਕਾਲੀ ਪਰਵਾਰ ਹੋਣ 'ਤੇ ਮਾਣ ਪ੍ਰਾਪਤ ਹੈ। ਪੰਥਕ ਨੇਤਾਵਾਂ ਵੱਲੋਂ ਜਦ ਵੀ ਕੌਮ ਦੇ ਨਾਂ ਕੋਈ ਆਦੇਸ਼ ਜਾਰੀ ਕੀਤਾ ਗਿਆ ਤਾਂ ਇਸ ਪਰਵਾਰ ਨੇ ਉਸ ਨੂੰ ਰੱਬੀ ਹੁਕਮ ਮੰਨ ਕੇ ਕਬੂਲ ਕੀਤਾ ਤੇ ਮੋਰਚਿਆਂ ਵਿਚ ਸ਼ਾਮਲ ਹੁੰਦੇ ਰਹੇ। ਬਾਬਾ ਸ਼ਾਮ ਸਿੰਘ ਤੇ ਉਨ੍ਹਾਂ ਦਾ ਪਰਵਾਰ ਪੰਜਾਬੀ ਸੂਬਾ ਅੰਦੋਲਨ ਵਿਚ ਵੱਧ-ਚੜ੍ਹ ਕੇ ਹਿੱਸਾ ਲੈਂਦੇ ਰਹੇ। ਬਚਪਨ ਤੇ ਜਵਾਨੀ ਦੇ ਵਿਚ ਲਗੀਆਂ ਹੋਈਆਂ ਸੱਟਾਂ ਪਿਛਲੀ ਉਮਰ ਵਿਚ ਤਕਲੀਫ਼ ਦਿੰਦੀਆਂ ਹਨ। ਬਾਬਾ ਸ਼ਾਮ ਸਿੰਘ ਹੁਰਾਂ ਦੇ ਜੈਤੋ ਮੋਰਚੇ ਸਮੇਂ ਲੱਗੀਆਂ ਸੱਟਾਂ ਦੀਆਂ ਚੀਸਾਂ ਬੁਢਾਪੇ ਵਿਚ ਪੈਣ ਲੱਗ ਗਈਆਂ ਸਨ। ਅੰਤ ਬਾਬਾ ਜੀ ੨੭ ਫਰਵਰੀ, ੧੯੬੬ ਈ. ਵਿਚ ੯੦ ਸਾਲ ਦੀ ਉਮਰ ਭੋਗ ਦੁਨੀਆ ਤੋਂ ਰੁਖ਼ਸਤ ਹੋਏ।

ਸ. ਭਗਤ ਸਿੰਘ ਦੇ ਸਾਥੀ ਦੇਸ਼ ਭਗਤ ਸ਼ਿਵਰਾਮ ਵਰਮਾ ਨੇ ਕਿਹਾ ਸੀ, "ਦੇਸ਼ ਖਾਤਰ ਸੂਲੀ ਚੜ੍ਹਨ ਵਾਲੇ ਆਜ਼ਾਦੀ ਮਹਿਲ ਦੇ ਮੁੱਖ ਦਰਵਾਜ਼ਿਆਂ 'ਤੇ ਜੜ੍ਹੇ ਹੋਏ ਹੀਰੇ ਹਨ, ਇਹ ਉਸ ਦੀ ਸ਼ੋਭਾ ਵਧਾ ਸਕਦੇ ਹਨ, ਪਰ ਉਸਦਾ ਬੋਝ ਆਪਣੇ ਮੋਢਿਆਂ 'ਤੇ ਨਹੀਂ ਚੁੱਕ ਸਕਦੇ, ਇਹ ਕੰਮ ਤਾਂ ਨੀਂਹ ਪੱਥਰਾਂ ਦਾ ਹੈ"। ਗ਼ਦਰੀ ਬਾਬੇ ਅਤੇ ਅਜ਼ਾਦੀ ਸੰਗਰਾਮ ਦੀਆਂ ਵੱਖ-ਵੱਖ ਲਹਿਰਾਂ ਵਿਚ ਹਿੱਸਾ ਲੈਣ ਵਾਲੇ ਭੁੱਲੇ-ਵਿਸਰੇ ਸ਼ਹੀਦ ਤੇ ਜੇਲ੍ਹਾਂ ਕੱਟਣ ਵਾਲੇ ਯੋਧਿਆਂ ਦੀਆਂ ਕੁਰਬਾਨੀਆਂ ਵੀ ਵੱਡੀਆਂ ਸਨ। ਬਾਬਾ ਸ਼ਾਮ ਸਿੰਘ ਵਰਗੇ ਮਰਜੀਵੜੇ ਸਾਡੀ ਅਜ਼ਾਦੀ ਦੇ ਮਹਿਲ ਦੀਆਂ ਨੀਂਹਾਂ ਵਿਚ ਕੁੱਟੀ ਹੋਈ ਰੋੜੀ ਬਣੇ। ਅਜਿਹੇ ਸੰਗਰਾਮੀਆਂ ਦੀ ਕੋਈ ਗਿਣਤੀ ਨਹੀਂ, ਜਿਨ੍ਹਾਂ ਨੇ ਕਿਸੇ ਵੀ ਨਿੱਜੀ ਹਿੱਤਾਂ ਬਿਨਾਂ ਤਨ, ਮਨ ਤੇ ਧਨ ਦੇਸ਼ ਅਤੇ ਕੌਮ ਦੇ ਲੇਖੇ ਲਾ ਦਿੱਤਾ ਅਤੇ ਦੇਸ਼ ਅਜ਼ਾਦ ਹੋਣ ਤੋਂ ਬਾਅਦ ਬਦਲੇ ਵਿਚ ਕੁਝ ਨਾ ਚਾਹਿਆ। ਉਨ੍ਹਾਂ ਦੀ ਸੋਚ 'ਤੇ ਸੰਘਰਸ਼ਸ਼ੀਲ ਸਿਦਕੀ ਜ਼ਿੰਦਗੀ, ਸਾਦਾ ਰਹਿਣ-ਸਹਿਣ ਤੇ ਦ੍ਰਿੜ੍ਹ ਇਰਾਦਾ ਸਾਡਾ ਰਾਹ-ਦਸੇਰਾ ਹੈ ਤੇ ਰਹੇਗਾ। ਉਮਰ ਭਰ ਲੋਕ ਮਸਲਿਆਂ ਲਈ ਜੂਝਦੇ ਰਹਿਣਾ ਵੀ

ਘੱਟ ਮਹਾਨ ਨਹੀਂ ਹੁੰਦਾ। ਜਿਹੜੇ ਸੂਰਮੇ ਆਪਣੀ ਸਾਰੀ ਜ਼ਿੰਦਗੀ ਲੋਕਾਂ ਦੇ ਲੇਖੇ ਲਾ ਕੇ ਇਸ ਦੁਨੀਆ ਤੋਂ ਜਾਂਦੇ ਹਨ, ਉਨ੍ਹਾਂ ਦਾ ਰੁਤਬਾ ਸ਼ਹੀਦਾਂ ਤੋਂ ਘੱਟ ਨਹੀਂ ਹੁੰਦਾ। ਉਹ ਲੋਕਾਂ ਦੇ ਦਿਲਾਂ ਵਿਚ ਵਸਦੇ ਰਹਿੰਦੇ ਹਨ।

ਭਾਈ ਰਣਧੀਰ ਸਿੰਘ ਜੀ ਅਖੰਡ ਕੀਰਤਨੀ ਜਥੇ ਵਾਲਿਆਂ ਤੋਂ ਪ੍ਰਭਾਵਿਤ ਹੋ ਕੇ ਇਨ੍ਹਾਂ ਦੇ ਪਰਵਾਰ ਦੇ ਜੀਆਂ ਨੇ ਅੰਮ੍ਰਿਤ ਛਕਿਆ। ਸ. ਕਿਸ਼ਨ ਸਿੰਘ ੨੫ ਸਾਲ ਭਾਈ ਸਾਹਿਬ ਦੇ ਪਰਮ-ਸੇਵਕ ਰਹਿ ਕੇ ਉਨ੍ਹਾਂ ਦੇ ਨਾਲ ਸਿੱਖ ਧਰਮ ਦਾ ਪ੍ਰਚਾਰ ਕਰਦੇ ਰਹੇ। ਭਾਈ ਸਾਹਿਬ ਦੀ ਪੁੱਤਰੀ ਬੀਬੀ ਭਜਨ ਕੌਰ ਇਸ ਪਰਵਾਰ ਦੀ ਰਿਸ਼ਤੇਦਾਰੀ ਵਿਚ ਵਿਆਹੀ ਹੋਈ ਸੀ। ਇਨ੍ਹਾਂ ਦੇ ਗ੍ਰਿਹ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਬਿਰਾਜਮਾਨ ਹੁੰਦੇ ਸਨ। ਘਰ ਵਿਚ ਬਾਣੀ ਤੇ ਕੀਰਤਨ ਦਾ ਪ੍ਰਵਾਹ ਚਲਦਾ ਹੀ ਰਹਿੰਦਾ ਸੀ। ਹਰ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੁਕਮਨਾਮਾ ਲੈ ਕੇ ਕਰਦੇ ਰਹੇ ਸਨ।

ਬਾਬਾ ਜੀ ਦੇ ਭਤੀਜੇ ਸ. ਬੁੱਧ ਸਿੰਘ ਦੀ ਲੱਤ ਵਿਚ ਗੋਲੀ ਲੱਗੀ ਸੀ। ਅੰਗਰੇਜ਼ ਸਰਕਾਰ ਵੱਲੋਂ ੧੯੨੮ ਈ. ਵਿਚ ਬੁੱਧ ਸਿੰਘ ਨੂੰ ਦੋ ਮੁਰੱਬੇ ਜ਼ਮੀਨ ਮੁਲਤਾਨ ਵਿਚ ਦਿੱਤੇ ਗਏ ਸਨ। ਦੇਸ਼ ਦੇ ਬਟਵਾਰੇ ਸਮੇਂ ਇਨ੍ਹਾਂ ਦਾ ਪਰਵਾਰ ਭਰੇ ਭਰਾਏ ਘਰ ਤੇ ਉਪਜਾਊ ਜ਼ਮੀਨਾਂ ਛੱਡ ਕੇ ਖਾਲੀ ਹੱਥ ਜ਼ਿੰਦਗੀਆਂ ਬਚਾ ਕੇ ਇੱਧਰ ਪਹੁੰਚਣ ਵਿਚ ਸਫਲ ਹੋ ਗਏ ਸਨ। ਇਨ੍ਹਾਂ ਦੇ ਪਰਵਾਰ ਨੂੰ ਅਲੀਗੜ੍ਹ ਪਿੰਡ ਵਿਚ ਜ਼ਮੀਨ ਮਿਲੀ।

ਅਜ਼ਾਦੀ ਦੀ ਕੁਠਾਲੀ ਵਿੱਚੋਂ ਨਿਕਲ ਕੇ ਆਏ ਇਨ੍ਹਾਂ ਬਾਬਿਆਂ ਨੇ ਦੇਸ਼, ਸਮਾਜ ਤੇ ਪਰਵਾਰਾਂ ਦੀ ਅਗਵਾਈ ਕੀਤੀ। ਇਨ੍ਹਾਂ ਦੇ ਪਰਵਾਰਾਂ ਵਿਚ ਪੈਦਾ ਹੋਣ ਵਾਲਿਆਂ 'ਤੇ ਵੀ ਇਨ੍ਹਾਂ ਦੀ ਰੰਗਣਾਂ ਚੜ੍ਹੀ। ਇਹ ਬਾਬੇ ਸਮੇਂ ਦੀ ਹਿੱਕ 'ਤੇ ਗੂੜ੍ਹੀ ਛਾਪ ਛੱਡ ਕੇ ਇਸ ਦੁਨੀਆ ਨੂੰ ਅਲਵਿਦਾ ਕਹਿ ਕੇ ਗਏ। ਸਾਡੀ ਪੀੜ੍ਹੀ ਦੇ ਲੋਕਾਂ ਨੂੰ ਦੇਸ਼ ਭਗਤ ਬਾਬਿਆਂ ਦੇ ਅੰਗ-ਸੰਗ ਰਹਿਣ ਤੇ ਉਨ੍ਹਾਂ ਦੇ ਘਨੇਰੇ (ਕੰਧੇੜੇ) ਚੜ੍ਹ ਕੇ ਖੇਡਣ ਦਾ ਮੌਕਾ ਮਿਲਿਆ। ਬਾਬਾ ਸ਼ਾਮ ਸਿੰਘ ਸਿੱਧਵਾਂ ਕਲਾਂ ਨੂੰ ਅਲੀਗੜ੍ਹ ਤੇ ਸਿੱਧਵਾਂ ਕਲਾਂ ਪਿੰਡ ਵਿਚ ਬੜੇ ਮਾਣ ਨਾਲ ਯਾਦ ਕੀਤਾ ਜਾਂਦਾ ਹੈ। ■

**ਧਾਰਮਿਕ ਪ੍ਰੀਖਿਆ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਕੂਲਾਂ ਅਤੇ ਕਾਲਜਾਂ ਦੇ ਵਿਦਿਆਰਥੀਆਂ ਕੋਲੋਂ ਹਰ ਸਾਲ ਧਾਰਮਿਕ ਪ੍ਰੀਖਿਆ ਲੈ ਕੇ ਵਜ਼ੀਫੇ ਦਿੱਤੇ ਜਾਂਦੇ ਹਨ। ਇਹ ਪ੍ਰੀਖਿਆ ਹਰ ਸਾਲ ਫਰਵਰੀ ਵਿਚ ਹੁੰਦੀ ਹੈ। ਇਸ ਪ੍ਰੀਖਿਆ ਵਿਚ ਸ਼ਾਮਲ ਹੋਣ ਦੇ ਚਾਹਵਾਨ ਸਕੂਲ/ਕਾਲਜ ਦੇ ਵਿਦਿਆਰਥੀ ਸਕੱਤਰ, ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ), ਸ੍ਰੀ ਅੰਮ੍ਰਿਤਸਰ ਨੂੰ ਲਿਖਣ ਜਾਂ ੦੧੮੩-੨੫੫੩੯੫੬, ਐਕਸ:੩੦੫ 'ਤੇ ਸੰਪਰਕ ਕਰਨ।

# ਐਚ. ਐਮ. ਪੀ. ਵੀ. ਦੇ ਲੱਛਣ ਤੇ ਬਚਾਅ

-ਡਾ. ਦਲਵਿੰਦਰ ਸਿੰਘ*

ਅੱਜਕਲ੍ਹ ਐਚ. ਐਮ. ਪੀ. ਵੀ. ਨਾਂ ਦੇ ਵਾਇਰਸ ਫੈਲ ਜਾਣ ਦਾ ਗੋਗਾ ਹੈ। ਇਸ ਨੂੰ ਕਰੋਨਾ ਵਾਂਗ ਹੀ ਚੀਨ ਤੋਂ ਹੀ ਫੈਲਦਾ ਦੱਸਿਆ ਗਿਆ ਹੈ। ਮਦਰਾਸ (ਚੈਨਈ) ਦੇ ਸ਼ਹਿਰ ਦੇ ਦੋ ਹਸਪਤਾਲਾਂ ਵਿਚ ਦੋ ਬੱਚਿਆਂ ਨੂੰ ਟੈਸਟ ਕਰਨ ਤੋਂ ਪਤਾ ਲੱਗਿਆ ਹੈ ਕਿ ਉਹ ਵੀ ਹਿਊਮਨ ਮੈਟਾ ਨਮੂਨੀਆਂ ਵਾਇਰਸ (ਐਚ. ਐਮ. ਪੀ. ਵੀ.) ਦਾ ਸ਼ਿਕਾਰ ਹਨ। ਜਿਸ ਕਰਕੇ ਪ੍ਰੈੱਸ ਟ੍ਰਸਟ ਆਫ ਇੰਡੀਆ (ਪੀ. ਟੀ. ਆਈ.) ਅਨੁਸਾਰ ਸਿਹਤ ਵਿਭਾਗ ਵਿਚ ਵੱਡੇ ਪੱਧਰ ’ਤੇ ਮੀਟਿੰਗਾਂ ਹੋਈਆਂ ਜਿਨ੍ਹਾਂ ਵਿਚ ਇਸ ਵਾਇਰਸ ਦੀ ਰੋਕ-ਥਾਮ ਬਾਰੇ ਵਿਚਾਰਾਂ ਹੋਈਆਂ। ਕਰਨਾਟਕ ਵਿਚ ਵੀ ਦੋ ਕੇਸ ਅਤੇ ਗੁਜਰਾਤ ਵਿਚ ਇੱਕ ਕੇਸ ਹੋਣ ਦੀ ਇੰਡੀਅਨ ਕੌਂਸਲ ਅਤੇ ਮੈਡੀਕਲ ਰੀਸਰਚ (ਆਈ. ਸੀ. ਐਮ. ਆਰ.) ਨੇ ਪੁਸ਼ਟੀ ਕੀਤੀ ਹੈ। ਹਥਲਾ ਲੇਖ ਲਿਖਣ ਤਕ ਹਾਲੇ ਇਹ ਮੁੱਢਲੀਆਂ ਖ਼ਬਰਾਂ ਹਨ ਜੋ ਸਿਰਫ ਬੱਚਿਆਂ ਵਿਚ ਹੀ ਵੇਖੀਆਂ ਗਈਆਂ ਹਨ।

ਐਚ. ਐਮ. ਪੀ. ਵੀ. ਵਾਇਰਸ ਨਮੂਨੀਆਂ ਵਾਂਗ ਹੀ ਹੈ ਜਿਸ ਨਾਲ ਸਾਹ ਲੈਣਾ ਬੁਰੀ ਤਰ੍ਹਾ ਪ੍ਰਭਾਵਿਤ ਹੁੰਦਾ ਹੈ। ਇਹ ਇਕ ਵਾਇਰਲ ਜਰਾਸੀਮ ਹੈ ਜੋ ਹਰ ਉਮਰ ਸਮੂਹ ਦੇ ਲੋਕਾਂ ਵਿਚ ਸਾਹ ਦੀ ਲਾਗ ਦੇ ਕਾਰਨ ਬਣਦਾ ਤੇ ਫੈਲਦਾ ਹੈ। ਇਹ ਵਾਇਰਸ ਪਹਿਲੀ ਵਾਰ ੨੦੦੧ ਈ. ਵਿਚ ਖੋਜਿਆ ਗਿਆ ਸੀ , ਜੋ ਪੈਰਾ-ਮਾਈਕਸੋ-ਵਾਇਰੀਡੇ ਪਰਵਾਰ ਨਾਲ ਸੰਬੰਧਿਤ ਹੈ ਅਤੇ ਸਾਹ ਦੀਆਂ ਬਿਮਾਰੀਆਂ (ਰੈਸਪੀਰੇਟਰੀ ਸਿੰਸੀਟੀਅਲ ਵਾਇਰਸ: ਆਰ. ਐਸ. ਵੀ.) ਨਾਲ ਨੇੜਿਓਂ ਸੰਬੰਧਿਤ ਹੈ।

ਐਚ.ਐਮ.ਪੀ.ਵੀ. ਖੰਘਣ, ਛਿੱਕ ਮਾਰਨ ਜਾਂ ਸਾਹ ਵਿਚ ਥੁੱਕ ਦੀਆਂ ਬੂੰਦਾਂ ਰਾਹੀਂ ਫੈਲਦਾ ਹੈ। ਜੋ ਇਸ ਬਿਮਾਰੀ ਦੇ ਪਹਿਲਾਂ ਹੀ ਮਰੀਜ਼ ਹੋਣ ਉਨ੍ਹਾਂ ਨਾਲ ਨੇੜਤਾ ਹੋਣ ’ਤੇ ਵੀ ਫੈਲਦਾ ਹੈ ਅਤੇ ਜਿਨ੍ਹਾਂ ਵਸਤਾਂ-ਪਦਾਰਥਾਂ ਉੱਤੇ ਖੰਘ, ਥੁੱਕ, ਛਿੱਕ ਜਾਂ ਛੂਹਣ ਕਰਕੇ ਦੂਸ਼ਿਤ ਸਤਹਾਂ ਨੂੰ ਛੂਹਣ ਜਾਂ ਸਿੱਧੇ ਸੰਪਰਕ ਵਿਚ ਆਉਣ ਨਾਲ ਵੀ ਫੈਲਦਾ ਹੈ। ਇਹ ਵਾਇਰਸ ਹਲਕੀ ਸਾਹ ਦੀ ਬੇਅਰਾਮੀ ਤੋਂ ਲੈ ਕੇ ਗੰਭੀਰ ਬਿਮਾਰੀਆਂ ਦਾ ਕਾਰਨ ਵਜੋਂ ਜਾਣਿਆ ਜਾਂਦਾ ਹੈ, ਖਾਸ ਤੌਰ ’ਤੇ ਬੱਚਿਆਂ, ਬਜ਼ੁਰਗਾਂ ਬਿਮਾਰਾਂ ਜਾਂ ਮਾੜੀ ਸਿਹਤ ਵਾਲੇ ਮਨੁੱਖਾਂ ਵਿਚ। ਇਹ ਵਾਇਰਸ ਵਿਸ਼ਵਵਿਆਪੀ

* #੧੯੨੫ ਬਸੰਤ ਐਵੀਨਿਊ, ਲੁਧਿਆਣਾ-੧੪੧੦੧੩; ਮੋ. ੯੯੧੫੩-੬੬੭੨੬

ਹੋ ਰਿਹਾ ਹੈ ਜੋ ਸਰਦੀਆਂ ਦੇ ਅਖੀਰ ਅਤੇ ਠੰਢੇ ਖੇਤਰਾਂ ਵਿਚ ਬਸੰਤ ਰੁੱਤ ਦੇ ਸ਼ੁਰੂ ਵਿਚ ਸਿਖਰ 'ਤੇ ਹੁੰਦਾ ਹੈ, ਹਾਲਾਂਕਿ ਇਹ ਕੁਝ ਖੇਤਰਾਂ ਵਿਚ ਸਾਲ ਭਰ ਅਸਰ ਕਰਦਾ ਰਹਿੰਦਾ ਹੈ।

**ਐਚ. ਐਮ. ਪੀ. ਵੀ. ਦੇ ਲੱਛਣ**

ਐਚ. ਐਮ. ਪੀ. ਵੀ. ਦੇ ਲੱਛਣ ਵਿਅਕਤੀ ਦੀ ਉਮਰ, ਆਮ ਸਿਹਤ ਅਤੇ ਤੰਦਰੁਸਤੀ ਦੇ ਆਧਾਰ 'ਤੇ ਵੱਖ-ਵੱਖ ਹੁੰਦੇ ਹਨ। ਆਮ ਤੌਰ 'ਤੇ ਇਸ ਦਾ ਮੁੱਢ ਵਗਦੇ ਨੱਕ, ਗਲੇ ਵਿਚ ਖਰਾਸ਼, ਖੰਘ ਅਤੇ ਬੁਖਾਰ ਦੇ ਨਾਲ ਹੁੰਦਾ ਹੈ, ਜੋ ਇੱਕ ਆਮ ਜ਼ੁਕਾਮ ਵਰਗੇ ਹੁੰਦੇ ਹਨ। ਦਰਮਿਆਨੇ ਲੱਛਣਾਂ ਵਿਚ ਲਗਾਤਾਰ ਖੰਘ, ਗਲ ਵਿਚ ਘਰਰ-ਘਰਰ ਅਤੇ ਥਕਾਵਟ ਸ਼ਾਮਲ ਹੋ ਸਕਦੇ ਹਨ। ਗੰਭੀਰ ਮਾਮਲਿਆਂ ਵਿਚ, ਖਾਸ ਤੌਰ 'ਤੇ ਨਿਆਣਿਆਂ, ਬਜ਼ੁਰਗਾਂ ਅਤੇ ਪੁਰਾਣੀਆਂ ਬਿਮਾਰੀਆਂ ਵਾਲੇ ਲੋਕਾਂ ਵਿਚ, ਬ੍ਰੌਨਕਾਈਟਿਸ (ਸਾਹ ਦੀ ਬਿਮਾਰੀ) , ਬ੍ਰੌਨਕਾਈਲਾਈਟਿਸ (ਇੱਕ ਵਾਇਰਲ ਸਾਹ ਦੀ ਲਾਗ ਹੈ ਜੋ ਮੁੱਖ ਤੌਰ 'ਤੇ ਨਿਆਣਿਆਂ ਅਤੇ ਛੋਟੇ ਬੱਚਿਆਂ ਨੂੰ ਪ੍ਰਭਾਵਿਤ ਕਰਦੀ ਹੈ, ਜਿਸ ਨਾਲ ਫੇਫੜਿਆਂ ਦੀਆਂ ਛੋਟੀਆਂ ਸਾਹ ਨਾਲੀਆਂ ਵਿਚ ਸੋਜ ਹੁੰਦੀ ਹੈ ਜਿਸ ਨੂੰ ਬ੍ਰੌਨਚਿਓਲਜ਼ ਕਿਹਾ ਜਾਂਦਾ ਹੈ।) ਇਹ ਆਮ ਤੌਰ 'ਤੇ ਰੈਸਪੀਰੇਟਰੀ ਸਿੰਸੀਟੀਅਲ ਵਾਇਰਸ ਦੇ ਕਾਰਨ ਹੁੰਦਾ ਹੈ ਜਾਂ ਨਿਮੋਨੀਆ ਵਰਗੀਆਂ ਪੇਚੀਦਗੀਆਂ ਪੈਦਾ ਕਰ ਸਕਦਾ ਹੈ। ਬਲਗਮ ਦਾ ਬਣਨਾ ਵੀ ਸ਼ੁਰੂ ਹੋ ਜਾਂਦਾ ਹੈ ਜਿਸ ਨਾਲ ਸਾਹ ਲੈਣ ਵਿਚ ਦਿੱਕਤ ਆਉਂਦੀ ਹੈ।

ਸਾਹ ਸੰਬੰਧੀ ਗੰਭੀਰ ਬੀਮਾਰੀ ਆਰ. ਐਸ. ਵੀ. ਵੀ. ਹੋ ਸਕਦੀ ਹੈ ਜਿਸ ਲਈ ਹਸਪਤਾਲ ਵਿਚ ਭਰਤੀ ਦੀ ਲੋੜ ਹੁੰਦੀ ਹੈ। ਇਹ ਗੰਭੀਰ ਬਿਮਾਰੀਆਂ ਸਮੇਂ ਸਿਰ ਇਲਾਜ ਨਾ ਕੀਤੇ ਜਾਣ 'ਤੇ ਹੋਰ ਵਧਦੀਆਂ ਹਨ ਤੇ ਫਿਰ ਬੇਕਾਬੂ ਵੀ ਹੋ ਜਾਂਦੀਆਂ ਹਨ। ਹਥਲੇ ਮਜ਼ਮੂਨ ਦੇ ਲੇਖਕ ਨੂੰ ਵੀ ਇਨ੍ਹਾਂ ਲੱਛਣਾਂ ਕਾਰਨ ਇਸ ਸਰਦੀ ਵਿਚ ਸਿਹਤ ਨਾਲ ਜੂਝਣਾ ਪਿਆ ਹੈ ਜਿਸ ਕਰਕੇ ਅਪਣੇ ਤਜਰਬੇ ਵੀ ਸਾਂਝੇ ਕਰਨੇ ਜ਼ਰੂਰੀ ਸਮਝੇ ਹਨ।

**ਫੈਲਾਅ ਅਤੇ ਰੋਕਥਾਮ**

ਐਚ. ਐਮ. ਪੀ. ਵੀ. ਹੋਰ ਸਾਹ ਸੰਬੰਧੀ ਵਾਇਰਸਾਂ ਜਿਵੇਂ ਕਿ ਆਈ. ਐਸ. ਵੀ. ਅਤੇ ਫਲੂ ਦੇ ਤਰੀਕਿਆਂ ਵਾਂਗ ਫੈਲਦਾ ਹੈ। ਫੈਲਾਅ ਮੁੱਖ ਤੌਰ 'ਤੇ ਇਸ ਰੋਗ ਦੇ ਬਿਮਾਰ ਵਿਅਕਤੀਆਂ ਤੋਂ ਸਾਹ ਵਿਚ ਥੁੱਕ, ਛਿੱਕਾਂ ਜਾਂ ਖੰਘ ਦੇ ਨਾਲ ਜਾਂ ਦੂਸ਼ਿਤ ਸਤਹਾਂ ਦੇ ਸੰਪਰਕ ਰਾਹੀਂ ਹੁੰਦਾ ਹੈ। ਐਚ. ਐਮ. ਪੀ. ਵੀ. ਦੇ ਫੈਲਣ ਨੂੰ ਰੋਕਣ ਲਈ, ਹੱਥਾਂ ਦੀ ਚੰਗੀ ਸਫਾਈ ਦਾ ਅਭਿਆਸ ਕਰਨਾ ਜ਼ਰੂਰੀ ਹੈ, ਜਿਸ ਵਿਚ ਸਾਬਣ ਅਤੇ ਪਾਣੀ ਨਾਲ ਵਾਰ-ਵਾਰ ਹੱਥ ਧੋਣੇ ਸ਼ਾਮਲ ਹਨ। ਬਲਗਮ ਨੂੰ ਕਿਸੇ ਲਿਫਾਫੇ ਵਿਚ ਜਾਂ ਬਰਤਨ ਵਿਚ ਕਰਕੇ ਲਗਾਤਾਰ ਸਾਫ ਰੱਖਣਾ ਚਾਹੀਦਾ ਹੈ।

ਉਬਲਦੇ ਪਾਣੀ ਦੀ ਭਾਫ ਲੈਣੀ, ਗਰਾਰੇ ਕਰਨੇ ਅਤੇ ਗਰਮ ਭੋਜਣ ਖਾਣਾ ਸਰੀਰ ਨੂੰ ਅੰਦਰੋਂ ਗਰਮ ਰੱਖਦਾ ਹੈ ਜਿਸ ਨਾਲ ਬਲਗਮ ਪਿਘਲਦੀ ਰਹਿੰਦੀ ਹੈ ਕਿਉਂਕਿ ਜੰਮੀ ਬਲਗਮ ਬਹੁਤ ਤੰਗ ਕਰਦੀ ਹੈ। ਕੋਈ ਵੀ ਠੰਢੀ ਵਸਤ ਜਾਂ ਦੁੱਧ ਤੋਂ ਬਣੀ ਵਸਤ ਤੋਂ ਉੱਕਾ ਹੀ ਪ੍ਰਹੇਜ਼ ਕਰਨਾ ਚਾਹੀਦਾ ਹੈ।

ਰੋਗੀ ਨੂੰ ਇਸ ਦੇ ਫੈਲਾਅ ਨੂੰ ਰੋਕਣ ਲਈ ਸ਼ਿਸ਼ਟਾਚਾਰ ਵੱਸ ਛਿੱਕ ਜਾਂ ਖੰਘਣ ਵੇਲੇ ਮੂੰਹ ਅਤੇ ਨੱਕ ਨੂੰ ਢੱਕਣਾ ਅਤੇ ਮਾਸਕ ਪਹਿਨਣਾ, ਜ਼ਰੂਰੀ ਸਮਝਣਾ ਚਾਹੀਦਾ ਹੈ। ਦੂਸਰਿਆਂ ਨੂੰ ਰੋਗੀ ਦੇ ਨਜ਼ਦੀਕੀ ਸੰਪਰਕ ਤੋਂ ਬਚਣਾ ਅਤੇ ਅਕਸਰ ਉਸਦੀਆਂ ਛੂਹੀਆਂ ਵਸਤਾਂ ਨੂੰ ਨਿਯਮਿਤ ਤੌਰ 'ਤੇ ਰੋਗਾਣੂ ਮੁਕਤ ਕਰਨਾ ਵੀ ਰੋਕਥਾਮ ਦੇ ਉਪਾਵਾਂ ਵਿਚ ਸ਼ਾਮਿਲ ਹੈ। ਇਹ ਸਭ ਉਸੇ ਤਰ੍ਹਾਂ ਹੀ ਹੈ ਜੋ ਅਸੀਂ ਕਰੋਨਾ ਦੇ ਦਿਨੀਂ ਉਪਾਅ ਕੀਤਾ ਕਰਦੇ ਸਾਂ।

**ਐਚ. ਐਮ. ਪੀ. ਵੀ. ਕਿੰਨਾ ਚਿਰ ਰਹਿੰਦਾ ਹੈ?**

ਐਚ. ਐਮ. ਪੀ. ਵੀ. ਦੇ ਹਲਕੇ ਅਸਰ ਆਮ ਤੌਰ 'ਤੇ ਕੁਝ ਦਿਨਾਂ ਤੋਂ ਇੱਕ ਹਫ਼ਤੇ ਤਕ ਰਹਿੰਦੇ ਹਨ। ਗੰਭੀਰ ਮਾਮਲਿਆਂ ਵਿਚ, ਬਿਹਤਰ ਮਹਿਸੂਸ ਕਰਨ ਵਿਚ ਸ਼ਾਇਦ ਜ਼ਿਆਦਾ ਸਮਾਂ ਲੱਗੇਗਾ। ਹਾਲਾਂਕਿ, ਖੰਘ ਵਰਗੇ ਲੰਮੇ ਲੱਛਣਾਂ ਨੂੰ ਦੂਰ ਹੋਣ ਵਿਚ ਜ਼ਿਆਦਾ ਸਮਾਂ ਲੱਗ ਸਕਦਾ ਹੈ। ਜਦ ਬਲਗਮ ਬਣਨ ਲੱਗ ਜਾਵੇ ਤਾਂ ਬਹੁਤ ਲੰਮਾ ਵੀ ਹੋ ਸਕਦਾ ਹੈ। ਕਈ ਵਾਰ ਖੰਘਦਿਆਂ ਦੀਆਂ ਵੱਖੀਆਂ ਵੀ ਪੱਕ ਜਾਂਦੀਆਂ ਹਨ ਤੇ ਸਾਹ ਵਿਚ ਵੀ ਤਕਲੀਫ ਹੁੰਦੀ ਹੈ।

**ਐਚ. ਐਮ. ਪੀ. ਵੀ. ਦਾ ਉਪਚਾਰ**

ਸਿਰਫ਼ ਲੱਛਣਾਂ ਦੇ ਆਧਾਰ 'ਤੇ ਐਚ. ਐਮ. ਪੀ. ਵੀ. ਦਾ ਉਪਚਾਰ ਕਰਨਾ ਚੁਣੌਤੀਪੂਰਨ ਹੋ ਸਕਦਾ ਹੈ, ਕਿਉਂਕਿ ਇਹ ਫਲੂ ਵਰਗੇ ਹੋਰ ਸਾਹ ਦੀਆਂ ਲਾਗਾਂ ਵਰਗਾ ਹੀ ਹੁੰਦਾ ਹੈ। ਭਾਰਤ ਵਿਚ, ਨਿਗਰਾਨੀ ਪ੍ਰੋਗਰਾਮ ਜਿਵੇਂ ਕਿ ਇੰਡੀਅਨ ਕੌਂਸਲ ਆਫ ਮੈਡੀਕਲ ਰੀਸਰਚ ਅਤੇ ਏਕੀਕ੍ਰਿਤ ਬਿਮਾਰੀ ਨਿਗਰਾਨੀ ਪ੍ਰੋਗਰਾਮ ਸਾਹ ਦੀਆਂ ਬਿਮਾਰੀਆਂ ਦੀ ਨਿਗਰਾਨੀ ਅਤੇ ਨਿਯੰਤਰਣ ਦੇ ਆਪਣੇ ਯਤਨਾਂ ਦੇ ਹਿੱਸੇ ਵਜੋਂ ਐਚ. ਐਮ. ਪੀ. ਵੀ. ਸਮੇਤ, ਸਾਹ ਸੰਬੰਧੀ ਵਾਇਰਸਾਂ ਲਈ ਨਿਯਮਿਤ ਤੌਰ 'ਤੇ ਟੈਸਟ ਕਰਦੇ ਹਨ। ਸਰਕਾਰ ਨੇ ਆਪਣੇ ਸਿਹਤ ਬੁਨਿਆਦੀ ਢਾਂਚੇ ਅਤੇ ਨਿਗਰਾਨੀ ਨੈਟਵਰਕ ਦੀ ਮਜ਼ਬੂਤੀ 'ਤੇ ਜ਼ੋਰ ਦਿੱਤਾ ਹੈ, ਜੋ ਉਭਰ ਰਹੇ ਖ਼ਤਰਿਆਂ ਦਾ ਪਤਾ ਲਗਾਉਣ ਅਤੇ ਜਵਾਬ ਦੇਣ ਲਈ ਚੌਕਸ ਰਹਿੰਦੇ ਹਨ।

**ਵਿਸ਼ਵ ਅਤੇ ਰਾਸ਼ਟਰੀ ਪੱਧਰ 'ਤੇ ਨਿਗਰਾਨੀ**

ਐਚ. ਐਮ. ਪੀ. ਵੀ. ਕੋਈ ਨਵਾਂ ਜਰਾਸੀਮ ਨਹੀਂ ਹੈ ਅਤੇ ਇਸ ਦੇ ਮਾਮਲੇ ਦੁਨੀਆ ਭਰ ਵਿਚ ਰਿਪੋਰਟ ਕੀਤੇ ਗਏ ਹਨ। ਵਰਲਡ ਹੈਲਥ ਆਰਗੇਨਾਈਜ਼ੇਸ਼ਨ ਇਨ੍ਹਾਂ ਸਾਹ ਨਾਲ ਸੰਬੰਧਿਤ ਸਾਰੀਆਂ ਬਿਮਾਰੀਆਂ ਅਤੇ ਵਾਇਰਸਾਂ ਉੱਤੇ ਲਗਾਤਾਰ

ਨਿਗਾਹ ਰੱਖਦੀ ਹੈ ਅਤੇ ਲੋੜੀਂਦੀ ਖੋਜ ਕਰਵਾਉਂਦੀ ਹੇ ਅਤੇ ਸਮੇਂ-ਸਮੇਂ ਸਿਰ ਹਿਦਾਇਤਾਂ ਦਿੰਦੀ ਰਹਿੰਦੀ ਹੈ ਜੋ ਇੰਟਰਨੈਟ 'ਤੇ ਉਪਲਬਧ ਹੁੰਦੀਆਂ ਹਨ।

**ਐਚ. ਐਮ. ਪੀ. ਵੀ. ਅਤੇ ਕੋਵਿਡ-੧੯ ਵਿਚਕਾਰ ਸਮਾਨਤਾਵਾਂ ਅਤੇ ਅੰਤਰ**

ਐਚ. ਐਮ. ਪੀ. ਵੀ., ਕੋਵਿਡ-੧੯ ਅਤੇ ਸਾਰਸ-ਕੋਵਿਡ-੨ ਵਾਇਰਸ ਸਾਹ ਦੇ ਰੋਗਾਣੂ ਹਨ ਪਰ ਉਹ ਆਪਣੇ ਵਾਇਰੋਲੋਜੀ, ਪ੍ਰਸਾਰਣ ਗਤੀਸ਼ੀਲਤਾ ਅਤੇ ਜਨਤਕ ਸਿਹਤ ਦੇ ਪ੍ਰਭਾਵਾਂ ਵਿਚ ਮਹੱਤਵਪੂਰਨ ਤੌਰ 'ਤੇ ਵੱਖਰੇ ਹਨ।

ਸਮਾਨਤਾਵਾਂ ਵਿਚ ਥੁੱਕ, ਖੰਘ, ਛਿੱਕ ਆਦਿ ਸਿੱਧੇ ਸੰਪਰਕ ਅਤੇ ਦੂਸ਼ਿਤ ਸਤਹਾਂ ਰਾਹੀਂ ਫੈਲਣ ਦੇ ਉਨ੍ਹਾਂ ਦੇ ਪ੍ਰਸਾਰਣ ਦੇ ਢੰਗ ਸ਼ਾਮਲ ਹਨ। ਦੋਵੇਂ ਹਲਕੇ ਤੋਂ ਗੰਭੀਰ ਸਾਹ ਸੰਬੰਧੀ ਲੱਛਣਾਂ ਦਾ ਕਾਰਨ ਬਣ ਸਕਦੇ ਹਨ ਜਿਵੇਂ ਕਿ ਖੰਘ, ਬੁਖਾਰ ਅਤੇ ਸਾਹ ਦੀ ਤਕਲੀਫ਼, ਅਤੇ ਇਹ ਖਾਸ ਤੌਰ 'ਤੇ ਕਮਜ਼ੋਰ ਤੇ ਬਿਮਾਰ ਰੋਗੀਆਂ ਲਈ ਖ਼ਤਰਨਾਕ ਹਨ, ਜਿਨ੍ਹਾਂ ਵਿਚ ਬੱਚਿਆਂ, ਬਜ਼ੁਰਗ ਬਾਲਗਾਂ ਅਤੇ ਕਮਜ਼ੋਰ ਇਮਿਊਨ ਸਿਸਟਮ ਵਾਲੇ ਲੋਕ ਸ਼ਾਮਲ ਹਨ।

ਅੰਤਰ ਉਨ੍ਹਾਂ ਦੇ ਅੰਤਰੀਵ ਵਾਇਰਸਾਂ ਵਿਚ ਹੁੰਦੇ ਹਨ ਕੋਵਿਡ-੧੯ ਵਿਚ ਲੱਛਣਾਂ ਦਾ ਇੱਕ ਵਿਸ਼ਾਲ ਘੇਰਾ ਹੁੰਦਾ ਹੈ, ਜਿਸ ਵਿਚ ਸਵਾਦ ਅਤੇ ਗੰਧ ਦਾ ਘਾਟਾ ਅਤੇ ਖ਼ੂਨ ਦੇ ਦੱਥੇ ਅਤੇ ਬਹੁ-ਅੰਗਾਂ ਦੀ ਅਸਫਲਤਾ ਵਰਗੀਆਂ ਪ੍ਰਣਾਲੀਗਤ ਜਟਿਲਤਾਵਾਂ ਦੀ ਉੱਚ ਸੰਭਾਵਨਾ ਸ਼ਾਮਲ ਹੁੰਦੀ ਹੈ।

ਕੋਵਿਡ-੧੯ ਲਈ ਟੀਕੇ ਅਤੇ ਐਂਟੀਵਾਇਰਲ ਇਲਾਜ ਉਪਲਬਧ ਹਨ ਜਦੋਂ ਕਿ ਐਚ. ਐਮ. ਪੀ. ਵੀ., ਸਹਾਇਕ ਦੇਖਭਾਲ ਅਤੇ ਯੋਗ ਪ੍ਰਬੰਧ ਤਕ ਹੀ ਸੀਮਿਤ ਹੈ ਜਿਸ ਵਿਚ ਵਰਤਮਾਨ ਵਿਚ ਕੋਈ ਖਾਸ ਐਂਟੀਵਾਇਰਲ ਜਾਂ ਵੈਕਸੀਨ ਨਹੀਂ ਮਿਲਦੇ।

■

**ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੋ-ਸਾਲਾ ਸਿੱਖ ਧਰਮ ਅਧਿਐਨ ਪੱਤਰ-ਵਿਹਾਰ ਕੋਰਸ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਵਿਚ ਚਲਾਇਆ ਜਾ ਰਿਹਾ ਹੈ। ਇਸ ਵਿਚ ੧੬ ਸਾਲ ਤੋਂ ਵੱਡੀ ਉਮਰ ਦਾ ਕੋਈ ਵੀ ਸਿੱਖ ਜਾਂ ਗੈਰ-ਸਿੱਖ, ਜੋ ਘੱਟੋ ਘੱਟ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਪੜ੍ਹ ਲਿਖ ਸਕਦਾ ਹੋਵੇ, ਦਾਖਲਾ ਲੈ ਸਕਦਾ ਹੈ। ਕੋਰਸ ਨਾਲ ਸੰਬੰਧਿਤ ਵਧੇਰੇ ਜਾਣਕਾਰੀ www.sgpc.net ਤੋਂ ਲਈ ਜਾ ਸਕਦੀ ਹੈ ਜਾਂ ੦੧੮੩-੨੫੫੩੯੫੬, ਐਕਸ:੩੦੫ 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੁਸਤਕ ਨਸ਼ੇ: ਸਮੱਸਿਆ ਤੇ ਸਮਾਧਾਨ (ਸੰਖੇਪ ਅੰਤਰਝਾਤ)

*-ਗਿ. ਸੁਰਿੰਦਰ ਸਿੰਘ ਨਿਮਾਣਾ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਜਿੱਥੇ ਗੁਰਦੁਆਰਾ ਸਾਹਿਬਾਨ ਦੇ ਸਮੁੱਚੇ ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾ ਰਹੀ ਹੈ ਅਤੇ ਦੇਸ਼-ਵਿਦੇਸ਼ਾਂ ਅੰਦਰ ਵੱਸ ਰਹੇ ਸਿੱਖਾਂ ਦੀ ਨੁਮਾਇੰਦਗੀ ਵੀ ਕਰਦੀ ਹੈ, ਉੱਥੇ ਇਸ ਦੀ ਧਰਮ ਪ੍ਰਚਾਰ ਕਮੇਟੀ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਕਈ ਬਹੁਪੱਖੀ ਉਪਰਾਲੇ ਕਰ ਰਹੀ ਹੈ। ਇਸ ਲਈ ਧਰਮ ਪ੍ਰਚਾਰ ਕਮੇਟੀ ਵੱਲੋਂ ਬਹੁਤ ਹੀ ਵਡਮੁੱਲਾ ਗੁਰਮਤਿ ਸਾਹਿਤ ਪ੍ਰਕਾਸ਼ਿਤ ਕਰ ਕੇ ਭੇਟਾ ਰਹਿਤ ਅਤੇ ਭੇਟਾ ਸਹਿਤ ਉਪਲਬਧ ਕਰਵਾਇਆ ਗਿਆ ਹੈ। ਇਸ ਵਿਚ ਜਿੱਥੇ ਗੁਰਬਾਣੀ, ਸਿੱਖ ਇਤਿਹਾਸ, ਗੁਰ-ਇਤਿਹਾਸ ਤੇ ਸਿੱਖ ਫਲਸਫ਼ੇ ਆਦਿ ਦੀਆਂ ਪੁਸਤਕਾਂ ਸ਼ਾਮਲ ਹਨ, ਉੱਥੇ ਸਮਾਜ ਵਿਚ ਫੈਲੀਆਂ ਅਨੇਕਾਂ ਹੀ ਬੁਰਾਈਆਂ ਨੂੰ ਗੁਰਬਾਣੀ ਦੀ ਰੋਸ਼ਨੀ ਵਿਚ ਦੂਰ ਕਰਨ ਹਿੱਤ ਵੀ ਪੁਸਤਕਾਂ ਰਾਹੀਂ ਮਨੁੱਖਤਾ ਨੂੰ ਸੁਚੇਤ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਇਸੇ ਹੀ ਲੜੀ ਤਹਿਤ ਵਿਚਾਰਧੀਨ ਸੰਪਾਦਿਤ ਪੁਸਤਕ 'ਨਸ਼ੇ: ਸਮੱਸਿਆ ਤੇ ਸਮਾਧਾਨ' ਨੂੰ ਵੇਖਿਆ-ਜਾਂਚਿਆ ਜਾ ਸਕਦਾ ਹੈ।

ਨਸ਼ਾ ਇਕ ਅਜਿਹੀ ਬਦ-ਬਲਾਅ ਹੈ ਜੋ ਜਿਹੜੇ ਵੀ ਮਨੁੱਖ ਨੂੰ ਇਕ ਵਾਰ ਚੰਬੜ ਜਾਂਦੀ ਹੈ ਤਾਂ ਮੁੜ ਉਸ ਦਾ ਖਹਿੜਾ ਨਹੀਂ ਛੱਡਦੀ। ਇਹ ਸਰੀਰ ਨੂੰ ਕਮਜ਼ੋਰ, ਮਨ ਨੂੰ ਕੰਮ-ਚੋਰ ਅਤੇ ਆਤਮਾ ਨੂੰ ਦੂਸ਼ਿਤ ਕਰ ਕੇ ਹੀ ਛੱਡਦੀ ਹੈ। ਸਾਰੇ ਇਨਸਾਨੀ ਅਤੇ ਰੂਹਾਨੀ ਗੁਣਾਂ ਨੂੰ ਇਹ ਧੂੜ ਦੇ ਬੱਦਲਾਂ ਵਾਂਗ ਉਡਾ ਲਿਜਾਂਦੀ ਹੈ। ਨਸ਼ੇ ਦੇ ਅਮਲੀਆਂ ਬਾਰੇ ਸਭ ਨੇ ਅਵੱਲੀਆਂ ਅਤੇ ਝੱਲ-ਵਲੱਲੀਆਂ ਦੀ ਸੋਅ ਸਭ ਚੇਤੰਨ ਲੋਕਾਂ ਨੇ ਸੁਣੀ ਹੋਈ ਹੈ। ਦਰਅਸਲ ਨਸ਼ੇ ਦਾ ਪੱਕਾ ਆਦੀ ਆਪਣਾ ਸਭ ਕੁਝ ਗਵਾ ਕੇ ਇਕ ਤਰ੍ਹਾਂ ਆਪਣੀ ਮੌਤ ਨੂੰ ਹੀ ਬੁਲਾਵਾ ਦੇ ਰਿਹਾ ਹੁੰਦਾ ਹੈ। ਨਸ਼ਾ ਕੋਈ ਚੰਗਾ ਨਹੀਂ। ਇਹ ਮਨੁੱਖ ਨੂੰ ਓੜਕ ਡਰੌਣਾ ਤੇ ਅਣਹੋਣਾ ਬਣਾ ਕੇ ਹੀ ਛਡਦਾ ਹੈ।

ਨਸ਼ਿਆਂ ਦੇ ਐਬਾਂ ਉੱਪਰ ਸੁਘੜ ਸੁਜਾਨ ਦਾਨਿਸ਼ਵਰ ਲੇਖਕਾਂ ਦੁਆਰਾ ਲਿਖੇ ਲੇਖਾਂ ਨੂੰ ਸੰਪਾਦਕ ਸਤਵਿੰਦਰ ਸਿੰਘ ਫੂਲਪੁਰ ਅਤੇ ਸਹਾਇਕ ਸੰਪਾਦਕ ਬਿਕਰਮਜੀਤ ਸਿੰਘ ਜੀਤ ਦੁਆਰਾ ਸੰਯੁਕਤ ਰੂਪ 'ਚ ਮੁੜ ਸੰਪਾਦਿਤ ਕੀਤੀ ਇਕ ਲਾਜਵਾਬ ਤੇ ਲਾਹੇਵੰਦ ਕਿਤਾਬ ਹੈ, ਜੋ ਕਿ ਪਾਠਕਾਂ ਨੂੰ ਨਸ਼ਿਆਂ ਦੇ ਵਿਭਿੰਨ ਨੁਕਸਾਨਾਂ ਸੰਬੰਧੀ ਦੱਸ ਕੇ ਇਕ ਨਸ਼ਾ-ਮੁਕਤ ਸਮਾਜ ਦੀ ਨੀਂਹ ਰੱਖਣ ਦਾ ਭਰਪੂਰ ਉਪਰਾਲਾ ਅਖਵਾ

** ੫, ਹੰਸਲੀ ਕੁਆਟਰਜ਼, ਨਿਊ ਤਹਿਸੀਲਪੁਰਾ, ਸ੍ਰੀ ਅੰਮ੍ਰਿਤਸਰ-੧੪੩੦੦੧; ਮੋ. ੯੮੭੨੭-੩੫੧੧੧*

ਸਕਦੀ ਹੈ। ਇਹ ਪੁਸਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਆਉਂਦੇ ਹਰੇਕ ਇਤਿਹਾਸਿਕ ਗੁਰਦੁਆਰਾ ਸਾਹਿਬ ਵਿਚ ਸਥਿਤ ਲਿਟਰੇਚਰ ਹਾਊਸ ਵਿਚ ਕੇਵਲ ੭੦ ਰੁਪਏ ਭੇਟਾ-ਸਹਿਤ ਉਪਲਬਧ ਹੈ।

ਪੌਣੇ ਦੋ ਸੌ ਪੰਨਿਆਂ ਦੀ ਪੁਸਤਕ 'ਨਸ਼ੇ:ਸਮੱਸਿਆ ਤੇ ਸਮਾਧਾਨ' ਕੁੱਲ ਤੇਈ ਅਤਿ ਵਿਚਾਰ ਭਰਪੂਰ ਸੰਜੀਦਾ ਲੇਖਾਂ ਦਾ ਇਕ ਸੁੰਦਰ ਤੇ ਉਪਯੋਗੀ ਗੁਲਦਸਤਾ ਕਹਾਉਣ ਦਾ ਹੱਕ ਰੱਖਦੀ ਹੈ। ਵੱਖ-ਵੱਖ ਸਮੇਂ 'ਗੁਰਮਤਿ ਪ੍ਰਕਾਸ਼' ਪਤ੍ਰਿਕਾ 'ਚ ਪ੍ਰਕਾਸ਼ਿਤ ਹੋਏ ਲੇਖਾਂ ਨੂੰ ਇੱਕਤ੍ਰਿਤ ਕਰ ਕੇ ਸੁਘੜ ਸੰਪਾਦਕਾਂ ਨੇ ਇਸ ਨੂੰ ਸੁਹਣੇ ਸਲੀਕੇ ਸਹਿਤ ਪ੍ਰਸਤੁਤ ਕੀਤਾ ਹੈ। ਇਸ ਦੇ ਨਾਲ ਗੁਰਮਤਿ ਕਵੀਆਂ ਦੀਆਂ ਚਾਰ ਕਵਿਤਾਵਾਂ ਵੀ ਇਸ ਦਾ ਇਕ ਅਟੁੱਟ ਹਿੱਸਾ ਹਨ।

ਅਤਿ ਸੰਖੇਪ ਅੰਤਰ-ਝਾਤ ਪੁਆਉਂਦਿਆਂ ਮੈਂ ਆਪਣੀ ਤੁੱਛ ਬੁੱਧੀ ਮੁਤਾਬਿਕ ਆਪਣਾ ਕੁਝ ਕੁ ਜਾਇਜ਼ਾ ਪਾਠਕਾਂ ਤਕ ਪਹੁੰਚਾਉਣਾ ਲੋੜਦਾ ਹਾਂ।

ਪੁਸਤਕ ਦੇ ਅਰੰਭ ਵਿਚ ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਾਣਯੋਗ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਦਾ 'ਸੰਦੇਸ਼' ਸ਼ਾਮਲ ਕੀਤਾ ਹੈ, ਉੱਥੇ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਵੱਲੋਂ ਵਿਸ਼ੇਸ਼ ਰੂਪ ਵਿਚ 'ਦੋ ਸ਼ਬਦ' ਲਿਖ ਕੇ ਇਸ ਪੁਸਤਕ ਦੀ ਸਾਰਥਿਕਤਾ ਅਤੇ ਮਹੱਤਵ ਨੂੰ ਦਰਸਾਇਆ ਗਿਆ ਹੈ।

ਸਭ ਤੋਂ ਪਹਿਲਾ ਸ. ਕਿਰਪਾਲ ਸਿੰਘ ਬਡੂੰਗਰ ਹੁਰਾਂ ਦੁਆਰਾ ਲਿਖਿਆ ਲੇਖ 'ਨਸ਼ੇ ਨਿਗਲ ਗਏ ਪੰਜਾਬ ਨੂੰ' ਹੱਸਦੇ-ਵਸਦੇ ਪੰਜਾਬ ਦੀ ਯਥਾਰਥਕ ਸਥਿਤੀ ਨੂੰ ਪਾਠਕਾਂ ਦੇ ਦ੍ਰਿਸ਼ਟੀਗੋਚਰ ਕਰਦਾ ਹੈ। ਦੇਸ਼ ਦੀ ਪ੍ਰਾਚੀਨ ਕਾਲ ਦੀ ਉਚੇਰੀ ਪੱਧਰ ਨੂੰ ਦਰਸਾਉਂਦਿਆਂ, ਮੌਜੂਦਾ ਦੀਨ-ਦਸ਼ਾ ਨੂੰ ਇਹ ਲੇਖ ਦਰਸਾਉਣ ਲਈ ਇਕ ਚੰਗਾ ਉਪਰਾਲਾ ਹੈ। ਬਡੂੰਗਰ ਹੁਰੀਂ ਕਲਮ ਨੂੰ ਪ੍ਰਣਾਏ ਹੋਏ ਵਿਦਵਾਨ ਹਨ ਜਿਨ੍ਹਾਂ ਨੇ ਪੰਜਾਬ ਦਾ ਸੁਨਹਿਰਾ ਅਤੀਤ ਦਰਸਾਉਂਦੇ ਮੌਜੂਦਾ ਸਥਿਤੀ ਅਨੁਸਾਰ ਪ੍ਰੋ. ਪੂਰਨ ਸਿੰਘ ਦੇ ਸ਼ਬਦ ਦਰਸਾਏ ਹਨ:

"ਪੰਜਾਬ ਹਿੰਦੂ ਨ ਮੁਸਲਮਾਨ, ਪੰਜਾਬ ਜੀਂਦਾ ਗੁਰਾਂ ਦੇ ਨਾਂ 'ਤੇ।" ਲੇਖਕ ਨੇ "ਵਾਗਾਂ ਛੱਡ ਦੇ ਹੰਝੂਆਂ ਵਾਲੀਏ ਨੀ", ਕਵਿਤਾ ਜੋ ਪ੍ਰੋ. ਮੋਹਨ ਸਿੰਘ ਦੀ ਅਤਿਅੰਤ ਸਮਰੱਥ ਤੇ ਪੁਖਤਾ ਕਲਮ ਦੀ ਉਪਜ ਹੈ, ਉਸ 'ਚੋਂ ਦਿੱਤਾ ਬੰਦ-ਅੰਸ਼ ਪੰਜਾਬ ਦੇ ਭਾਰਤੀ ਸੈਨਾ 'ਚ ਇਕ ਜ਼ਿਕਰਯੋਗ ਭਾਗੀਦਾਰੀ ਨੂੰ ਚੇਤਾਉਂਦਿਆਂ ਇਹ ਲੇਖ ਨਸ਼ਿਆਂ ਪ੍ਰਤੀ ਘੋਰ ਨਫ਼ਰਤ ਪੈਦਾ ਕਰਦਾ ਵੇਖਿਆ-ਜਾਂਚਿਆ ਜਾ ਸਕਦਾ ਹੈ। ੧੯੪੭ ਈ. ਦਾ ਦੁਖਾਂਤ ਸਾਨੂੰ ਯਾਦ ਕਰਾਉਂਦਿਆਂ ਹੁਣ ਦੇਸ਼ ਨੂੰ ਇਕਮੁੱਠ ਤੇ ਇਕਜੁੱਟ ਹੋਣ ਦਾ ਨਿਰਮਲ ਸੁਨੇਹਾ ਦਿੰਦਾ ਹੈ।

ਦੂਸਰਾ ਲੇਖ-'ਨਸ਼ਿਆਂ ਦੇ ਕਾਰਨ, ਉਪਾਅ ਤੇ ਇਨ੍ਹਾਂ ਦੇ ਆਰਥਿਕ ਅਤੇ

ਰਾਜਨੀਤਿਕ ਪ੍ਰਭਾਵ' ਸੁਪ੍ਰਸਿੱਧ ਪੰਜਾਬੀ ਲੇਖਕ ਡਾ. ਸਰਬਜੀਤ ਸਿੰਘ ਛੀਨਾ ਦੀ ਰਚਨਾ ਹੈ ਜੋ ਇਹ ਦਰਸਾਉਣ ਦੀ ਚੇਸ਼ਟਾ ਕਰਦਾ ਹੈ ਕਿ ਤਿੰਨ ਗਵਾਂਢੀ ਮੁਲਕ- ਅਫ਼ਗਾਨਿਸਤਾਨ, ਈਰਾਨ ਅਤੇ ਪਾਕਿਸਤਾਨ ਇਸ ਲਈ ਵਧੇਰੇ ਜ਼ਿੰਮੇਵਾਰ ਹਨ। ਬੇਰੁਜ਼ਗਾਰੀ ਤੇ ਵਿੱਦਿਆ ਦੀ ਘਾਟ ਨੂੰ ਰੋਕਣ ਦਾ ਸੁਨੇਹਾ ਹੈ। ਆਮ ਵਿੱਦਿਆ ਅਤੇ ਨੈਤਿਕ ਵਿੱਦਿਆ ਦੀ ਬੇਹੱਦ ਲੋੜ ਲੇਖਕ ਨੇ ਮਹਿਸੂਸ ਕਰਾਉਣ ਦੀ ਚੇਸ਼ਟਾ ਕੀਤੀ ਹੈ।

ਡਾ. ਹਰਸ਼ਿੰਦਰ ਕੌਰ ਦਾ ਲੇਖ- 'ਨਸ਼ੇ ਦੇ ਆਦੀ ਮਰੀਜ਼ ਦਾ ਇਲਾਜ ਕਿਵੇਂ ਹੋਵੇ?' ਬੇਹੱਦ ਕਾਰਗਰ ਤੇ ਉਪਯੋਗੀ ਲੇਖ ਹੈ ਜੋ ਕਿ ਅਸਲੀ/ਵਿਹਾਰਕ ਕਾਰਜ ਨਾਲ ਸੰਬੰਧਿਤ ਤਜਰਬਿਆਂ ਨੂੰ ਪ੍ਰਸਤੁਤ ਕਰਦਾ ਹੈ। ਇਹ ਨਸ਼ਿਆਂ ਦੇ ਕੋਹੜ ਦੇ ਸਾਰੇ ਲਾਚਾਰ ਨਸ਼ੇੜੀਆਂ ਦੀ ਬਾਂਹ ਪਕੜ ਸਕਦਾ ਹੈ। ਘਰ-ਪਰਵਾਰ 'ਚ ਕਿਸੇ ਨਸ਼ਈ ਨਾਲ ਕਿਵੇਂ ਨਜਿੱਠਣਾ ਹੈ- ਇਹ ਰਸਤਾ ਇਸ 'ਚ ਅੰਕਿਤ ਹੈ।

ਡਾ. ਸ਼ਿਆਮ ਸੁੰਦਰ ਦੀਪਤੀ ਕਿਸੇ ਜਾਣ-ਪਛਾਣ ਦੇ ਮੁਥਾਜ ਨਹੀਂ। ਅੰਮ੍ਰਿਤਸਰ ਦੇ ਨਿਵਾਸੀ ਦੀਪਤੀ ਜੀ ਦੀ ਸੋਅ ਦੂਰ-ਦੂਰ ਤਕ ਫੈਲੀ ਹੋਈ ਹੈ। ਰਾਜਸੀ ਮਾਹੌਲ ਨੂੰ ਉਨ੍ਹਾਂ ਨੇ ਮੁੱਖ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ ਹੈ। ਇਹ ਇਕ ਮਨੋਵਿਗਿਆਨਕ ਆਧਾਰ ਦਾ ਬਾਕਮਾਲ ਲੇਖ ਹੈ। ਮਨੋਵਿਗਿਆਨਕ ਇਲਾਜ ਨੂੰ ਹੀ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਇਹ ਵਿਚਾਰ-ਨੁਕਤਾ ਸੋਲਾਂ ਆਨੇ ਸੱਚ ਹੈ। ਧਰਮ ਪ੍ਰਚਾਰ ਕਮੇਟੀ ਵੱਲੋਂ ਪ੍ਰਕਾਸ਼ਿਤ ਹੁੰਦੀਆਂ 'ਗੁਰਮਤਿ ਪ੍ਰਕਾਸ਼' ਅਤੇ 'ਗੁਰਮਤਿ ਗਿਆਨ' (ਹਿੰਦੀ) ਦੋਨਾਂ ਪੱਤ੍ਰਿਕਾਵਾਂ ਨਾਲ ਜੁੜ ਕੇ ਵੀ ਉਨ੍ਹਾਂ ਨੇ ਕਾਫੀ ਕਾਰਜ ਕੀਤਾ ਹੈ।

ਸ. ਸਤਬੀਰ ਸਿੰਘ ਸੁਘੜ ਦਾਨਿਸ਼ਵਰ ਹਨ, ਜਿਨ੍ਹਾਂ ਦੀਆਂ ਸੁਘੜ ਤੇ ਕਾਰਗਰ ਸੇਵਾਵਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਈ ਵਰ੍ਹਿਆਂ ਤੋਂ ਲੈਂਦੀ ਆ ਰਹੀ ਹੈ। ਲੇਖਕ ਨੇ ਵਿਚਾਰ ਨੁਕਤਾ ਤੋਰਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਸਾਜੇ ਖਾਲਸਾ ਪੰਥ ਨੇ ਪੰਜਾਬ ਵੱਲ ਮੂੰਹ ਕਰੀ ਬੈਠੇ ਹਮਲਾਵਰਾਂ ਦਾ ਮੂੰਹ ਮੋੜਿਆ ਜੋ ਕਿ ਬੇਮਿਸਾਲ ਹੈ। ਲੇਖਕ ਨੇ ਬੱਚਿਆਂ ਅਤੇ ਨੌਜਵਾਨਾਂ ਦੋਨਾਂ ਧਿਰਾਂ ਨੂੰ ਖਾਸ ਤੌਰ 'ਤੇ ਨਸ਼ਿਆਂ ਤੋਂ ਬਚਾਉਣ ਲਈ ਪ੍ਰੇਰਿਤ ਕੀਤੇ ਜਾਣ ਦਾ ਕਾਰਗਰ ਸੁਝਾਅ ਦਿੱਤਾ ਹੈ। ਨਸ਼ਿਆਂ ਨੂੰ ਰੋਕਣ ਲਈ ਸਮੇਂ ਦੀਆਂ ਸਰਕਾਰਾਂ ਨੂੰ ਸਖ਼ਤ ਹੋਣ ਦੀ ਲੋੜ ਜਤਾਈ ਹੈ। ਲੇਖਕ ਅਨੁਸਾਰ ਸਰਕਾਰਾਂ ਦੁਆਰਾ ਨਸ਼ਿਆਂ ਤੋਂ ਆਮਦਨ ਦਾ ਲਾਲਚ ਇਸ ਪਿੱਛੇ ਮੂਲ ਜੜ੍ਹ ਹੈ।

ਲੇਖਕ ਡਾ. ਇੰਦਰਜੀਤ ਸਿੰਘ ਗੋਗੋਆਣੀ ਹੁਰਾਂ ਦਾ ਵਿਚਾਰ ਹੈ ਕਿ ਕੋਈ ਮੁਲਕ ਕਿੰਨਾ ਵੀ ਖੁਸ਼ਹਾਲ ਹੋਵੇ ਜੇਕਰ ਉੱਥੋਂ ਦੇ ਲੋਕ ਨਸ਼ਿਆਂ 'ਚ ਖਚਿਤ ਹੋ ਜਾਣ ਤਾਂ ਉਸ ਨੂੰ ਤਬਾਹ ਹੋਣ ਤੋਂ ਕੋਈ ਵੀ ਨਹੀਂ ਬਚਾ ਸਕਦਾ। ਉਨ੍ਹਾਂ ਦੇ ਸ਼ਬਦ ਗੌਰ ਕਰਨਯੋਗ ਹਨ ਕਿ "ਧਰਤੀ ਦਾ ਸੱਚ ਹੈ ਕਿ- ਨਸ਼ੇ ਕਰ ਕੇ ਕੋਈ ਪਹਿਲਵਾਨ ਤਾਂ ਬਣਿਆ ਨਹੀਂ, ਸਗੋਂ ਬਹੁਤ ਜਲਦੀ ਅਰਥੀ ਦਾ ਭਾਰ ਹੀ ਬਣਦਾ ਹੈ।" ਲੇਖਕ ਨੇ

ਨਸ਼ਿਆਂ ਦੇ ਅਣਗਿਣਤ ਹੀ ਪ੍ਰਤੀਕਰਮ ਅਤੇ ਪ੍ਰਭਾਵ ਦਰਸਾਏ ਹਨ, ਜਿਵੇਂ ਸੜਕਾਂ 'ਤੇ ਹੁੰਦੇ ਹਾਦਸੇ, ਲੁੱਟਾਂ-ਖੋਹਾਂ, ਝਗੜੇ, ਕਤਲੋਗਾਰਤ, ਪਰਵਾਰਕ ਕਲੇਸ਼, ਤਲਾਕ, ਇਸਤਰੀਆਂ ਦੀ ਦੁਰਦਸ਼ਾ, ਬੱਚਿਆਂ ਉੱਪਰ ਪ੍ਰਭਾਵ, ਦੁਰਘਟਨਾਵਾਂ, ਅਵਾਰਾਗਰਦੀ, ਅਪਾਹਜ਼ ਬੱਚਿਆਂ ਦੀ ਦੁਰ- ਪੈਦਾਇਸ਼, ਕਰਜ, ਆਤਮ-ਹੱਤਿਆਵਾਂ, ਪਤਿਤਪੁਣਾ, ਹੇਰਾਫੇਰੀ ਆਦਿ। ਲੇਖਕ ਅਨੁਸਾਰ ਇਨ੍ਹਾਂ ਅਤੇ ਇਨ੍ਹਾਂ ਤੋਂ ਇਲਾਵਾ ਹੋਰ ਵੀ ਸਮੱਸਿਆਵਾਂ ਨਸ਼ਿਆਂ ਦੀ ਹੀ ਦੇਣ ਹਨ।

ਡਾ. ਪਰਮਵੀਰ ਸਿੰਘ ਨੇ- 'ਨਸ਼ੇ: ਇਕ ਸਮਾਜਿਕ ਰੋਗ' ਲੇਖ ਰਾਹੀਂ ਸ਼ਰਾਬ ਪੀਣ ਵਾਲਿਆਂ ਨੂੰ ਵੀ ਲੰਮੇ ਹੱਥੀਂ ਲਿਆ ਹੈ। ਉਨ੍ਹਾਂ ਨੇ ਇੱਥੇ ਹੀ ਗੱਲ ਮੁਕਾਉਣੀ ਯੋਗ ਸਮਝੀ ਹੈ ਕਿ, "ਨਸ਼ਿਆਂ ਦੇ ਨੁਕਸਾਨ ਏਨੇ ਹਨ ਕਿ ਗਿਣੇ ਜਾਣੇ ਹੀ ਸੰਭਵ ਨਹੀਂ।" ਇਹ ਵਿਚਾਰ-ਨੁਕਤਾ ਵੀ ਬੇਹੱਦ ਕਾਰਗਰ ਤੇ ਅਸਰਦਾਇਕ ਹੈ ਕਿ "ਨਸ਼ੇ ਛੱਡੋ ਕੋਹੜ ਵੱਢੋ।" ਅਤਿ ਠੰਡੇ ਮੁਲਕਾਂ ਦੀ ਦੇਖਾ-ਦੇਖੀ ਸਾਡੇ ਗਰਮ ਦੇਸ਼ ਅੰਦਰ ਸ਼ਰਾਬ ਦਾ ਵਰਤਾਰਾ ਘੋਰ ਗ਼ਲਤ ਹੈ। ਅਜੀਬ ਮਾਜ਼ਰਾ ਹੈ ਕਿ ਇਹ ਵਰਤਾਰਾ ਖੁਸ਼ੀ ਅਤੇ ਗਮੀ ਦੋਨਾਂ ਮੌਕਿਆਂ ਉੱਪਰ ਵਰਤ ਰਿਹਾ ਹੈ।

ਇਸ ਤੋਂ ਪਹਿਲੇ ਕ੍ਰਮ 'ਚ ਦਿੱਤਾ ਲੇਖ ਕਰਨਲ ਦੇਵਿੰਦਰ ਸਿੰਘ ਦੀ ਕਲਮ ਦੀ ਉਪਜ ਹੈ- 'ਸ਼ਰਾਬ: ਬਹੁਪੱਖੀ ਸਰਾਪ' ਸਾਰੇ ਨਸ਼ੀਲੇ ਪਦਾਰਥਾਂ ਦੇ ਘੋਰ ਪ੍ਰਭਾਵ ਦਰਸਾਉਂਦਾ ਹੋਇਆ ਰਸਾਇਣਾਂ ਦਾ ਇਸ ਸੰਸਾਰ 'ਚ ਬਹੁਤ ਦੁਰਉਪਯੋਗ ਹੋਣ ਦਾ ਪੱਖ ਦੱਸਦਿਆਂ ਸ਼ਰਾਬ ਦਾ ਸੇਵਨ ਸਾਰੇ ਤਰ੍ਹਾਂ ਦੇ ਅਸੂਲਾਂ ਨੂੰ ਤਾਕ 'ਤੇ ਰੱਖਣ ਦੀ ਨੌਬਤ ਲਿਆ ਦਿੰਦਾ ਹੈ। ਜ਼ਿੰਦਗੀ ਦੀਆਂ ਸਾਰੀਆਂ ਸੁੱਚੀਆਂ ਕਦਰਾਂ-ਕੀਮਤਾਂ ਸ਼ਰਾਬ ਦਾ ਸੇਵਨ ਖਸ ਲੈਂਦਾ ਹੈ। ਪਦਾਰਥਵਾਦ ਦੇ ਯੁੱਗ 'ਚ ਸ਼ਰਾਬ ਪੀ ਕੇ ਸਾਰੇ ਸਰੀਰਕ, ਮਾਨਸਿਕ ਨਰੋਆਪਨ ਖੋ ਬੈਠਦੇ ਹਾਂ। ਕਰਨਲ ਹੁਰਾਂ ੧੯ ਪ੍ਰਸ਼ਨ ਸ਼ਰਾਬੀ ਨੂੰ ਆਪਣੇ ਆਪ ਨੂੰ ਕਰਨ ਲਈ ਦਿੰਦਿਆਂ ਉਸ ਨੂੰ ਨਸ਼ੇ-ਮੁਕਤ ਕਰਨ ਦਾ ਰਾਹ ਉਲੀਕਿਆ ਹੈ।

ਸ. ਬਲਜੀਤ ਸਿੰਘ ਖਾਲਸਾ ਸਿੱਖੀ ਸੋਚ ਨੂੰ ਪ੍ਰਣਾਇਆ ਹੋਇਆ ਇਕ ਸੱਚਾ ਸਿੱਖ ਨੌਜਵਾਨ ਹੈ ਜਿਸ ਨੇ 'ਗੁਰਮਤਿ ਪ੍ਰਕਾਸ਼' ਨਾਲ ਜੁੜ ਕੇ ਵੱਡਾ ਨਾਮਣਾ ਖੱਟਿਆ ਅਤੇ ਇਸ ਗੁਰਮਤਿ ਪਤ੍ਰਿਕਾ ਦਾ ਉਹ ਇਕ ਪ੍ਰਪੱਕ ਲੇਖਕ ਹੋ ਕੇ ਨਿੱਤਰਿਆ। ਮਨੋਵਿਗਿਆਨਕ ਢੰਗ-ਤਰੀਕਿਆਂ ਉੱਪਰ ਖਾਲਸਾ ਜੀ ਦਾ ਲੇਖ ਉਨ੍ਹਾਂ ਦੀ ਖਾਲਸ ਗੁਰਮਤਿ ਸੋਚ ਅਤੇ ਸਮਰਪਣ ਨੂੰ ਪ੍ਰਗਟਾਉਂਦਾ ਇਕ ਅਤਿ ਪ੍ਰਭਾਵਸ਼ਾਲੀ ਲਿਖਤ ਹੈ। ਕਿਸੇ ਉਰਦੂ ਸ਼ਾਇਰ ਦਾ ਇਹ ਕਥਨ ਉਸ ਦੀ ਸਮੁੱਚੀ ਗੁਰਮਤਿ ਰਚਨਾ ਉੱਪਰ ਸ਼ਤਪ੍ਰਤੀਸ਼ਤ ਢੁੱਕਦਾ ਹੈ ਕਿ:

"ਜੋ ਬਾਤ ਦਿਲ ਸੇ ਨਿਕਲਤੀ ਹੈ, ਅਸਰ ਰਖਤੀ ਹੈ। ਪੰਖ ਨਹੀਂ ਤਾਕਤ-ਏ-ਪਰਵਾਜ਼ ਮਗਰ ਰਖਤੀ ਹੈ।" ਲੇਖਕ ਦੇ ਦੋ ਆਰੰਭਕ ਵਾਕ ਹੀ ਇਹ ਦਰਸਾ ਸਕਦੇ ਹਨ

ਕਿ ਖਾਲਸਾ ਵੀਰ ਜੀ ਕਿਸ ਤਰ੍ਹਾਂ ਗੁਰਮਤਿ ਚੇਤੰਨਤਾ ਨੂੰ ਪ੍ਰਣਾਏ ਹੋਏ ਹਨ– "ਗੁਰੂ ਸਾਹਿਬਾਨ ਦੀ ਭੂਮੀ ਪੰਜਾਬ ਲਈ ਸਮੱਸਿਆਵਾਂ ਅਤੇ ਮੁਸੀਬਤਾਂ ਕੋਈ ਅਣਡਿੱਠੀਆਂ ਬਲਾਵਾਂ ਨਹੀ ਬਲਕਿ ਸੂਰਮਿਆਂ ਦੀ ਖਾਣ ਕਹੀ ਜਾਣ ਵਾਲੀ ਇਸ ਧਰਤੀ ਦਾ ਜਿੰਨਾ ਕੁ ਇਤਿਹਾਸ ਸਾਡੀ ਨਜ਼ਰ ਵਿਚ ਆਉਂਦਾ ਹੈ, ਉਸ ਤੋਂ ਇਹੀ ਪਤਾ ਲੱਗਦਾ ਹੈ ਕਿ ਇਸ ਧਰਤੀ ਦੇ ਵਸਨੀਕ ਮੁਸੀਬਤਾਂ ਨਾਲ ਜੂਝਦੇ ਅਤੇ ਉਨ੍ਹਾਂ ਉੱਪਰ ਫਤਹ ਪਾਉਂਦੇ ਆਏ ਹਨ। ਪਰ ਸਮੱਸਿਆਵਾਂ ਨਾਲ ਜੂਝਣ ਵਾਲੇ ਲਹੂ ਨੂੰ ਹੀ ਨਸ਼ਿਆਂ ਰਾਹੀਂ ਵਿਸ਼ੈਲਾ ਕਰ ਸੁੱਟਣ 'ਤੇ ਉਤਾਰੂ ਸਮੱਸਿਆ ਵਾਕਈ ਗੰਭੀਰ ਹੈ, ਸ਼ਾਇਦ ਤਾਂ ਹੀ ਪੰਜਾਬ ਦੇ ਇਤਿਹਾਸ ਵਿਚ ਅੱਜ ਵਰਗਾ ਵਰਤਮਾਨ ਕਦੀ ਨਹੀਂ ਸੀ ਆਇਆ, ਜਦੋਂ ਸਮੱਸਿਆਵਾਂ ਨਾਲ ਜੂਝਣ ਦੀ ਉਮੀਦ ਕੇਵਲ ਉਨ੍ਹਾਂ ਚੰਦ ਕੁ ਲੋਕਾਂ ਤੋਂ ਕੀਤੀ ਜਾਣ ਲੱਗੀ ਹੈ, ਜੋ ਕਿ ਅੱਜ ਪੰਜਾਬ ਲਈ ਖ਼ੁਦ ਇਕ ਸਮੱਸਿਆ ਹਨ।"

ਲੇਖਕ ਦਾ ਇਹ ਸਮੁੱਚਾ ਲੇਖ ਉਨ੍ਹਾਂ ਦੇ ਗੁਰਮਤਿ ਚਿੰਤਨ/ਵਿਚਾਰਧਾਰਾ ਅਤੇ ਸਿੱਖੀ ਸਮਰਪਣ ਦਾ ਇਕ ਉਸਾਰੂ ਪਰਿਵਰਤਨ ਲਿਆਉਣ ਦੀਆਂ ਸੰਭਾਵਨਾਵਾਂ ਨਾਲ ਭਰਪੂਰ ਹੈ।

ਸ. ਜਗਜੀਤ ਸਿੰਘ ਦੋਰਾਹਾ ਦਾ ਲੇਖ "ਇਤੁ ਮਦਿ ਪੀਤੈ ਨਾਨਕਾ" ਨਸ਼ਿਆਂ ਦੀ ਸਮੱਸਿਆ ਦੀ ਅਤਿ ਗੰਭੀਰਤਾ ਨੂੰ ਉਜਾਗਰ ਕਰਦਾ ਹੈ, ਲੇਖਕ ਅਨੁਸਾਰ:

"ਇਸ ਲਾਹਨਤ ਨੇ ਸਾਡੇ ਸਮਾਜ ਵਿਚ ਘਰ-ਘਰ ਦਾਖ਼ਲ ਹੋ ਕੇ ਮੌਤ ਦਾ ਤਾਂਡਵ ਨਚਾ ਲਿਆ ਹੋਇਆ ਹੈ।"

ਨਸ਼ਿਆਂ ਦੀ ਵਰਤੋਂ, ਨਸ਼ਾ ਫੈਲਣ ਦੇ ਕਾਰਨ, ਚਰਚਿਤ ਸ਼ਖ਼ਸੀਅਤਾਂ ਦਾ ਇਨ੍ਹਾਂ ਦੁਆਰਾ ਖਾਤਮਾ, ਸਰਕਾਰੀ ਅਤੇ ਪ੍ਰਾਈਵੇਟ ਪੱਧਰਾਂ 'ਤੇ ਹੋ ਰਹੀਆਂ ਕੋਸ਼ਿਸ਼ਾਂ ਦੇ ਬਾਵਜੂਦ ਜੋ ਇਸ ਮਾੜੇ ਰੁਝਾਨ ਨੂੰ ਠੱਲ੍ਹ ਨਹੀਂ ਪੈ ਰਹੀ, ਗੁਰਬਾਣੀ ਅਨੁਸਾਰ ਨਸ਼ਈ ਦੀ ਹਾਲਤ ਅਤੇ ਗੁਰਬਾਣੀ ਅਨੁਸਾਰ ਨਸ਼ਿਆਂ ਤੋਂ ਛੁਟਕਾਰਾ ਪਾਉਣ ਲਈ ਸਿਰਲੇਖਾਂ ਅਧੀਨ ਬਹੁਤ ਹੀ ਗੰਭੀਰਤ ਸਹਿਤ ਸਮੁੱਚੀ ਵਿਚਾਰ ਨੂੰ ਪ੍ਰਸਤੁਤ ਕੀਤਾ ਹੋਣ ਕਰਕੇ, ਇਹ ਲੇਖ ਇਕ ਅਤਿ ਸੰਜੀਦਾ ਹੋ ਨਿਬੜਿਆ ਹੈ।

ਸ. ਬਲਵਿੰਦਰ ਸਿੰਘ ਗੰਭੀਰ ਪਿਛਲੇ ਕੁਝ ਕੁ ਦਹਾਕਿਆਂ ਤੋਂ 'ਗੁਰਮਤਿ ਪ੍ਰਕਾਸ਼' ਲਈ ਸਮਰਪਿਤ ਹੋ ਕੇ ਲਿਖਣ ਵਾਲਾ ਇਕ ਅਜਿਹਾ ਕਲਮਕਾਰ ਹੈ ਜਿਸ ਦੀ ਕਲਮ ਹੀ ਉਸ ਦਾ ਸਭ ਕੁਝ ਹੈ। ਗੰਭੀਰ ਦਾ ਸਿਰਫ਼ ਤਖੱਲਸ ਹੀ ਗੰਭੀਰ ਨਹੀਂ ਉਹ ਅਮਲੀ ਰੂਪ 'ਚ ਇਕ ਸੰਜੀਦਾ ਇਨਸਾਨ ਹੈ। ਉਹ ਮੁਢਲੇ ਸਖਤ ਹਾਲਾਤ ਕਾਰਨ ਗੁਰਮਤਿ ਦੇ ਨਾਲ ਘੱਟ ਜੁੜਿਆ ਪਰ ਜਦੋਂ ਉਹ ਜੁੜ ਗਿਆ ਉਦੋਂ ਉਸ ਨੇ ਆਪਣੀ ਕਲਮ ਦਾ ਅਜਿਹਾ ਜਲਵਾ ਦਿਖਾਇਆ ਕਿ ਉਹ 'ਗੁਰਮਤਿ ਪ੍ਰਕਾਸ਼' ਦਾ ਇਕ ਚਰਚਿਤ ਲੇਖਕ ਹੋ ਨਿਬੜਿਆ ਹੈ। ਇਸ ਤਹਿਤ ਵਿਚਾਰਅਧੀਨ ਪੁਸਤਕ ਵਿਚ ਉਸ ਦਾ ਲੇਖ 'ਨਸ਼ਿਆਂ ਦੇ ਤੰਦੂਏ ਜਕੜ ਲਈ ਜਵਾਨੀ' ਵਿਸ਼ੇਸ਼ ਧਿਆਨ ਦੀ

ਮੰਗ ਕਰਦਾ ਹੈ।

ਡਾ. ਗੁਰਮੀਤ ਸਿੰਘ ਦੀ ਅਤਿ ਸੰਜੀਦਾ ਤੇ ਪੁਖਤਾ ਕਲਮ ਦੀ ਰਚਨਾ 'ਚ ਨਸ਼ੇ ਦੇ ਤਸਕਰਾਂ ਨੂੰ ਸਰਕਾਰਾਂ ਦੁਆਰਾ ਕਟਿਹਰੇ 'ਚ ਖੜਾ ਕਰਨ ਦੀ ਸੋਚ ਤੇ ਦਾਈਆ ਇਕ ਆਕਾਰ ਪੱਖੋਂ ਛੋਟੇ ਲੇਖ ਨੂੰ ਇੱਕ ਬੇਹੱਦ ਮਹੱਤਵਪੂਰਨ ਤੇ ਉਪਯੋਗੀ ਕਿਰਤ ਦੇ ਰੂਪ 'ਚ ਪ੍ਰਸਤੁਤ ਕੀਤਾ ਗਿਆ ਹੈ।

ਡਾ. ਸਤਿੰਦਰ ਪਾਲ ਸਿੰਘ ਦਾ ਗੁਰਮਤਿ 'ਤੇ ਆਧਾਰਿਤ ਲੇਖ ਪਾਠਕਾਂ ਨੂੰ ਅਜੋਕੇ ਯੁੱਗ ਦੇ ਮੱਦੇਨਜ਼ਰ ਰਾਜਸੀ ਤਾਕਤ ਦੇ ਹੱਥਾਂ 'ਚ ਖੇਡਦਿਆਂ ਕਲਮ ਦੀ ਕਮਾਈ ਕਰਨ ਵਾਲਿਆਂ ਨੂੰ ਪਰਮਾਤਮਾ ਵੱਲੋਂ ਬ੍ਰਹਿਮੰਡ ਦੀ ਰਚਨਾ ਪਿੱਛੇ ਮੌਜੂਦ ਉੱਚੇ-ਸੁੱਚੇ ਸੰਸਕਾਰਾਂ ਨੂੰ ਸਮਝ ਕੇ ਧਾਰਨ ਕਰਨ ਦੀ ਪ੍ਰੇਰਨਾ ਅੰਕਿਤ ਹੈ। ਗੁਰਬਾਣੀ ਦੇ ਪ੍ਰਸੰਗ ਵਿਚ ਨਸ਼ੇ ਵਰਗੀਆਂ ਅਲਾਮਤਾਂ ਤੋਂ ਬਚ ਕੇ ਇਕ ਪਰਮਾਤਮਾ ਨਾਲ ਜੁੜਨ ਦੀ ਪ੍ਰੇਰਨਾ ਕੀਤੀ ਹੈ।

"ਨਸ਼ਾ ਮੁਕਤੀ ਦੀ ਜੀਵਨ ਜੁਗਤੀ" ਸਿਰਲੇਖ ਅਧੀਨ ਡਾ. ਸਰਬਜੀਤ ਸਿੰਘ ਨੇ ਅਰੰਭ 'ਚ ਹੀ ਨਸ਼ੇ ਨੂੰ ਨਾਸ਼ ਵਿਨਾਸ਼ ਕਰਨ ਵਾਲਾ ਦਰਸਾਉਂਦਿਆਂ ਨਸ਼ੇੜੀਆਂ ਦੀ ਗਿਣਤੀ 'ਚ ਵੱਡਾ ਵਾਧਾ ਹੋਣ, ਨੌਜਵਾਨਾਂ ਦੀ ਵੇਖਾ-ਵੇਖੀ ਬਾਲਾਂ 'ਚ ਵੀ ਨਸ਼ੇ ਦਾ ਰੁਝਾਨ ਹੋਣ, ਨਸ਼ਿਆਂ ਕਾਰਨ ਏਡਜ਼ ਰੋਗ ਹੋਣ ਦੇ ਨਾਲ-ਨਾਲ ਡੂੰਘੀ ਖੋਜ ਉਪਰੰਤ ਨਸ਼ਾ ਕਿਉਂ ਕਰਦੇ ਹਨ ਲੋਕ? ਕੀ ਨਸ਼ੇ ਰੋਕੇ ਜਾ ਸਕਦੇ ਹਨ, ਸਰਕਾਰ ਨਸ਼ਿਆਂ ਦੀਆਂ ਫੈਕਟਰੀਆਂ ਬੰਦ ਕਿਉਂ ਨਹੀਂ ਕਰਦੀ, ਨਸ਼ੇ ਛੱਡਣ ਦੇ ਰਾਹ ਤੁਰੇ ਲੋਕਾਂ ਦੀ ਠੋਸ ਅਗਵਾਈ ਕੀਤੇ ਜਾਣ, ਨਸ਼ਾ ਛੁਡਾਉਣ ਦਾ ਅਧਿਆਪਕਾਂ ਦਾ, ਦੇਸ਼ ਦੇ ਜ਼ਿੰਮੇਵਾਰ ਨਾਗਰਿਕਾਂ ਦਾ, ਕੈਮਿਸਟਾਂ ਰਾਹੀਂ ਨਸ਼ੇ ਦੀ ਵਿਕਰੀ ਨੂੰ ਠਲ੍ਹ ਪਾਏ ਜਾਣ ਅਤੇ ਨਸ਼ਿਆਂ ਦੇ ਵਪਾਰੀਆਂ ਨੂੰ ਕਰੜੇ ਹੱਥੀਂ ਲੈਣ ਜਿਹੇ ਸਰੋਕਾਰ ਪੜ੍ਹਨ ਨੂੰ ਮਿਲਦੇ ਹਨ।

ਇਸ ਸੰਗ੍ਰਹਿ ਦੇ ਹੋਰ ਲੇਖ "ਜਿਤੁ ਪੀਤੈ ਮਤਿ ਦੂਰਿ ਹੋਇ" ਕਰਤਾ ਡਾ. ਅਜੈਪਾਲ ਸਿੰਘ ਗੁਰਬਾਣੀ ਦੇ ਫ਼ਲਸਫ਼ੇ ਨੂੰ ਸਮਝਣ ਤੇ ਅਪਣਾਉਣ ਦੀ ਪੁਕਾਰ/ਗੁਹਾਰ ਲਾਉਂਦਾ ਹੈ, ਤਾਂ "ਸਿੱਖ ਨੌਜਵਾਨ ਪੀੜੀ ਨੂੰ ਸਾਂਭਣ ਦੀ ਮੁੱਖ ਲੋੜ" ਕਰਤਾ ਸ. ਰਘਬੀਰ ਸਿੰਘ ਬੈਂਸ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮਾਖਿਓਂ ਮਿੱਠੀ ਬਾਣੀ ਰੂਪੀ ਅਨਮੋਲ ਖ਼ਜ਼ਾਨੇ ਦੀ ਸੋਅ ਦੇਂਦੇ ਹੋਏ ਸਿੱਖ ਧਰਮ ਨੂੰ ਪਿਆਰ ਸਹਿਤ ਇਸ ਦੇ ਮਾਣ-ਮੱਤੇ ਸਭਿਆਚਾਰ ਦੇ ਲੜ ਲਾਉਣ ਹਿੱਤ ਜਤਨਸ਼ੀਲ ਹਨ। ਗਿਆਨੀ ਸਵਿੰਦਰ ਸਿੰਘ ਕਰਤਾ "ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰ ਵਸਾਇ" ਦੇ ਸਰੋਕਾਰ ਸਹਿਤ ਪ੍ਰਸਿੱਧ ਸੌਦਾਗਰ ਸੁਲੇਮਾਨ ਦੇ ਵੱਲੋਂ ਅਤੇ ਨਾਲ ਹੀ ਯੂਰਪੀਨ ਯਾਤਰੂ ਵਾਸਕੋਡੀਗਾਮਾ ਆਦਿ ਸੰਸਾਰ ਦੇ ਭ੍ਰਮਣ ਕਰਨ ਵਾਲਿਆਂ ਦੇ ਹਵਾਲੇ ਸਹਿਤ ਭਾਰਤ ਦੇ ਨਸ਼ਾ-ਮੁਕਤ ਹੋਣ ਦੀ ਸੋਅ ਦਿੰਦਿਆਂ ਅੱਜ ਦੀ ਨਸ਼ਈ ਦੇਸ਼-ਵਾਸੀਆਂ ਦੀ ਦੀਨ-ਦਸ਼ਾ ਤੇ ਦੁਰ-ਦਸ਼ਾ ਨੂੰ ਜਤਾਉਣ ਦਾ ਖਿਆਲ ਕਰਦੇ ਹਨ। ਸ੍ਰੀ ਗੁਰੂ ਗ੍ਰੰਥ

ਸਾਹਿਬ ਦੇ ਅੰਮ੍ਰਿਤ-ਬਚਨ "ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ" ਅਤੇ ਭਗਤ ਸ਼ੇਖ ਫਰੀਦ ਜੀ ਦੇ ਦੁਆਰਾ ਉਚਾਰੇ ਸ਼ਬਦ ਮੁਤਾਬਿਕ ਕੁਕਰਮਾਂ 'ਚ ਫਸੇ ਮੰਦੇ ਅਮਲ ਕਮਾਉਣ ਵਾਲਿਆਂ ਨੂੰ ਕਪਾਹ, ਤਿਲਾਂ ਅਤੇ ਕਮਾਦ ਨਾਲ ਕੀ ਬੀਤਦੀ ਹੈ, ਨਸ਼ਿਆਂ ਤੋਂ ਪੱਲਾ ਛੁਡਾਉਣ ਦੀ ਚੇਸ਼ਟਾ ਕਰਦੇ ਹਨ। ਬੀਬਾ ਰੁਪਿੰਦਰ ਕੌਰ ਦਾ ਦੋ ਕੁ ਪੰਨੇ ਦਾ ਸੰਖੇਪ ਲੇਖ ਨਸ਼ਿਆਂ ਦੇ ਵਿਨਾਸ਼ ਅਤੇ ਅਜੋਕੀ ਗਾਂਜਾ, ਸੁਲਫਾ, ਸ਼ਰਾਬ, ਆਦਿ ਤੋਂ ਪੰਜਾਬੀਆਂ ਦਾ ਖਹਿੜਾ ਛੁਡਾਉਣ ਦੀ ਚੇਸ਼ਟਾ ਕਰਦਾ ਹੈ। "ਜਗਤ ਜੂਠ ਤਮਾਕੂ ਦਾ ਬਹੁਘਾਤੀ ਪ੍ਰਭਾਵ" ਕਰਤਾ ਸ. ਗੁਰਦੀਪ ਸਿੰਘ ਪੰਜਾਬੀ ਪਾਠਕਾਂ ਨੂੰ ਪਾਵਨ ਸਾਖੀ ਦੀ ਸੋਅ ਦੇਂਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਤਾਂ ਘੋੜਾ ਅੱਗੇ ਤਮਾਕੂ ਦਾ ਖੇਤ ਵੇਖ ਕੇ ਅਟਕ ਗਿਆ ਸੀ। ਪਾਨ-ਮਸਾਲਾ, ਜਰਦਾ ਆਦਿ ਬੁਰੀਆਂ ਸ਼ੈਆਂ ਹਨ। ਇਹ ਗੱਲ ਵੀ ਸਾਡੇ ਸਿੱਖਾਂ ਲਈ ਖਾਸ ਤੌਰ 'ਤੇ ਮਾਣ ਮਹਿਸੂਸ ਕਰਨ ਵਾਲੀ ਹੈ ਕਿ ਅੰਤਰਾਸ਼ਟਰੀ ਹਵਾਈ ਅੱਡੇ ਦੇ ਟਰਮੀਨਲਾਂ ਦੇ ਅੰਦਰ ਸਮੋਕਿੰਗ ਦੀ ਆਗਿਆ ਨਹੀਂ।

ਮੈਂ ਸੰਪਾਦਨਾ ਦੇ ਮਹੱਤਵਪੂਰਨ ਕਾਰਜ ਨਾਲ ਤਨੋ-ਮਨੋ ਹੋ ਕੇ ਜੁੜੇ ਆਪਣੇ ਹੋਣਹਾਰ ਦੋਨਾਂ ਵੀਰਾਂ ਦਾ ਧੰਨਵਾਦੀ ਹਾਂ। ਜਿਨ੍ਹਾਂ ਮੇਰਾ ਇਕ ਲੇਖ ਵੀ (ਪੰਨਾ ੫੦ ਤੋਂ ੬੧) "ਨਸ਼ਿਆਂ ਨੂੰ ਠੱਲ ਪਾਉਣ ਲਈ ਸਰਕਾਰਾਂ ਦੀ ਭੂਮਿਕਾ" ਪ੍ਰਕਾਸ਼ਿਤ ਕੀਤਾ ਹੈ।

ਸ. ਸਤਿਨਾਮ ਸਿੰਘ ਕੋਮਲ 'ਗੁਰਮਤਿ ਪ੍ਰਕਾਸ਼' ਦੇ ਮਾਣ-ਮੱਤੇ ਲੇਖਕ ਹਨ ਜੋ ਕਿ ਇਕ ਉੱਚ ਪੱਧਰੀ ਕਵੀ ਵੀ ਹਨ। ਉਨ੍ਹਾਂ ਦੀ ੬ ਕਲੀਏ ਬੈਂਤ ਛੰਦ ਵਿਚ ਰਚੀ ਕਵਿਤਾ "ਜਿਨ੍ਹਾਂ ਸ਼ੈਆਂ 'ਚੋਂ ਲੱਭਦਾ ਮਸਤੀਆਂ ਤੂੰ" ਸਿੱਖ ਅਤੇ ਆਮ ਪਾਠਕਾਂ ਨੂੰ ਨਸ਼ਿਆਂ ਤੋਂ ਉਚੇਰੇ ਉੱਠਣ ਦੀ ਪ੍ਰੇਰਨਾ ਬਖਸ਼ਦੀ ਹੈ। ਡਾ. ਇੰਦਰਜੀਤ ਸਿੰਘ ਗੋਗੋਆਣੀ ਜੀ ਦੀ ਕਵਿਤਾ "ਨਸ਼ਿਆਂ ਦਾ ਭੂਤ" ਪੰਜਾਬ 'ਚ ਚੱਲ ਰਹੇ ਨਸ਼ਿਆਂ ਦੇ ਹੜ੍ਹ ਦੇ ਮੱਦੇਨਜ਼ਰ ਅਤੇ ਹਾਸ-ਵਿਅੰਗ ਦੀ ਸ਼ੈਲੀ-ਸ਼ਬਦਾਵਲੀ 'ਚ ਇਕ ਅਤਿ ਪ੍ਰਭਾਵਸ਼ਾਲੀ ਕਵਿਤਾ ਉਨ੍ਹਾਂ ਦੀ ਪੁਸਤਕ "ਜਾਗਣ ਦਾ ਵੇਲਾ" 'ਚੋਂ ਧੰਨਵਾਦ ਸਹਿਤ ਪ੍ਰਕਾਸ਼ਿਤ ਕੀਤੀ ਹੈ। ਵਿਚਾਰ-ਅਧੀਨ ਪੁਸਤਕ ਦੇ ਅੰਤ ਵਿਚ ਲੇਖਕਾਂ ਦੇ ਪਤੇ ਅਤੇ ਸੰਪਰਕ ਨੰਬਰ ਦੇ ਕੇ ਪਾਠਕਾਂ ਲਈ ਸੌਖ ਬਣਾ ਦਿੱਤੀ ਹੈ। ਸਮੁੱਚੇ ਤੌਰ 'ਤੇ ਇਹ ਇਕ ਉੱਚੇ-ਸੁੱਚੇ ਸਾਹਿਤ ਤੇ ਅਤਿ ਸੁਚੱਜੀ ਪੰਜਾਬੀ ਵਾਰਤਕ ਦਾ ਨਮੂਨਾ ਪ੍ਰਸਤੁਤ ਕਰਨ ਵਾਲੀ ਇਕ ਲਾਜਵਾਬ ਅਤੇ ਪੜ੍ਹਨਯੋਗ ਅਤੇ ਪਾਠਕਾਂ-ਸਰੋਤਿਆਂ ਦੀ ਸੰਤੁਸ਼ਟੀ-ਤ੍ਰਿਪਤੀ ਕਰਾਉਣ ਵਾਲੀ ਸੰਪਾਦਿਤ ਪੁਸਤਕ ਅਖਵਾਉਣ ਦਾ ਪੂਰਾ-ਪੂਰਾ ਹੱਕ ਰੱਖਦੀ ਪੁਸਤਕ ਹੈ, ਜੋ ਕਿ ਵੱਧ ਤੋਂ ਵੱਧ ਪਾਠਕਾਂ ਦੇ ਹੱਥਾਂ 'ਚ ਜਾਣੀ ਚਾਹੀਦੀ ਹੈ। ਇਸ ਪੁਸਤਕ ਨਾਲ ਜਿੱਥੇ ਸਮਾਜ ਵਿਚ ਨਸ਼ਿਆਂ ਵਿਰੁੱਧ ਜਾਗਰੂਕਤਾ ਪੈਦਾ ਹੋਵੇਗੀ, ਉੱਥੇ ਨਸ਼ੇ ਕਰਨ ਵਾਲਿਆਂ ਲਈ ਨਸ਼ੇ ਛੱਡਣ ਹਿੱਤ ਸਹਾਇਕ ਸਿੱਧ ਹੋਵੇਗੀ। ■

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ : ਮਹੱਤਵਪੂਰਨ ਮਤੇ ਅਤੇ ਫੈਸਲੇ (੧੯੨੦-੨੦੨੪)

*-ਡਾ. ਧਰਮ ਸਿੰਘ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਪੰਥ ਦੀਆਂ ਸਮੱਸਿਆਵਾਂ ਨੂੰ ਸੁਲਝਾਉਣ ਅਤੇ ਗੁਰਧਾਮਾਂ ਦਾ ਪ੍ਰਬੰਧ ਸੁਚਾਰੂ ਰੂਪ ਵਿਚ ਚਲਾਉਣ ਲਈ ਜਿਹੜੇ ਫ਼ੈਸਲੇ ਲਏ ਜਾਂਦੇ ਹਨ, ਉਹਨਾਂ ਨੂੰ ਮਤਿਆਂ ਦੇ ਰੂਪ ਵਿਚ ਬਕਾਇਦਾ ਪਾਸ ਕੀਤਾ ਜਾਂਦਾ ਹੈ। ਇਹ ਮਤੇ ਲਿਖਤੀ ਰੂਪ ਵਿਚ ਤਿਆਰ ਕੀਤੇ ਜਾਂਦੇ ਹਨ ਅਤੇ ਫਿਰ ਗੁਰਦੁਆਰਾ ਗਜ਼ਟ ਰਾਹੀਂ ਇਹਨਾਂ ਨੂੰ ਪ੍ਰਕਾਸ਼ਿਤ ਕੀਤਾ ਜਾਂਦਾ ਹੈ।

੧੯੨੦ ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿਚ ਆਉਣ ਤੋਂ ਬਾਅਦ ਇਹ ਮਤੇ ਪਾਸ ਕੀਤੇ ਜਾਂਦੇ ਰਹੇ ਹਨ। ੧੯੨੫ ਈ. ਵਿਚ ਸਿੱਖ ਗੁਰਦੁਆਰਾ ਐਕਟ ਦੇ ਹੋਂਦ ਵਿਚ ਆਉਣ ਤੋਂ ਬਾਅਦ ਇਹਨਾਂ ਦਾ ਰਿਕਾਰਡ ਰੱਖਿਆ ਜਾਣ ਲੱਗਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿਚ ਆਉਣ ਦਾ ਬ੍ਰਿਤਾਂਤ ਲਗਪਗ ਸਮੂਹ ਸਿੱਖ ਜਾਣਦੇ ਹਨ ਜਿਸ ਕਰਕੇ ਹਰ ਇਕ ਸਿੱਖ ਇਸ ਕਮੇਟੀ ਸੰਬੰਧੀ ਸੁਹਿਰਦ ਭਾਵਨਾ ਰੱਖਦਾ ਹੈ ਅਤੇ ਇਸ ਵੱਲੋਂ ਕੀਤੇ ਜਾਣ ਵਾਲੇ ਕਾਰਜਾਂ ਸੰਬੰਧੀ ਜਾਣਕਾਰੀ ਪ੍ਰਾਪਤ ਕਰਨ ਦੀ ਇੱਛਾ ਰੱਖਦਾ ਹੈ।

ਮੌਜੂਦਾ ਸਮੇਂ ਤਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸੰਬੰਧੀ ਸ਼ਮਸ਼ੇਰ ਸਿੰਘ ਅਸ਼ੋਕ ਦੀ ਇਕ ਪੁਸਤਕ ਮਿਲਦੀ ਹੈ ਜਿਹੜੀ ਕਿ ਗੁਰਦੁਆਰਾ ਐਕਟ ਦੇ ਬਣਨ ਤੋਂ ਲੈ ਕੇ ੧੯੭੫ ਤਕ ਪੰਜਾਹ ਸਾਲ ਦਾ ਲੇਖਾ-ਜੋਖਾ ਪੇਸ਼ ਕਰਦੀ ਹੈ। ਭਾਵੇਂ ਕਿ ਇਸ ਪੁਸਤਕ ਦਾ ਸਿੱਖ ਜਗਤ ਵਿਚ ਵਿਸ਼ੇਸ਼ ਸਥਾਨ ਹੈ ਪਰ ਹੁਣ ਇਸ ਤੋਂ ਬਾਅਦ ਦੇ ਸਮੇਂ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੀਤੇ ਗਏ ਕਾਰਜਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਲੋੜ ਮਹਿਸੂਸ ਹੋ ਰਹੀ ਸੀ। ਡਾ. ਪਰਮਵੀਰ ਸਿੰਘ ਨੇ ਖੋਜਾਰਥੀਆਂ, ਵਿਦਿਆਰਥੀ ਅਤੇ ਆਮ ਪਾਠਕਾਂ ਦੀ ਲੋੜ ਨੂੰ ਪੂਰਾ ਕਰਨ ਦਾ ਸਫ਼ਲ ਯਤਨ ਕੀਤਾ ਹੈ। ਇਹਨਾਂ ਨੇ ਆਪਣੇ ਅਧੀਨ ਖੋਜ ਕਾਰਜ ਕਰ ਰਹੇ ਰਵਿੰਦਰਪਾਲ ਸਿੰਘ ਦੀ ਸਹਾਇਤਾ ਨਾਲ 'ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ : ਮਹੱਤਵਪੂਰਨ ਮਤੇ ਅਤੇ ਫੈਸਲੇ (੧੯੨੦-੨੦੨੪)' ਸਿਰਲੇਖ ਅਧੀਨ ਇਹ ਕਾਰਜ ਸੰਪੂਰਨ ਕੀਤਾ ਹੈ।

** ਪ੍ਰੋਫੈਸਰ (ਰਿਟਾ.) ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।*

ਡਾ. ਪਰਮਵੀਰ ਸਿੰਘ ਇਕ ਪ੍ਰੌੜ ਵਿਦਵਾਨ ਹੈ ਅਤੇ ਉਸ ਨੇ ਸਿੱਖ ਧਰਮ, ਸਾਹਿਤ ਅਤੇ ਇਤਿਹਾਸ ਦੇ ਵੱਖ-ਵੱਖ ਪਹਿਲੂਆਂ ਉਪਰ ਇਕ ਦਰਜਨ ਦੇ ਕਰੀਬ ਪੁਸਤਕਾਂ ਸਿੱਖ ਸਾਹਿਤ ਦੀ ਝੋਲੀ ਪਾਈਆਂ ਹਨ। ਇਸ ਸਰੋਤ ਪੁਸਤਕ ਦੀ ਲੋੜ ਬੜੇ ਸਮੇਂ ਤੋਂ ਮਹਿਸੂਸ ਕੀਤੀ ਜਾ ਰਹੀ ਸੀ ਅਤੇ ਆਸ ਹੈ ਕਿ ਇਹ ਸਿੱਖ ਧਰਮ ਅਤੇ ਸਿਆਸਤ ਦੇ ਖੇਤਰ ਵਿਚ ਕੰਮ ਕਰਦੇ ਖੋਜ ਵਿਦਿਆਰਥੀਆਂ ਅਤੇ ਹੋਰਾਂ ਲਈ ਲੰਮੇ ਸਮੇਂ ਤਕ ਸਹਾਇਕ ਰਹੇਗੀ।

ਵਿਦਵਾਨ ਲੇਖਕ ਨੇ ਪੁਸਤਕ ਦੀ ਭੂਮਿਕਾ ਵਿਚ ਬੜੇ ਹੀ ਸੰਖੇਪ ਪਰ ਭਾਵਪੂਰਤ ਸ਼ਬਦਾਂ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪਿਛੋਕੜ, ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੌਰਾਨ ਸਿੰਘਾਂ ਦੀਆਂ ਕੁਰਬਾਨੀਆਂ, ਆਦਿ ਨੂੰ ਬਿਆਨ ਕੀਤਾ ਹੈ। ੧੮੭੩ ਈ. ਵਿਚ ਅਰੰਭ ਹੋਈ ਸਿੰਘ ਸਭਾ ਲਹਿਰ ਨੇ ਪਹਿਲਾਂ ਹੀ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਲਈ ਜ਼ਮੀਨ ਤਿਆਰ ਕੀਤੀ ਸੀ। ਲੇਖਕ ਸਿੱਖਾਂ ਦੁਆਰਾ ਹਰਿਮੰਦਰ ਸਾਹਿਬ ਦੀ ਸੇਵਾ-ਸੰਭਾਲ ਦਾ ਕਾਰਜ ੧੯੨੦ ਈ. ਨੂੰ ਆਪਣੇ ਹੱਥ ਵਿਚ ਲੈਣ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਦੀ ਸ਼ੁਰੂਆਤ ਮੰਨਦਾ ਹੈ। ੧੯੨੦ ਈ. ਤੋਂ ਅਰੰਭ ਹੋਈ ਗੁਰਦੁਆਰਾ ਸੁਧਾਰ ਲਹਿਰ ਨੂੰ ਬਹੁਤ ਸਾਰੇ ਇਤਿਹਾਸਿਕ ਗੁਰਦੁਆਰਿਆਂ ਉਪਰ ਕਾਬਜ ਅਤੇ ਕੁਰੱਪਟ ਹੋ ਚੁੱਕੇ ਮਹੰਤਾਂ ਵਿਰੁਧ ਲੰਮਾ ਸੰਘਰਸ਼ ਕਰਨਾ ਪਿਆ। ਇਨ੍ਹਾਂ ਮਹੰਤਾਂ ਨੂੰ ਸਮੇਂ ਦੀ ਅੰਗਰੇਜ਼ੀ ਸਰਕਾਰ ਦੀ ਸ਼ਹਿ ਪ੍ਰਾਪਤ ਸੀ।

੧੯੨੦-੨੫ ਦਾ ਸਮਾਂ ਸਿੱਖ ਕੌਮ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਚੁਣੌਤੀਆਂ ਭਰਿਆ ਸੀ। ਇਹ ਉਹ ਸਮਾਂ ਸੀ ਜਦੋਂ ਨਾ ਤਾਂ ਕਮੇਟੀ ਪਾਸ ਕੋਈ ਆਪਣਾ ਪੱਕਾ ਦਫ਼ਤਰ ਸੀ ਅਤੇ ਉਸ ਦੀ ਹਰ ਗਤੀਵਿਧੀ ਉਪਰ ਪੁਲੀਸ ਦੀ ਨਜ਼ਰ ਹੁੰਦੀ ਸੀ। ਕਦੇ ਮੈਂਬਰਾਂ ਦੀ ਗ੍ਰਿਫਤਾਰੀ ਹੋ ਜਾਂਦੀ ਸੀ ਅਤੇ ਕਦੇ ਰਿਕਾਰਡ ਜ਼ਬਤ ਹੋ ਜਾਂਦਾ ਸੀ। ਇਹ ਲੇਖਕਾਂ ਦੀ ਅਣਥੱਕ ਮਿਹਨਤ ਦਾ ਫਲ ਹੈ ਕਿ ਉਨ੍ਹਾਂ ਸਮਕਾਲੀ ਅਖ਼ਬਾਰਾਂ ਰਸਾਲਿਆਂ, ਰਿਪੋਰਟਾਂ, ਮੁਕੱਦਮਿਆਂ ਦੀਆਂ ਕਾਰਵਾਈਆਂ ਵਿੱਚੋਂ ਮਤੇ ਪ੍ਰਾਪਤ ਕਰ ਕੇ ਪਾਠਕਾਂ ਦੇ ਗਿਆਨ ਹਿਤ ਪੁਸਤਕ ਵਿਚ ਸ਼ਾਮਲ ਕੀਤੇ ਹਨ। ੧੯੨੦ ਤੋਂ ੧੯੨੫ ਈ. ਤਕ ਮਤਿਆਂ ਅਤੇ ਫੈਸਲਿਆਂ ਨੂੰ ਇਕ ਵੱਖਰੇ ਪਹਿਲੇ ਭਾਗ ਵਿਚ ਰੱਖਿਆ ਗਿਆ ਹੈ। ਇਨ੍ਹਾਂ ਮਤਿਆਂ ਨੂੰ ਵਿਸ਼ਿਆਂ ਵਿਚ ਵੰਡ ਕੇ ਪੇਸ਼ ਕਰਨ ਦੀ ਬਜਾਇ ਘਟਨਾ-ਕ੍ਰਮ ਦੀਆਂ ਮਿਤੀਆਂ ਅਨੁਸਾਰ ਰੱਖਿਆ ਗਿਆ ਹੈ ਤਾਂ ਜੋ ਪਾਠਕ ਨੂੰ ਮਤੇ ਦੇ ਨਾਲ-ਨਾਲ ਉਸ ਨਾਲ ਸੰਬੰਧਤ ਇਤਿਹਾਸ ਦੀ ਜਾਣਕਾਰੀ ਵੀ ਹਾਸਲ ਹੋ ਸਕੇ।

ਸਿੱਖ ਗੁਰਦੁਆਰਾ ਐਕਟ ਬਣਨ ਤੋਂ ਪਹਿਲਾਂ (੧੯੨੦-੨੫) ਦੇ ਮਤੇ ਕਈ ਪੱਖਾਂ ਤੋਂ ਮਹੱਤਵਪੂਰਨ ਹਨ। ਸਿੱਖ ਮਰਯਾਦਾ ਸੰਬੰਧੀ ਕਈ ਫੈਸਲੇ ਲੈਣ ਦੀ

ਲੋੜ ਸੀ। ਗੁਰਧਾਮਾਂ ਦੇ ਪ੍ਰਬੰਧ ਵਿਚ ਆਈਆਂ ਕੁਰੀਤੀਆਂ ਨੂੰ ਵਾਚਣਾ ਅਤੇ ਦੂਰ ਕਰਨਾ ਜ਼ਰੂਰੀ ਸੀ। ਪੰਥਕ ਸ਼ਕਤੀ ਨੂੰ ਇਕੱਠਾ ਕਰ ਕੇ ਇਕ ਉਦੇਸ਼ ਦੀ ਪ੍ਰਾਪਤੀ ਹਿਤ ਉਤਸ਼ਾਹਿਤ ਰੱਖਣ ਦੀ ਲੋੜ ਸੀ। ਕਈ ਉਦਾਸੀ ਮਹੰਤਾਂ ਦੁਆਰਾ ਪ੍ਰਚਾਰੀਆਂ ਜਾਂਦੀਆਂ ਗ਼ਲਤ ਧਾਰਨਾਵਾਂ ਦੇ ਜੁਆਬ ਵਿਚ ਸਹੀ ਗੁਰਮਤਿ ਦੇ ਪ੍ਰਚਾਰ-ਪ੍ਰਸਾਰ ਦਾ ਕੰਮ ਵੀ ਕਰਨਾ ਸੀ। ਅਜਿਹੇ ਸਾਰੇ ਮਸਲਿਆਂ ਨੂੰ ਨਜਿਠਣ ਲਈ ਕਈ ਮਤੇ ਪਾਸ ਕੀਤੇ ਗਏ। ਉਦਾਹਰਨ ਦੇ ਲਈ ਇਕ ਮਤੇ ਰਾਹੀਂ ਉਦਾਸੀਆਂ ਦੁਆਰਾ ਅਰੰਭੀ ਮਨਮਤਿ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਤਿਲਕ ਲਗਾਉਣ ਦਾ ਰਿਵਾਜ ਬੰਦ ਕੀਤਾ ਗਿਆ (੧੩.੧੨.੧੯੨੦)। ਰੋਜਾਨਾ ਅਰਦਾਸ ਵਿਚ ਸਿੱਖ ਸ਼ਹੀਦਾਂ ਨੂੰ ਯਾਦ ਕਰਨ ਦੀ ਤਾਕੀਦ (ਮਾਰਚ ੧੯੨੧), ਜਾਤ-ਪਾਤ ਵਿਰੁੱਧ ਮਤਾ (੨੩.੩.੨੨), ਸ਼ਾਂਤਮਈ ਅਤੇ ਜਥੇਬੰਦਕ ਢੰਗ ਨਾਲ ਮਜ਼੍ਹਬੀ ਅਜ਼ਾਦੀ ਕਾਇਮ ਰੱਖਣ 'ਤੇ ਜ਼ੋਰ ਅਤੇ ਕਈ ਹੋਰ ਮਤੇ ਅਤਿ ਅਹਿਮ ਹਨ।

ਸਿੱਖ ਗੁਰਦੁਆਰਾ ਐਕਟ ੧੯੨੫ ਬਣਨ ਨਾਲ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਖ਼ਤਮ ਹੋ ਗਈ। ੧੮ ਜੂਨ ੧੯੨੬ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲੀ ਚੋਣ ਹੋਈ। ਅਕਾਲੀ ਦਲ ਦੀ ਸਥਾਪਨਾ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੇ ਅਰੰਭ ਵਿਚ ਹੀ ਹੋ ਗਈ ਸੀ ਜਿਸ ਦਾ ਉਦੇਸ਼ ਗੁਰਦੁਆਰਾ ਪ੍ਰਬੰਧ ਸੁਧਾਰ ਅਤੇ ਪ੍ਰਬੰਧ ਲਈ ਵਲੰਟੀਅਰ ਤਿਆਰ ਕਰਨੇ ਅਤੇ ਪੰਥ ਦੇ ਰਾਜਸੀ ਮੁਫਾਦ ਦੀ ਰਾਖੀ ਕਰਨਾ ਸੀ। ਇੰਝ ਅਕਾਲੀ ਦਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਇਕ ਸਹਿਯੋਗੀ ਸੰਸਥਾ ਦੇ ਰੂਪ ਵਿਚ ਹੋਂਦ ਵਿਚ ਆਈ ਸੀ ਅਤੇ ਇਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਲਈ ਕਾਰਜਸ਼ੀਲ ਸੀ। ੧੯੨੫ ਈ. ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿਚ ਆਉਣ ਉਪਰੰਤ ਜਿਹੜੇ ਮਤੇ ਪਾਸ ਹੋਏ ਉਹ ਇਸ ਤੱਥ ਨੂੰ ਸਪੱਸ਼ਟ ਕਰਦੇ ਹਨ। ਉਦਾਹਰਨ ਦੇ ਤੌਰ 'ਤੇ ਅਛੂਤਾਂ/ਦਲਿਤਾਂ ਦੇ ਉਧਾਰ ਹਿਤ ਸਿੱਖ ਵਿਦਿਅਕ ਅਦਾਰਿਆਂ ਵਿਚ ਫੀਸ ਮਾਫ ਕਰਨ ਅਤੇ ਵਜ਼ੀਫੇ ਦੇਣ ਸਮੇਂ ਅਜਿਹੇ ਬੱਚਿਆਂ ਦਾ ਵਿਸ਼ੇਸ਼ ਧਿਆਨ ਰੱਖਣ (੧੦.੩.੧੯੩੮), ਸਿੰਘ ਸਜੇ ਦਲਿਤਾਂ ਦੀਆਂ ਮਾਲੀ ਔਕੜਾਂ ਦੂਰ ਕਰਨ (੧੧.੩.੧੯੩੧), ਅੰਮ੍ਰਿਤਧਾਰੀ ਸਿੰਘਾਂ ਦੀ ਜਾਤ ਨਾ ਪੁੱਛੇ ਜਾਣ ਦੀ ਹਿਦਾਇਤ ਜਾਰੀ ਕਰਨਾ (੨੬.੬.੧੯੩੬) ਸੰਬੰਧੀ ਕਈ ਫੈਸਲੇ ਦਲਿਤ ਸਮਾਜ ਦੇ ਹਿੱਤ ਵਿਚ ਲਏ ਗਏ। ਹਰ ਸਾਲ ਗੁਰਮਤਿ ਪੰਥ ਵਿਚਾਰਧਾਰਾ ਅਨੁਸਾਰ ਸਾਹਿਤ ਰਚਨਾ ਕਰਨ ਵਾਲੇ ਸਰਵੋਤਮ ਲੇਖਕ ਅਤੇ ਗੁਰਦੁਆਰਾ ਸਾਹਿਬਾਨ ਦੀ ਮਹਾਨ ਸੇਵਾ ਕਰਨ ਵਾਲੇ ਸੰਤ-ਮਹਾਤਮਾ ਨੂੰ ਸਨਮਾਨ ਦਿੱਤੇ ਜਾਣ ਦਾ ਮਤਾ (੧੩.੨.੧੯੭੩) ਵੀ ਪਾਸ ਹੋਇਆ। ਇਸ ਫੈਸਲੇ ਅਨੁਸਾਰ ਸਿਰਦਾਰ ਕਪੂਰ ਸਿੰਘ ਅਤੇ ਪ੍ਰੋਫੈਸਰ ਹਰਬੰਸ ਸਿੰਘ ਵਰਗੇ ਸਿੱਖ ਵਿਦਵਾਨਾਂ ਨੂੰ ਸਨਮਾਨਤ ਵੀ ਕੀਤਾ ਗਿਆ। ਇਸੇ ਤਰ੍ਹਾਂ ਨਵੰਬਰ ੧੯੮੪ ਦੀਆਂ ਮੰਦਭਾਗੀਆਂ

ਘਟਨਾਵਾਂ ਸੰਬੰਧੀ ਵੀ ਦੋਸ਼ੀਆਂ ਨੂੰ ਸਜਾਵਾਂ ਦਿੱਤੇ ਜਾਣ ਅਤੇ ਪੀੜਤਾਂ ਨੂੰ ਮਾਨਵੀ ਜਜ਼ਬਾਤਾਂ ਅਤੇ ਵੱਖ-ਵੱਖ ਸੰਸਥਾਵਾਂ ਵੱਲੋਂ ਦਿੱਤੀ ਜਾ ਰਹੀ ਸਹਾਇਤਾ ਦੇ ਵਿਰੁੱਧ ਸਰਕਾਰ ਵੱਲੋਂ ਜਾਰੀ ਆਰਡੀਨੈਂਸ ਨੂੰ ਵਾਪਸ ਲਏ ਜਾਣ ਦੀ ਮੰਗ ਸੰਬੰਧੀ ਵੀ ਮਤੇ ਪਾਸ ਕੀਤੇ ਗਏ ਮਿਲਦੇ ਹਨ। ਇਸੇ ਤਰ੍ਹਾਂ ਸਿੱਖ ਧਾਰਮਿਕ ਮਾਮਲਿਆਂ ਵਿਚ ਸਰਕਾਰੀ ਦਖ਼ਲ ਵਿਰੁੱਧ, ਧਾਰਮਿਕ ਮਹੱਤਤਾ ਵਾਲੇ ਸ਼ਹਿਰਾਂ ਨੂੰ ਰੇਲ-ਸੜਕ ਰਾਹੀਂ ਜੋੜਨ ਦੀ ਮੰਗ, ਬੇਅਦਬੀ ਦੀਆਂ ਘਟਨਾਵਾਂ ਦੀ ਨਿੰਦਾ ਅਤੇ ਦੋਸ਼ੀਆਂ ਨੂੰ ਸਜ਼ਾ ਦਿੱਤੇ ਜਾਣ ਦੀ ਮੰਗ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੱਖ-ਵੱਖ ਸਮਿਆਂ ਉਪਰ ਕੀਤੀ। ਇੰਨੇ ਲੰਮੇ ਸਮੇਂ ਦੌਰਾਨ ਪੇਸ਼ ਹੋਏ ਮਤੇ ਅਤੇ ਕੀਤੇ ਫੈਸਲੇ ਇਕੱਤਰ ਕਰ ਕੇ ਇਕ ਜਿਲਦ ਵਿਚ ਪ੍ਰਕਾਸ਼ਿਤ ਕਰਨ ਦਾ ਕਠਿਨ ਕਾਰਜ ਡਾ. ਪਰਮਵੀਰ ਸਿੰਘ ਦੀ ਅਗਵਾਈ ਵਿਚ ਸੰਪੰਨ ਹੋਇਆ ਜਿਸ ਲਈ ਉਹ ਵਧਾਈ ਅਤੇ ਸਨਮਾਨ ਦੇ ਪਾਤਰ ਹਨ।

ਲੇਖਕਾਂ ਅਨੁਸਾਰ ਉਨ੍ਹਾਂ ਨੇ ਸਾਰੇ ਮਤਿਆਂ ਦੀ ਭਾਸ਼ਾ, ਸ਼ਬਦ-ਜੋੜ ਆਦਿ ਵਿਚ ਕੋਈ ਬਦਲਾਅ ਨਹੀਂ ਕੀਤਾ ਹੈ। ਕਿਉਂਕਿ ਇਹ ਮਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੰਜਾਬ, ਹਰਿਆਣਾ ਦੇ ਵੱਖ-ਵੱਖ ਖਿਤਿਆਂ ਨਾਲ ਸੰਬੰਧਿਤ ਮੈਂਬਰਾਂ ਵੱਲੋਂ ਪੇਸ਼ ਕੀਤੇ ਗਏ, ਇਸ ਉਨ੍ਹਾਂ ਦੀ ਭਾਸ਼ਾ ਅਤੇ ਸ਼ੈਲੀ ਉੱਪਰ ਉਸ ਖਿੱਤੇ ਦਾ ਅਸਰ ਜ਼ਰੂਰ ਨਜ਼ਰ ਆਉਂਦਾ ਹੈ। ਇੰਝ ਇਹ ਪੁਸਤਕ ਪੰਜਾਬੀ ਬੋਲੀ/ਭਾਸ਼ਾ ਦੇ ਪਿਛਲੇ ਸੌ ਸਾਲਾਂ ਦੌਰਾਨ ਆਏ ਬਦਲਾਅ ਨੂੰ ਸਪੱਸ਼ਟ ਕਰਦਾ ਇਕ ਮਹੱਤਵਪੂਰਨ ਦਸਤਾਵੇਜ਼ ਵੀ ਬਣ ਜਾਂਦੀ ਹੈ ਜੋ ਭਾਸ਼ਾ-ਵਿਗਿਆਨੀਆਂ ਦੀ ਦਿਲਚਸਪੀ ਖਿੱਚ ਸਕਦਾ ਹੈ। ਪੰਜਾਬੀ ਦਾ ਅਖਾਣ ਹੈ ਕਿ ਹਰ ਵੀਹ ਕੋਹ 'ਤੇ ਭਾਸ਼ਾ ਦਾ ਮੁਹਾਵਰਾ ਬਦਲ ਜਾਂਦਾ ਹੈ।

ਇਹ ਮਤੇ ਪੜਨ ਉਪਰੰਤ ਇਹ ਜ਼ਰੂਰ ਮਹਿਸੂਸ ਹੁੰਦਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਇਤਿਹਾਸ ਵਿਚ ਵਾਪਰਦੀ ਲਗਪਗ ਹਰ ਉਸ ਘਟਨਾ ਦਾ ਨੋਟਿਸ ਲਿਆ ਹੈ ਜਿਹੜੀ ਕਿਸੇ ਨਾ ਕਿਸੇ ਰੂਪ ਵਿਚ ਪੰਥ ਨੂੰ ਪ੍ਰਭਾਵਿਤ ਕਰਦੀ ਸੀ। ਪੂਰਨ ਆਸ ਹੈ ਕਿ ਖੋਜ-ਵਿਦਿਆਰਥੀਆਂ ਅਤੇ ਲੇਖਕਾਂ ਲਈ ਇਹ ਸ੍ਰੋਤ-ਪੁਸਤਕ ਬਹੁਤ ਲਾਹੇਵੰਦ ਰਹੇਗੀ। ■


## ਸਿੱਖ ਰੈਫ਼ਰੈਂਸ ਲਾਇਬ੍ਰੇਰੀ

ਸਮੂਹ ਜਗਤ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਜਿਸ ਸੱਜਣ ਪਾਸ ਕੋਈ ਵੀ ਦੁਰਲੱਭ ਇਤਿਹਾਸਿਕ ਪੁਸਤਕ/ਹੱਥ-ਲਿਖਤ ਗ੍ਰੰਥ/ਪੋਥੀ ਜਾਂ ਕੋਈ ਹੋਰ ਇਤਿਹਾਸਿਕ ਵਸਤੂ ਹੋਵੇ, ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਾਸ ਭੇਟਾ-ਰਹਿਤ ਜਾਂ ਭੇਟਾ-ਸਹਿਤ ਦੇਣ ਲਈ ਸੰਪਰਕ ਕਰਨ ਜੀ।

*ਜਨਵਰੀ ੨੦੨੫ ਦਾ ਬਾਕੀ:*

# ਰਾਗੁ ਆਸਾ

*-ਮਾ. ਬਲਬੀਰ ਸਿੰਘ 'ਹੰਸਪਾਲ'**

*ਆਸਾ ਮਹਲਾ ੫*
*ਉਕਤਿ ਸਿਆਨਪ ਕਿਛੂ ਨ ਜਾਨਾ॥*
*ਦਿਨੁ ਰੈਣਿ ਤੇਰਾ ਨਾਮੁ ਵਖਾਨਾ॥੧॥*
*ਮੈ ਨਿਰਗੁਨ ਗੁਣੁ ਨਾਹੀ ਕੋਇ॥*
*ਕਰਨ ਕਰਾਵਨਹਾਰ ਪ੍ਰਭ ਸੋਇ॥੧॥ਰਹਾਉ॥*
*ਮੂਰਖ ਮੁਗਧ ਅਗਿਆਨ ਅਵੀਚਾਰੀ॥*
*ਨਾਮ ਤੇਰੇ ਕੀ ਆਸ ਮਨਿ ਧਾਰੀ॥੨॥*
*ਜਪੁ ਤਪੁ ਸੰਜਮੁ ਕਰਮ ਨ ਸਾਧਾ॥*
*ਨਾਮੁ ਪ੍ਰਭੂ ਕਾ ਮਨਹਿ ਅਰਾਧਾ॥੩॥*
*ਕਿਛੂ ਨ ਜਾਨਾ ਮਤਿ ਮੇਰੀ ਥੋਰੀ॥*
*ਬਿਨਵਤਿ ਨਾਨਕ ਓਟ ਪ੍ਰਭ ਤੋਰੀ॥੪॥੧੮॥੬੯॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੮੭)*

**ਰਾਗੁ ਆਸਾ** **ਤਿੰਨ ਤਾਲ (ਮੱਧ ਲੈਅ)**

## ਸਥਾਈ

| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ | ੧੨ | ੧੩ | ੧੪ | ੧੫ | ੧੬ |
|---|---|---|---|---|---|---|---|---|---|---|---|---|---|---|---|
| x | | | | ੨ | | | | ੦ | | | | ੩ | | | |
| | | | | | | | | ਰੇ | ਮਾ | - | - | ਪਾ | ਪਾ | ਧਾਨੀ | ਪਾਧਾ |
| | | | | | | | | ਮੈ | s | s | s | ਨਿ | ਰ | ਗੁ s | ਨ s |
| ਸਾਂ | ਸਾਂ | ਰੇਂ | ਸਾਂ | ਨੀ | ਸਾਂਨੀ | ਧਾ | ਪਾ | ਧਾ | ਧਾ | ਪਾ | ਧਾ | ਸਾਂ | ਨੀ | ਧਾ | ਪਾ |
| ਗੁ | ਣੁ | ਨਾ | ਹੀ | ਕੋ | ss | ਇ | s | ਕ | ਰ | ਨ | s | ਕ | ਰਾ | ਵ | ਨ |
| ਮਾ | ਮਾ | ਗਾ | ਰੇ | ਸਾ | ਰੇ | ਗਾ | ਸਾ | | | | | | | | |
| ਹਾ | ਰ | ਪ੍ਰ | ਭ | ਸੋ | s | ਇ | s | | | | | | | | |

** ਸੰਗੀਤ ਅਧਿਆਪਕ, ਸ੍ਰੀ ਗੁਰੂ ਰਾਮਦਾਸ ਖਾਲਸਾ ਸੀ: ਸੈ: ਸਕੂਲ, ਸ੍ਰੀ ਅੰਮ੍ਰਿਤਸਰ। ਮੋ. ੯੮੧੪੯੪੯੪੪੮*

**ਰਾਗੁ ਆਸਾ** **ਤਿੰਨ ਤਾਲ (ਮੱਧ ਲੈਅ)**

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ੧ | ੨ | ੩ | ੪ | ੫ | ੬ | ੭ | ੮ | ੯ | ੧੦ | ੧੧ | ੧੨ | ੧੩ | ੧੪ | ੧੫ | ੧੬ |
| x | | | | ੨ | | | | ੦ | | | | ੩ | | | |
| | | | | | | | | ਮਾ | ਮਾ | ਪਾ | ਧਾ | ਸਾਂ | - | ਰੇਂ | ਸਾਂ |
| | | | | | | | | ਉ | ਕ | ਤਿ | s | ਸਿਆ | s | ਨ | ਪ |
| ਰੇਂ | ਰੇਂ | - | ਸਾਂ | ਸਾਂਰੇਂ | ਗਾਂਰੇਂ | ਸਾਂਨੀ | ਧਾ | ਧਾ | ਧਾ | ਪਾ | ਧਾ | ਸਾਂ | ਨੀ | ਧਾ | ਪਾ |
| ਕਿ | ਛੂ | s | ਨ | ਜਾs | ss | ਨਾs | s | ਦਿ | ਨੁ | ਰੈ | ਣਿ | ਤੇ | s | ਰਾ | s |
| ਪਾ | ਧਾ | ਪਾ | ਮਾ | ਗਾ | ਰੇ | ਗਾ | ਸਾ | | | | | | | | |
| ਨਾ | s | ਮ | s | ਵ | ਖਾ | ਨਾ | s | | | | | | | | |

**ਤਾਨਾ:-**

**੧.** ਸਾਰੇ ਮਾਪਾ ਧਾਪਾ ਮਾਪਾ ਮਾਗਾ ਰੇਸਾ ਸਾਰੇ ਗਾਸਾ

**੨.** ਮਾਪਾ ਧਾਪਾ ਸਾਂਨੀ ਧਾਪਾ ਪਾਧਾ ਪਾਮਾ ਗਾਰੇ ਗਾਸਾ

**੩.** ਸਾਰੇ ਮਾਪਾ ਧਾਪਾ ਮਾਪਾ ਸਾਂਨੀ ਧਾਪਾ ਮਾਗਾ ਰੇਸਾ

**੪.** ਸਾਰੇ ਮਾਮਾ ਰੇਮਾ ਪਾਪਾ ਮਾਪਾ ਧਾਧਾ ਪਾਧਾ ਸਾਂਸਾਂ

ਸਾਂਰੇਂ ਸਾਂਨੀ ਧਾਪਾ ਮਾਪਾ ਮਾਮਾ ਗਾਰੇ ਸਾਰੇ ਗਾਸਾ

**੫.** ਸਾਰੇ ਮਾਪਾ ਮਾਪਾ ਧਾਪਾ ਪਾਧਾ ਸਾਂਸਾਂ ਸਾਂਰੇਂ ਸਾਂਸਾਂ

ਸਾਂਰੇਂ ਗਾਂਰੇਂ ਸਾਂਨੀ ਧਾਪਾ ਮਾਗਾ ਰੇਸਾ ਸਾਰੇ ਗਾਸਾ

■

ਖ਼ਬਰਨਾਮਾ

# ਐਡ. ਹਰਜਿੰਦਰ ਸਿੰਘ ਧਾਮੀ ਨੇ ਕੇਰਲ ਦੇ ਇੱਕ ਕੇਂਦਰੀ ਵਿਦਿਆਲੇ 'ਚ ਛੋਟੇ ਸਾਹਿਬਜ਼ਾਦਿਆਂ ਦੀ ਨਕਲ ਕੀਤੇ ਜਾਣ ਦੀ ਕੀਤੀ ਨਿਖੇਧੀ

ਸ੍ਰੀ ਅੰਮ੍ਰਿਤਸਰ, ੨੬ ਦਸੰਬਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੇਰਲ ਦੇ ਪਯਾਨੁਰ ਸਥਿਤ ਕੇਂਦਰੀ ਵਿਦਿਆਲਾ ਵਿਖੇ ਕੇਂਦਰ ਸਰਕਾਰ ਦੇ ਵੀਰ ਬਾਲ ਦਿਵਸ ਪ੍ਰੋਗਰਾਮ ਤਹਿਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਦੀ ਸਰੀਰਕ ਰੂਪ ਵਿਚ ਨਕਲ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜਿਆਂ ਮੌਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੀ ਨਕਲ ਕਰਨਾ ਬਹੁਤ ਹੀ ਇਤਰਾਜ਼ਯੋਗ ਹੈ ਅਤੇ ਸਿੱਖ ਸਿਧਾਂਤਾਂ ਦੇ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਕੇਰਲ ਦੇ ਪਯਾਨੁਰਕੇਂਦਰੀ ਵਿਦਿਆਲਾ ਪ੍ਰਸ਼ਾਸਨ ਵੱਲੋਂ ਬੱਚਿਆਂ ਰਾਹੀਂ ਛੋਟੇ ਸਾਹਿਬਜ਼ਾਦਿਆਂ ਦੀ ਨਕਲ ਕਰਵਾ ਕੇ ਅਤੇ ਇਸ ਦੀਆਂ ਤਸਵੀਰਾਂ ਸੋਸ਼ਲ ਮੀਡੀਆ ਉੱਪਰ ਪਾ ਕੇ ਸਿੱਖ ਸੰਗਤ ਦੀਆਂ ਭਾਵਨਾਵਾਂ ਨੂੰ ਸੱਟ ਮਾਰੀ ਗਈ ਹੈ। ਉਨ੍ਹਾਂ ਕਿਹਾ ਕਿ ਭਾਵੇਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਘਟਨਾ ਦਾ ਇਤਰਾਜ਼ ਪ੍ਰਗਟ ਕਰਨ ਤੋਂ ਬਾਅਦ ਪਯਾਨੁਰਕੇਂਦਰੀ ਵਿਦਿਆਲਾ ਨੇ ਆਪਣੇ ਸੋਸ਼ਲ ਮੀਡੀਆ ਐਕਸ ਮੰਚ ਤੋਂ ਇਤਰਾਜ਼ਯੋਗ ਤਸਵੀਰਾਂ ਹਟਾ ਦਿੱਤੀਆਂ ਹਨ ਪਰੰਤੂ ਕੇਂਦਰ ਸਰਕਾਰ ਨੂੰ ਅਜਿਹੀਆਂ ਘਟਨਾ ਨਾ ਵਾਪਰਨ ਇਸ ਲਈ ਠੋਸ ਕਦਮ ਚੁੱਕਣ ਦੀ ਲੋੜ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਭਾਰਤ ਸਰਕਾਰ ਦੇ ਸਿੱਖਿਆ ਮੰਤਰਾਲੇ, ਸੱਭਿਆਚਾਰ ਮੰਤਰਾਲੇ, ਮਹਿਲਾ ਤੇ ਬਾਲ ਵਿਕਾਸ ਮੰਤਰਾਲੇ ਅਤੇ ਕੇਂਦਰੀ ਸੈਕੰਡਰੀ ਸਿੱਖਿਆ ਬੋਰਡ ਨੂੰ ਕਿਹਾ ਕਿ ਉਹ ਰਾਸ਼ਟਰੀ ਪੱਧਰ ਉੱਤੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਮਨਾਉਂਦੇ ਮੌਕੇ ਸਿੱਖ ਸਿਧਾਂਤਾਂ ਅਤੇ ਇਤਿਹਾਸ ਦੇ ਮੱਦੇਨਜ਼ਰ ਹੀ ਸਮਾਗਮ ਕਰਨ ਲਈ ਸਕੂਲਾਂ, ਕਾਲਜਾਂ ਅਤੇ ਵਿੱਦਿਅਕ ਅਦਾਰਿਆਂ ਨੂੰ ਆਦੇਸ਼ ਕਰਨ ਅਤੇ ਕਿਹਾ ਜਾਵੇ ਕਿ ਕਿਸੇ ਵੀ ਤਰ੍ਹਾਂ ਸਿੱਖ ਸਿਧਾਂਤਾਂ ਵਿਰੁੱਧ ਹਰਕਤ ਨਾ ਕੀਤੀ ਜਾਵੇ।

ਐਡਵੋਕੇਟ ਧਾਮੀ ਨੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਸੰਬੋਧਤ ਹੁੰਦਿਆਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਨੂੰ ਜੋ ਵੀਰ ਬਾਲ ਦਿਵਸ ਦਾ ਨਾਮ ਦਿੱਤਾ ਗਿਆ ਹੈ, ਇਹ ਸ੍ਰੀ ਅਕਾਲ ਤਖ਼ਤ

ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਪ੍ਰਮੁੱਖ ਸਿੱਖ ਸੰਸਥਾਵਾਂ ਨੇ ਪ੍ਰਵਾਨ ਨਹੀਂ ਕੀਤਾ ਹੈ। ਇਸ ਲਈ ਭਾਰਤ ਸਰਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਫਾਰਸ਼ ਕੀਤੇ ਨਾਮ 'ਸਾਹਿਬਜ਼ਾਦੇ ਸ਼ਹਾਦਤ ਦਿਵਸ' ਨੂੰ ਪ੍ਰਮਾਣਿਤ ਕਰ ਕੇ ਇਸ ਸਬੰਧੀ ਗਜ਼ਟ ਨੋਟੀਫਿਕੇਸ਼ਨ ਜਾਰੀ ਕਰੇ। ਉਨ੍ਹਾਂ ਕਿਹਾ ਕਿ ਸਿੱਖ ਸਿਧਾਂਤਾਂ ਅਨੁਸਾਰ ਸਾਹਿਬਜ਼ਾਦਿਆਂ ਨੇ ਨਿੱਕੀ ਉਮਰ ਵਿੱਚ ਵੱਡੇ ਪੂਰਨੇ ਪਾਉਂਦਿਆਂ ਬਹਾਦਰੀ ਨਾਲ ਬੇਮਿਸਾਲ ਸ਼ਹਾਦਤਾਂ ਪ੍ਰਾਪਤ ਕੀਤੀਆਂ, ਇਸ ਲਈ ਸਿੱਖ ਕੌਮ ਉਨ੍ਹਾਂ ਨੂੰ ਬਾਬਾ ਕਹਿ ਕੇ ਸਤਿਕਾਰ ਦਿੰਦੀ ਹੈ ਅਤੇ ਇਸੇ ਰੋਸ਼ਨੀ ਵਿਚ ਹੀ ਸਰਕਾਰ ਨੂੰ ਵੀ ਅੱਗੇ ਵਧਣਾ ਚਾਹੀਦਾ ਹੈ।

## ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼ੋਕ ਸਭਾ ਕਰਕੇ ਦਿੱਤੀ ਸ਼ਰਧਾਂਜਲੀ

ਸ੍ਰੀ ਅੰਮ੍ਰਿਤਸਰ, ੨੮ ਦਸੰਬਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਡਾ. ਮਨਮੋਹਨ ਸਿੰਘ ਨਮਿਤ ਸ਼ੋਕ ਸਭਾ ਕਰ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਅਤੇ ਇਸ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਅਤੇ ਇਸ ਨਾਲ ਸੰਬੰਧਿਤ ਅਦਾਰੇ ਇਕ ਦਿਨ ਲਈ ਬੰਦ ਰੱਖੇ ਗਏ। ਸ਼ੋਕ ਸਭਾ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੂਹ ਮੁਲਾਜ਼ਮਾਂ ਨੇ ਮੂਲਮੰਤਰ ਅਤੇ ਗੁਰਮੰਤਰ ਦੇ ਜਾਪ ਕਰ ਕੇ ਅਰਦਾਸ ਕੀਤੀ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਭਾਈ ਅਜਾਇਬ ਸਿੰਘ ਅਭਿਆਸੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਡਾ. ਮਨਮੋਹਨ ਸਿੰਘ ਦੀਆਂ ਦੇਸ਼ ਪ੍ਰਤੀ ਕੀਤੀਆਂ ਸੇਵਾਵਾਂ ਨੂੰ ਯਾਦ ਕੀਤਾ। ਉਨ੍ਹਾਂ ਕਿਹਾ ਕਿ ਡਾ. ਮਨਮੋਹਨ ਸਿੰਘ ਨੇ ਇਕ ਆਮ ਪਰਵਾਰ ਵਿੱਚੋਂ ਉਠ ਕੇ ਆਪਣੀ ਮਿਹਨਤ ਅਤੇ ਲਿਆਕਤ ਨਾਲ ਉੱਚ ਸਥਾਨ ਪ੍ਰਾਪਤ ਕੀਤਾ। ਉਹ ਦੇਸ਼ ਦੇ ਪਹਿਲੇ ਸਿੱਖ ਪ੍ਰਧਾਨ ਮੰਤਰੀ ਬਣੇ, ਜਿਸ ਨਾਲ ਪੰਜਾਬੀਆਂ ਅਤੇ ਖਾਸਕਰ ਸਿੱਖ ਦਸਤਾਰ ਦੀ ਪਛਾਣ ਨੂੰ ਪੂਰੀ ਦੁਨੀਆ ਵਿਚ ਉੱਭਰੀ। ਸ. ਪ੍ਰਤਾਪ ਸਿੰਘ ਨੇ ਕਿਹਾ ਕਿ ਸਿੱਖ ਕੌਮ ਨੂੰ ਡਾ. ਮਨਮੋਹਨ ਸਿੰਘ 'ਤੇ ਮਾਣ ਹੈ ਅਤੇ ਉਨ੍ਹਾਂ ਦੇ ਸਤਿਕਾਰ ਵਜੋਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਆਦੇਸ਼ਾਂ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫ਼ਤਰ ਅਤੇ ਅਦਾਰਿਆਂ 'ਚ ਇਕ ਦਿਨ ਦੀ ਛੁੱਟੀ ਕੀਤੀ ਗਈ ਹੈ।

ਸ਼ੋਕ ਸਭਾ ਮੌਕੇ ਓ.ਐਸ.ਡੀ. ਸ. ਸਤਬੀਰ ਸਿੰਘ ਧਾਮੀ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ, ਵਧੀਕ ਸਕੱਤਰ ਸ. ਪ੍ਰੀਤਪਾਲ ਸਿੰਘ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਮੀਤ ਸਕੱਤਰ ਸ. ਗੁਰਚਰਨ ਸਿੰਘ ਕੋਹਾਲਾ, ਸ. ਜਸਵਿੰਦਰ ਸਿੰਘ

ਜੱਸੀ, ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਹਰਭਜਨ ਸਿੰਘ ਵਕਤਾ, ਸੁਪ੍ਰਡੰਟ ਸ. ਨਿਸ਼ਾਨ ਸਿੰਘ, ਸ. ਮਲਕੀਤ ਸਿੰਘ ਬਹਿੜਵਾਲ, ਮੈਨੇਜਰ ਸ. ਸਤਨਾਮ ਸਿੰਘ ਰਿਆੜ ਸਮੇਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਧਰਮ ਪ੍ਰਚਾਰ ਕਮੇਟੀ ਤੇ ਸ੍ਰੀ ਦਰਬਾਰ ਸਾਹਿਬ ਦਾ ਸਮੂਹ ਸਟਾਫ਼ ਮੌਜੂਦ ਸੀ।

**ਕੇਂਦਰ ਸਰਕਾਰ ਡਾ. ਮਨਮੋਹਨ ਸਿੰਘ ਦੀ ਬਣਾਏ ਢੁਕਵੀਂ ਯਾਦਗਾਰ-ਐਡਵੋਕੇਟ ਧਾਮੀ**

ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤ ਸਰਕਾਰ ਨੂੰ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਉਨ੍ਹਾਂ ਦੇ ਪਰਵਾਰ ਦੀ ਮੰਗ ਅਨੁਸਾਰ ਢੁਕਵੀਂ ਯਾਦਗਾਰ ਬਣਾਉਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਡਾ. ਮਨਮੋਹਨ ਸਿੰਘ ਦੀ ਬਦੌਲਤ ਹੀ ਅੱਜ ਦੇਸ਼ ਸਥਿਰ ਹੈ ਅਤੇ ਉਨ੍ਹਾਂ ਦੇ ਯੋਗਦਾਨ ਨੂੰ ਮੁੱਖ ਰੱਖਦਿਆਂ ਪਰਵਾਰ ਦੀ ਭਾਵਨਾ ਅਨੁਸਾਰ ਢੁੱਕਵਾਂ ਮਾਣ-ਸਨਮਾਨ ਦੇਣਾ ਸਰਕਾਰ ਦਾ ਫ਼ਰਜ਼ ਹੈ। ਐਡਵੋਕੇਟ ਧਾਮੀ ਨੇ ਆਖਿਆ ਕਿ ਜਦੋਂ ਵਿਸ਼ਵ ਵਿੱਤੀ ਮੰਦੀ ਦੇ ਦੌਰ ਵਿੱਚੋਂ ਲੰਘ ਰਿਹਾ ਸੀ ਤਾਂ ਡਾ. ਮਨਮੋਹਨ ਸਿੰਘ ਨੇ ਆਪਣੀ ਲਿਆਕਤ ਨਾਲ ਜਿੱਥੇ ਭਾਰਤ ਦੇਸ਼ ਨੂੰ ਆਰਥਿਕ ਤੌਰ ’ਤੇ ਸਥਿਰ ਕੀਤਾ, ਉੱਥੇ ਹੀ ਪੂਰੀ ਦੁਨੀਆ ਨੂੰ ਵੀ ਮਾਰਗ-ਦਰਸ਼ਨ ਦਿੱਤਾ ਸੀ। ਅਜਿਹੀ ਸ਼ਖ਼ਸੀਅਤ ਨਾਲ ਚਲਾਣੇ ਬਾਅਦ ਉਨ੍ਹਾਂ ਦਾ ਸੰਸਕਾਰ ਰਾਜਘਾਟ ਵਿਖੇ ਨਾ ਕਰਨਾ ਨਿਰਾਦਰ ਵਾਂਗ ਹੈ। ਉਨ੍ਹਾਂ ਕਿਹਾ ਕਿ ਅਜਿਹਾ ਨਹੀਂ ਸੀ ਹੋਣਾ ਚਾਹੀਦਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੂੰ ਅਪੀਲ ਕੀਤੀ ਕਿ ਉਹ ਇਸ ਦਾ ਨੋਟਿਸ ਲੈਣ ਅਤੇ ਦੁਨੀਆ ਵਿਚ ਭਾਰਤ ਦਾ ਨਾਂ ਰੋਸ਼ਨ ਕਰਨ ਵਾਲੀ ਸਿੱਖ ਸ਼ਖ਼ਸੀਅਤ ਡਾ. ਮਨਮੋਹਨ ਸਿੰਘ ਦੇ ਸਤਿਕਾਰ ਵਜੋਂ ਉਨ੍ਹਾਂ ਦੀ ਢੁੱਕਵੀਂ ਯਾਦਗਾਰ ਉਸਾਰਨ।

## ਐਡ. ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ’ਚ ਹੋਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ

ਸ੍ਰੀ ਅੰਮ੍ਰਿਤਸਰ, ੩੧ ਦਸੰਬਰ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਬੀਤੇ ਦਿਨੀਂ ਯੂ.ਪੀ. ਅੰਦਰ ਪੰਜਾਬ ਦੇ ਤਿੰਨ ਨੌਜੁਆਨਾਂ ਨੂੰ ਮੁਕਾਬਲਾ ਬਣਾ ਕੇ ਮਾਰਨ ਦੀ ਕਰੜੀ ਨਿੰਦਾ ਕਰਦਿਆਂ ਇਸ ਸਾਰੇ ਮਾਮਲੇ ਦੀ ਨਿਆਂਇਕ ਜਾਂਚ ਮੰਗੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਹੋਈ ਇਸ ਇਕੱਤਰਤਾ ਦੌਰਾਨ ਯੂ.ਪੀ. ’ਚ ਪੁਲਿਸ ਮੁਕਾਬਲੇ ਸੰਬੰਧੀ ਇਕ ਮਤਾ ਪਾਸ ਕਰਦਿਆਂ ਇਸ

'ਤੇ ਕਰੜੇ ਸਵਾਲ ਚੁੱਕੇ ਹਨ। ਮਤੇ ਵਿਚ ਕਿਹਾ ਗਿਆ ਕਿ ਇਹ ਬੇਹੱਦ ਸੰਜੀਦਾ ਮਾਮਲਾ ਹੈ ਅਤੇ ਬਹੁਤ ਛੋਟੀ ਉਮਰ ਦੇ ਪੰਜਾਬ ਦੇ ਨੌਜੁਆਨਾਂ ਨੂੰ ਜਾਣਬੁਝ ਕੇ ਨਿਸ਼ਾਨਾ ਬਣਾਉਣ ਵਰਗੀ ਹਰਕਤ ਜਾਪਦੀ ਹੈ। ਇਸ ਦੀ ਨਿਆਂਇਕ ਜਾਂਚ ਕੀਤੀ ਜਾਣੀ ਚਾਹੀਦੀ ਹੈ, ਜਿਸ ਵਾਸਤੇ ਅੱਜ ਦੀ ਅੰਤ੍ਰਿੰਗ ਕਮੇਟੀ ਪੁਰਜ਼ੋਰ ਮੰਗ ਕਰਦੀ ਹੈ।

ਇਸ ਤੋਂ ਇਲਾਵਾ ਅੰਤ੍ਰਿੰਗ ਕਮੇਟੀ ਨੇ ਬੀਤੇ ੯ ਦਸੰਬਰ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੇ ਉਸ ਮਤੇ ਨੂੰ ਵੀ ਰੱਦ ਕਰ ਦਿੱਤਾ ਹੈ, ਜਿਸ ਵਿਚ ਸ. ਨਰਾਇਣ ਸਿੰਘ ਚੌੜਾ ਨੂੰ ਪੰਥ ਵਿੱਚੋਂ ਛੇਕਣ ਦੀ ਮੰਗ ਕੀਤੀ ਗਈ ਸੀ। ਇਸ ਦੇ ਨਾਲ ਹੀ ਇਕ ਮਤਾ ਪਾਸ ਕਰਕੇ ੧੯ ਦਸੰਬਰ ਦੀ ਅੰਤ੍ਰਿੰਗ ਕਮੇਟੀ ਇਕੱਤਰਤਾ ਵਿਚ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਸੰਬੰਧੀ ਬਣਾਈ ਗਈ ਜਾਂਚ ਕਮੇਟੀ ਦੀ ਮਿਆਦ ਵਿਚ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੀਆਂ ਚੋਣਾਂ ਦੇ ਮੱਦੇਨਜ਼ਰ ਫਿਲਹਾਲ ਇੱਕ ਮਹੀਨੇ ਦਾ ਵਾਧਾ ਕੀਤਾ ਗਿਆ ਹੈ।

ਇਸ ਮਤੇ ਰਾਹੀਂ ਇਹ ਵਚਨਬੱਧਤਾ ਵੀ ਪ੍ਰਗਟਾਈ ਗਈ ਹੈ ਕਿ ਇਸ ਮਾਮਲੇ ਦੀ ਜਾਂਚ ਬਿਲਕੁਲ ਨਿਰਪੱਖ ਹੋਵੇਗੀ। ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਚਲਾਣੇ 'ਤੇ ਵੀ ਸ਼ੋਕ ਮਤਾ ਪਾਸ ਕੀਤਾ ਗਿਆ ਅਤੇ ਮੂਲਮੰਤਰ ਤੇ ਗੁਰਮੰਤਰ ਦੇ ਜਾਪ ਕਰ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ।

ਅੰਤ੍ਰਿੰਗ ਕਮੇਟੀ ਦੀ ਇਸ ਇਕੱਤਰਤਾ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਾਲ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ, ਅੰਤ੍ਰਿੰਗ ਕਮੇਟੀ ਮੈਂਬਰ ਬੀਬੀ ਹਰਜਿੰਦਰ ਕੌਰ, ਸ. ਅਮਰੀਕ ਸਿੰਘ ਵਿਛੋਆ, ਸ. ਸੁਰਜੀਤ ਸਿੰਘ ਤੁਗਲਵਾਲ, ਸ. ਪਰਮਜੀਤ ਸਿੰਘ ਖ਼ਾਲਸਾ, ਸ. ਸੁਰਜੀਤ ਸਿੰਘ ਗੜ੍ਹੀ, ਸ. ਬਲਦੇਵ ਸਿੰਘ ਕਾਇਮਪੁਰ, ਸ. ਦਲਜੀਤ ਸਿੰਘ ਭਿੰਡਰ, ਸ. ਸੁਖਹਰਪ੍ਰੀਤ ਸਿੰਘ ਰੋਡੇ, ਸ. ਰਵਿੰਦਰ ਸਿੰਘ ਖ਼ਾਲਸਾ, ਸ. ਜਸਵੰਤ ਸਿੰਘ ਪੁੜੈਣ ਤੇ ਸ. ਪਰਮਜੀਤ ਸਿੰਘ ਰਾਏਪੁਰ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਓ.ਐਸ.ਡੀ. ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਇੰਜੀ: ਸੁਖਮਿੰਦਰ ਸਿੰਘ, ਸ. ਗੁਰਿੰਦਰ ਸਿੰਘ ਮਥਰੇਵਾਲ, ਨਿੱਜੀ ਸਕੱਤਰ ਸ. ਸ਼ਾਹਬਾਜ਼ ਸਿੰਘ, ਮੀਤ ਸਕੱਤਰ ਸ. ਗੁਰਨਾਮ ਸਿੰਘ, ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਹਰਭਜਨ ਸਿੰਘ ਵਕਤਾ, ਕਾਨੂੰਨੀ ਸਲਾਹਕਾਰ ਸ. ਅਮਨਬੀਰ ਸਿੰਘ ਸਿਆਲੀ, ਐਕਸੀਅਨ ਸ. ਜਤਿੰਦਰਪਾਲ ਸਿੰਘ ਆਦਿ ਮੌਜੂਦ ਸਨ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ ਸਬੰਧੀ ਪ੍ਰਕਾਸ਼ਿਤ ਮੁੱਢਲੀਆਂ ਸੂਚੀਆਂ ਦੋਸ਼ ਪੂਰਣ -ਐਡ. ਹਰਜਿੰਦਰ ਸਿੰਘ ਧਾਮੀ

ਸ੍ਰੀ ਅੰਮ੍ਰਿਤਸਰ, ੧੦ ਜਨਵਰੀ- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਗੁਰਦੁਆਰਾ ਚੋਣ ਕਮਿਸ਼ਨਰ ਜਸਟਿਸ ਐੱਸ. ਐੱਸ. ਸਾਰੋਂ ਨੂੰ ਪੱਤਰ ਲਿਖ ਕੇ ਕਮਿਸ਼ਨ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਸਬੰਧੀ ਪ੍ਰਕਾਸ਼ਿਤ ਮੁੱਢਲੀ ਸੂਚੀਆਂ ਦੇ ਸੰਬੰਧ ਵਿਚ ਇਤਰਾਜ਼ ਦਰਜ ਕਰਵਾਏ ਹਨ। ਉਨ੍ਹਾਂ ਕਿਹਾ ਕਿ ਪ੍ਰਕਾਸ਼ਿਤ ਕੀਤੀ ਗਈਆਂ ਸੂਚੀਆਂ ਵਿੱਚ ਕਈ ਗ਼ੈਰ-ਸਿੱਖਾਂ ਦੇ ਨਾਮ ਸਾਹਮਣੇ ਆ ਰਹੇ ਹਨ, ਜਿਨ੍ਹਾਂ ਦੇ ਨਾਵਾਂ ਨਾਲ ਸਿੰਘ ਅਤੇ ਕੌਰ ਵੀ ਸ਼ਾਮਲ ਨਹੀਂ ਹੈ। ਇਸ ਤੋਂ ਇਲਾਵਾ ਸੂਚੀਆਂ ਵਿਚ ਵੋਟਰਾਂ ਦੀ ਸ਼ਨਾਖਤ ਲਈ ਪਛਾਣ ਦਰਸਾਉਂਦੀਆਂ ਫੋਟੋਆਂ ਵੀ ਸ਼ਾਮਲ ਨਹੀਂ ਕੀਤੀਆਂ ਗਈਆਂ। ਪ੍ਰਕਾਸ਼ਿਤ ਕੀਤੀਆਂ ਸੂਚੀਆਂ ਹਾਸਲ ਕਰਨ ਵਿੱਚ ਵੀ ਸਿੱਖ ਸੰਗਤ ਨੂੰ ਵੱਡੀਆਂ ਪਰੇਸ਼ਾਨੀਆਂ ਆ ਰਹੀਆਂ ਹਨ।

ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਚੱਲ ਰਹੀ ਪ੍ਰਕਿਰਿਆ ਤਹਿਤ ਸਹੀ ਤਰੀਕੇ ਨਾਲ ਇਤਰਾਜ਼ ਦਰਜ ਕਰਵਾਉਣੇ ਸੰਭਵ ਨਹੀਂ ਹਨ ਅਤੇ ਇਸ ਸਭ ਤੋਂ ਪੰਜਾਬ ਸਰਕਾਰ ਦੀ ਮਨਮਰਜ਼ੀ ਸਪੱਸ਼ਟ ਹੋ ਰਹੀ ਹੈ, ਜਿਸ ਸੰਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਹਿਲਾਂ ਹੀ ਖ਼ਦਸ਼ੇ ਪ੍ਰਗਟ ਕਰ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇੰਝ ਜਾਪਦਾ ਹੈ ਕਿ ਬਿਨਾਂ ਫੋਟੋਆਂ ਵਾਲੀਆਂ ਸੂਚੀਆਂ ਵੋਟਰਾਂ ਵੱਲੋਂ ਫੋਟੋ ਸਮੇਤ ਜਮ੍ਹਾਂ ਕਰਵਾਏ ਗਏ ਫਾਰਮਾਂ ਦੀ ਥਾਂ ਬੂਥ ਪੱਧਰ ਉੱਤੇ ਤਾਇਨਾਤ ਬੀ.ਐੱਲ.ਓ. ਵੱਲੋਂ ਵਿਧਾਨ ਸਭਾ ਤੇ ਲੋਕ ਸਭਾ ਚੋਣਾਂ ਸੰਬੰਧੀ ਸੂਚੀਆਂ ਵਿੱਚੋਂ ਚੁੱਕ ਕੇ ਤਿਆਰ ਕੀਤੀਆਂ ਗਈਆਂ ਹੋਣ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਬਿਹਤਰ ਪ੍ਰਬੰਧਕੀ ਵਿਵਸਥਾ ਲਈ ਇਹ ਜ਼ਰੂਰੀ ਹੈ ਕਿ ਇਸ ਸੰਸਥਾ ਦੇ ਮੈਂਬਰ ਚੁਣਨ ਲਈ ਵੋਟਰ ਵੀ ਨਿਯਮਾਂ ਅਨੁਸਾਰ ਯੋਗ ਤਰੀਕੇ ਨਾਲ ਹੀ ਰਜਿਸਟਰ ਕੀਤੇ ਜਾਣ।

ਲਿਖੇ ਪੱਤਰ ਵਿਚ ਐਡਵੋਕੇਟ ਧਾਮੀ ਨੇ ਮੁੱਖ ਕਮਿਸ਼ਨਰ ਗੁਰਦੁਆਰਾ ਚੋਣਾਂ ਪਾਸੋਂ ਮੰਗ ਕੀਤੀ ਹੈ ਕਿ ਵੋਟਰ ਸੂਚੀਆਂ ਦੀ ਆਨਲਾਈਨ ਅਤੇ ਬਣਾਏ ਗਏ ਕੇਂਦਰਾਂ ਉੱਤੇ ਉਪਲੱਬਧਤਾ ਯਕੀਨੀ ਬਣਾਈ ਜਾਵੇ। ਗੁਰਦੁਆਰਾ ਚੋਣ ਕਮਿਸ਼ਨ ਵੱਲੋਂ ਵੋਟਰ ਰਜਿਸਟ੍ਰੇਸ਼ਨ ਪ੍ਰਕਿਰਿਆ ਸਮੇਂ ਫ਼ੋਟੋਆਂ ਸਮੇਤ ਫਾਰਮ ਜਮ੍ਹਾਂ ਕਰਵਾਉਣ ਦੀਆਂ ਹਦਾਇਤਾਂ ਦੇ ਮੱਦੇਨਜ਼ਰ ਸੂਚੀਆਂ ਵੋਟਰਾਂ ਦੀਆਂ ਫ਼ੋਟੋਆਂ ਸਮੇਤ ਪ੍ਰਕਾਸ਼ਿਤ ਕੀਤੀਆਂ ਜਾਣ, ਤਾਂ ਤੋ ਪਤਾ ਲੱਗ ਸਕੇ ਕਿ ਵੋਟਰ ਬਣਨ ਵਾਲਾ ਵਿਅਕਤੀ ਸਾਬਤ ਸੂਰਤ/ ਕੇਸਾਧਾਰੀ ਸਿੱਖ ਹੈ। ਉਨ੍ਹਾਂ ਗ਼ੈਰ-ਸਿੱਖਾਂ ਦੇ ਸ਼ਾਮਲ ਨਾਮ ਖਾਰਜ ਕਰਨ ਦੇ ਆਦੇਸ਼ ਜਾਰੀ ਕਰਨ ਦੀ ਵੀ ਮੰਗ ਕੀਤੀ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ 'ਚ ਨਹੀਂ ਚੱਲਣ ਦਿੱਤੀ ਕੰਗਨਾ ਰਣੌਤ ਦੀ 'ਐਮਰਜੈਂਸੀ' ਫ਼ਿਲਮ

ਸ੍ਰੀ ਅੰਮ੍ਰਿਤਸਰ, ੧੭ ਜਨਵਰੀ- ਕੰਗਨਾ ਰਣੌਤ ਵੱਲੋਂ ਬਣਾਈ ਗਈ 'ਐਮਰਜੈਂਸੀ' ਫ਼ਿਲਮ ਦੀ ਰਲੀਜ਼ ਨੂੰ ਰੋਕਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪੰਜਾਬ ਭਰ ਅੰਦਰ ਸਿਨੇਮਾ ਘਰਾਂ ਦੇ ਬਾਹਰ ਜ਼ੋਰਦਾਰ ਪ੍ਰਦਰਸ਼ਨ ਕੀਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰੋਸ ਨੂੰ ਦੇਖਦਿਆਂ ਸਿਨੇਮਾ ਪ੍ਰਬੰਧਕਾਂ ਨੇ ਫ਼ਿਲਮ ਐਮਰਜੈਂਸੀ ਨੂੰ ਨਾ ਚਲਾਉਣ ਦਾ ਫੈਸਲਾ ਕੀਤਾ, ਜਿਸ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਦਰਸ਼ਨ ਸਮਾਪਤ ਕੀਤੇ ਗਏ। ਸ੍ਰੀ ਅੰਮ੍ਰਿਤਸਰ ਵਿਖੇ ਫ਼ਿਲਮ ਦੇ ਵਿਰੋਧ ਵਿਚ ਪੀ.ਵੀ.ਆਰ. ਸਿਨੇਮਾ (ਸੂਰਜ, ਚੰਦਾ, ਤਾਰਾ), ਟ੍ਰਿਲੀਅਮ ਮਾਲ ਅਤੇ ਅਲਫਾ ਵਨ ਮਾਲ (ਨੈਕਸਸ ਅੰਮ੍ਰਿਤਸਰ) ਵਿਖੇ ਪ੍ਰਦਰਸ਼ਨ ਕੀਤੇ ਗਏ, ਜਿਸ ਦੀ ਅਗਵਾਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਭਾਈ ਅਜਾਇਬ ਸਿੰਘ ਅਭਿਆਸੀ ਅਤੇ ਸਕੱਤਰ ਸ. ਪ੍ਰਤਾਪ ਸਿੰਘ ਨੇ ਕੀਤੀ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਕਿਹਾ ਕਿ ਕੰਗਨਾ ਰਣੌਤ ਵੱਲੋਂ ਬਣਾਈ ਗਈ 'ਐਮਰਜੈਂਸੀ' ਫ਼ਿਲਮ ਵਿਚ ਸਿੱਖ ਕਿਰਦਾਰਾਂ ਨੂੰ ਗ਼ਲਤ ਤਰੀਕੇ ਨਾਲ ਪੇਸ਼ ਕੀਤਾ ਗਿਆ ਹੈ, ਜਿਸ ਸੰਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਹਿਲਾਂ ਹੀ ਇਤਰਾਜ਼ ਦਰਜ ਕਰਵਾਏ ਜਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਵੀ ਹੁਣ ਤੀਕ ਫ਼ਿਲਮ ਦੀ ਰੋਕ ਲਈ ਕੋਈ ਕਦਮ ਨਹੀਂ ਉਠਾਇਆ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰੋਸ ਮਗਰੋਂ ਸਿਨੇਮਾ ਪ੍ਰਬੰਧਕਾਂ ਵੱਲੋਂ ਫ਼ਿਲਮ ਨਾ ਚਲਾਉਣ ਦੇ ਫੈਸਲੇ ਦਾ ਸਵਾਗਤ ਕੀਤਾ। ਸ. ਮੰਨਣ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਫ਼ਿਲਮ ਨੂੰ ਪੰਜਾਬ ਅੰਦਰ ਕਿਸੇ ਵੀ ਕੀਮਤ 'ਤੇ ਨਹੀਂ ਚੱਲਣ ਦੇਵੇਗੀ। ਜੇਕਰ ਕਿਸੇ ਨੇ ਫ਼ਿਲਮ ਚਲਾਉਣ ਦੀ ਕੋਸ਼ਿਸ ਕੀਤੀ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੁੜ ਪ੍ਰਦਰਸ਼ਨ ਕਰੇਗੀ। ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਤੇ ਭਾਈ ਅਜਾਇਬ ਸਿੰਘ ਅਭਿਆਸੀ ਨੇ ਕਿਹਾ ਕਿ ਕੋਈ ਵੀ ਸਿੱਖ ਵਿਰੋਧੀ ਹਰਕਤ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਸਰਕਾਰਾਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਹਰ ਧਰਮ ਦੇ

ਹਿੱਤਾਂ ਅਤੇ ਭਾਵਨਾਵਾਂ ਦਾ ਸਨਮਾਨ ਕੀਤਾ ਜਾਵੇ।

ਸਕੱਤਰ ਸ. ਪ੍ਰਤਾਪ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੁੱਖ ਮੰਤਰੀ ਨੂੰ ਪੱਤਰ ਲਿਖ ਕੇ ਪੰਜਾਬ ਅੰਦਰ ਇਸ ਫ਼ਿਲਮ ’ਤੇ ਰੋਕ ਲਗਾਉਣ ਲਈ ਕਿਹਾ ਸੀ, ਪਰ ਤ੍ਰਾਸਦੀ ਇਹ ਹੈ ਕਿ ਪੰਜਾਬ ਦੀ ਆਪ ਸਰਕਾਰ ਸਿੱਖ ਮਸਲਿਆਂ ਨੂੰ ਜਾਣਬੁਝ ਕੇ ਅਣਗੌਲਿਆਂ ਕਰ ਰਹੀ ਹੈ। ਇਹ ਸੂਬੇ ਦੇ ਹਿੱਤ ਵਿਚ ਨਹੀਂ ਹੈ।

ਸ੍ਰੀ ਅੰਮ੍ਰਿਤਸਰ ਵਿਖੇ ਪ੍ਰਦਰਸ਼ਨ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ, ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਭਾਈ ਅਜਾਇਬ ਸਿੰਘ ਅਭਿਆਸੀ, ਓ.ਐਸ.ਡੀ. ਸ. ਸਤਬੀਰ ਸਿੰਘ ਧਾਮੀ, ਸਕੱਤਰ ਸ. ਪ੍ਰਤਾਪ ਸਿੰਘ, ਵਧੀਕ ਸਕੱਤਰ ਸ. ਗੁਰਿੰਦਰ ਸਿੰਘ ਮਥਰੇਵਾਲ, ਸ. ਬਿਜੈ ਸਿੰਘ, ਸ. ਤਜਿੰਦਰ ਸਿੰਘ ਪੱਡਾ, ਸ. ਪ੍ਰੀਤਪਾਲ ਸਿੰਘ, ਨਿੱਜੀ ਸਕੱਤਰ ਸ. ਸ਼ਾਹਬਾਜ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਸ. ਜਸਵਿੰਦਰ ਸਿੰਘ ਜੱਸੀ, ਪ੍ਰੋ. ਸੁਖਦੇਵ ਸਿੰਘ, ਸ. ਗੁਰਚਰਨ ਸਿੰਘ ਕੋਹਾਲਾ, ਸ. ਗੁਰਨਾਮ ਸਿੰਘ, ਸ. ਬਲਵਿੰਦਰ ਸਿੰਘ ਖੈਰਾਬਾਦ, ਸ. ਮਨਜੀਤ ਸਿੰਘ ਤਲਵੰਡੀ, ਸ. ਹਰਭਜਨ ਸਿੰਘ ਵਕਤਾ, ਸ. ਸੁਖਬੀਰ ਸਿੰਘ, ਸੁਪ੍ਰਿੰਟੈਂਡੈਂਟ ਸ. ਨਿਸ਼ਾਨ ਸਿੰਘ, ਸ. ਮਲਕੀਤ ਸਿੰਘ ਬਹਿੜਵਾਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਧਰਮ ਪ੍ਰਚਾਰ ਕਮੇਟੀ ਤੇ ਸ੍ਰੀ ਦਰਬਾਰ ਸਾਹਿਬ ਦਾ ਸਟਾਫ਼ ਮੌਜੂਦ ਸੀ। ■


**ਲਿਟਰੇਚਰ ਵਿਭਾਗ**

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਲਿਟਰੇਚਰ ਵਿਭਾਗ ਬਣਾਇਆ ਹੋਇਆ ਹੈ। ਜਿਸ ਵਿਚ ਸਿੱਖ ਧਰਮ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਵੱਖ-ਵੱਖ ਵਿਸ਼ਿਆਂ ’ਤੇ ਖੋਜ ਭਰਪੂਰ ਪੁਸਤਕਾਂ ਅਤੇ ਭੇਟਾ ਰਹਿਤ ਕਿਤਾਬਚੇ ਸੰਗਤ ਲਈ ਤਿਆਰ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਸਿੱਖ ਇਤਿਹਾਸ ਨਾਲ ਸੰਬੰਧਿਤ ਪੁਸਤਕ ਪ੍ਰਦਰਸ਼ਨੀਆਂ ਲਗਾਉਣ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ। ਸੰਗਤ ਦੀ ਮੰਗ ’ਤੇ ਇਸ ਵਿਭਾਗ ਵੱਲੋਂ ਪੁਸਤਕ ਪ੍ਰਦਰਸ਼ਨੀ ਵਾਲੀਆਂ ਗੱਡੀਆਂ ਵੀ ਥਾਂ ਪੁਰ ਥਾਂ ਭੇਜੀਆਂ ਜਾਂਦੀਆਂ ਹਨ। ਹਰ ਸਾਲ ਦਾ ਨਾਨਕਸ਼ਾਹੀ ਕੈਲੰਡਰ ਅਤੇ ਡਾਇਰੀ ਵੀ ਇਸ ਵਿਭਾਗ ਪਾਸੋਂ ਪ੍ਰਾਪਤ ਕੀਤੀ ਜਾ ਸਕਦੀ ਹੈ।



ਜੈਤੋ ਦੇ ਮੋਰਚੇ ਦਾ ਦ੍ਰਿਸ਼

Registered with Registrar of Newspaper at No. 354/57

Postal Regd.No.L-I/PB-ASR/007/2025-2027 Without Pre-payment of Postage under License no. PB/0370/2025-2027

# GURMAT PARKASH February 2025

Dharam Parchar Committee, Shiromani Gurdwara Parbandhak Committee, Sri Amritsar Sahib



ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ,
ਸ੍ਰੀ ਕੀਰਤਪੁਰ ਸਾਹਿਬ

Owner : Shiromani Gurdwara Parbandhak Committee. Publisher & Printer : S. Manjit Singh. Printed at Golden Offset Press, Gurdwara Sri Ramsar Sahib, Sri Amritsar. Published from SGPC office, Teja Singh Samundri Hall, Sri Amritsar. Editor : Satwinder Singh

Date: 2-2-2025